Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ

ਯੂ. ਐੱਸ. ਏ.
Chief Editor: Gurjatinder Singh Randhawa
Punjab Mail USA

FOR SALE & PURCHASE OF ANY KIND OF PROPERTY


Gurjatinder S. Randhawa
REALTOR CA DRE licence # 01490567
916-320-9444

Vol. 19, Issue- 895, 26 Feb. to 04 Mar., 2026, Ph: 916-320-9444, E-mail: punjabmailusa@yahoo.com, Web: punjabmailusa.com

### ਅਮਰੀਕਾ ਵੀਜ਼ਾ ਬੁਲੇਟਿਨ

## ਪਰਿਵਾਰਕ ਵੀਜ਼ਾ ਬੁਲੇਟਿਨ ’ਚ ਪਿਛਲੇ 6 ਮਹੀਨਿਆਂ ਤੋਂ ਨਹੀਂ ਹੋ ਰਹੀ ਹਿਲਜੁੱਲ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਯੂ.ਐੱਸ. ਡਿਪਾਰਟਮੈਂਟ ਆਫ ਸਟੇਟ ਵੱਲੋਂ ਮਾਰਚ 2026 ਦਾ ਵੀਜ਼ਾ ਬੁਲੇਟਿਨ ਜਾਰੀ ਕਰ ਦਿੱਤਾ ਗਿਆ ਹੈ। ਅਮਰੀਕਾ ਦੇ ਪਰਿਵਾਰਕ ਵੀਜ਼ਿਆਂ ’ਚ ਪਿਛਲੇ 6 ਮਹੀਨਿਆਂ ਤੋਂ ਕੋਈ ਹਿਲਜੁੱਲ ਦੇਖਣ ਨੂੰ ਨਹੀਂ ਮਿਲੀ ਹੈ, ਜਿਸ ਕਰਕੇ ਜਿਨ੍ਹਾਂ ਪਰਿਵਾਰਾਂ ਨੇ ਆਪਣੇ ਰਿਸ਼ਤੇਦਾਰਾਂ ਨੂੰ ਸਪਾਂਸਰ ਕੀਤਾ ਹੈ, ਉਨ੍ਹਾਂ ਵਿਚ ਕਾਫੀ ਨਿਰਾਸ਼ਾ ਪਾਈ ਜਾ ਰਹੀ ਹੈ।

ਯੂ.ਐੱਸ. ਡਿਪਾਰਟਮੈਂਟ ਆਫ ਸਟੇਟ ਵੱਲੋਂ ਮਾਰਚ 2026 ਦੇ ਜਾਰੀ ਕੀਤੇ ਵੀਜ਼ਾ ਬੁਲੇਟਿਨ ਵਿਚ ਵੀ ਅਜਿਹਾ ਹੀ ਦੇਖਣ ਨੂੰ ਮਿਲ ਰਿਹਾ ਹੈ। ਕਿਸੇ ਵੀ ਕੈਟਾਗਰੀ ’ਚ ਕੋਈ ਵੀ ਹਿੱਲਜੁੱਲ ਦੇਖਣ ਨੂੰ ਨਹੀਂ ਮਿਲੀ।

ਜਿੱਥੇ ਅਮਰੀਕਾ ਨੇ ਗੈਰ ਕਾਨੂੰਨੀ ਲੋਕਾਂ ਦਾ ਬਾਰਡਰ ਤੋਂ ਲਾਂਘਾ ਬੰਦ ਕਰ ਦਿੱਤਾ ਹੈ, ਉਥੇ ਹੁਣ ਕਾਨੂੰਨੀ ਤੌਰ ’ਤੇ ਆ ਰਹੇ ਪ੍ਰਵਾਸੀਆਂ ਨੂੰ ਵੀ ਰੋਕਿਆ ਜਾਣ ਲੱਗ ਪਿਆ ਹੈ। ਮਾਰਚ 2026 ਦਾ ਵੀਜ਼ਾ ਬੁਲੇਟਿਨ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਕਿਸੇ ਵੀ ਕੈਟਾਗਰੀ ਵਿਚ




ਕੋਈ ਵੀ ਹਿੱਲਜੁੱਲ ਨਹੀਂ ਹੋਈ।

ਫਾਈਨਲ ਐਕਸ਼ਨ ਡੇਟ ਵਿਚ F-1 ਕੈਟਾਗਰੀ ’ਚ ਆਉਂਦੇ ਅਮਰੀਕਨ ਸਿਟੀਜ਼ਨ ਦੇ 21 ਸਾਲ ਤੋਂ ਘੱਟ ਉਮਰ ਦੇ ਅਣਵਿਆਹੇ ਬੱਚੇ, ਉਨ੍ਹਾਂ ਦੀ ਸਮਾਂ ਸੂਚੀ 8 ਨਵੰਬਰ, 2016 ਚੱਲ ਰਹੀ ਹੈ। ਗਰੀਨ ਕਾਰਡ ਹੋਲਡਰ ਪਤੀ-ਪਤਨੀ ਦੇ 21 ਸਾਲ ਤੋਂ ਘੱਟ ਬੱਚੇ, ਜਿਹੜੇ ਕਿ F-2A ਕੈਟਾਗਰੀ ’ਚ ਆਉਂਦੇ ਹਨ, ਉਨ੍ਹਾਂ ਦੀ ਤਰੀਕ 1 ਫਰਵਰੀ, 2024 ਹੈ।

ਗਰੀਨ ਕਾਰਡ ਹੋਲਡਰ ਵੱਲੋਂ ਅਪਲਾਈ ਕੀਤੇ 21 ਸਾਲ ਤੋਂ ਵੱਧ ਉਮਰ ਦੇ ਬੱਚੇ, ਜੋ ਕਿ F-2B ਕੈਟਾਗਰੀ ਨਾਲ ਸੰਬੰਧਤ ਹਨ, ਅਰਜ਼ੀਕਾਰਾਂ ਦੀ ਉਡੀਕ ਮਿਤੀ ਇਸ ਵੇਲੇ 1 ਦਸੰਬਰ, 2016 ਹੈ। ਯੂ.ਐੱਸ. ਸਿਟੀਜ਼ਨ ਦੇ ਵਿਆਹੇ ਹੋਏ ਬੱਚੇ ਤੇ ਉਨ੍ਹਾਂ ਦੇ ਅੱਗਿਓਂ ਛੋਟੇ ਬੱਚੇ ਯਾਨੀ ਕਿ F-3 ਕੈਟਾਗਰੀ ਲਈ ਜਿਨ੍ਹਾਂ ਨੇ ਅਪਲਾਈ ਕੀਤਾ ਹੈ, ਉਨ੍ਹਾਂ ਦੀ ਤਰੀਕ 8 ਸਤੰਬਰ, 2011 ਚੱਲ ਰਹੀ ਹੈ। ਅਮਰੀਕਾ ਦੇ ਜਿਹੜੇ ਸਿਟੀਜ਼ਨ ਨਾਗਰਿਕਾਂ ਵੱਲੋਂ ਭਾਰਤ ’ਚ ਰਹਿ ਰਹੇ ਆਪਣੇ ਭੈਣਾਂ-ਭਰਾਵਾਂ ਨੂੰ F-4 ਕੈਟਾਗਰੀ ਲਈ ਅਪਲਾਈ ਕੀਤਾ ਹੈ, ਅਤੇ ਭੈਣ-ਭਰਾਵਾਂ ਅਤੇ ਉਨ੍ਹਾਂ ਦੇ ਬੱਚੇ ਜਿਹੜੇ 21 ਸਾਲ ਤੋਂ ਘੱਟ ਹਨ, ਉਨ੍ਹਾਂ ਲਈ ਤਰੀਕ 1 ਨਵੰਬਰ, 2006 ਚੱਲ ਰਹੀ ਹੈ।

ਪਰਿਵਾਰਕ ਸਪਾਂਸਰਡ ਵੀਜ਼ਾ ਅਰਜ਼ੀਆਂ ਭਰਨ ਦੀਆਂ ਤਾਰੀਖਾਂ ਲਈ ਮਾਰਚ ਵੀਜ਼ਾ ਬੁਲੇਟਿਨ ਦੀਆਂ ਤਰੀਕਾਂ ਇਸ ਤਰ੍ਹਾਂ ਹਨ :

F-1 ਕੈਟਾਗਰੀ ਲਈ 1 ਸਤੰਬਰ 2017, F-2A ਕੈਟਾਗਰੀ ਲਈ 22 ਫਰਵਰੀ 2026, F-2B ਕੈਟਾਗਰੀ ਲਈ 15 ਮਾਰਚ, 2017, F-3 ਕੈਟਾਗਰੀ ਲਈ 22 ਜੁਲਾਈ, 2012 ਅਤੇ F-4 ਕੈਟਾਗਰੀ ਲਈ 15 ਦਸੰਬਰ, 2006 ਵਾਲਿਆਂ ਕੋਲੋਂ ਸਪੋਰਟਿੰਗ ਪੇਪਰ ਮੰਗਵਾਏ ਜਾ ਰਹੇ ਹਨ।

## ਅਮਰੀਕੀ ਅਦਾਲਤ ਵੱਲੋਂ ਟਰੰਪ ਦਸਤਾਵੇਜ਼ ਮਾਮਲੇ ਦੀ ਜਾਂਚ ਰਿਪੋਰਟ ਜਾਰੀ ਕਰਨ ’ਤੇ ਸਥਾਈ ਰੋਕ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਇੱਕ ਅਮਰੀਕੀ ਅਦਾਲਤ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਸਬੰਧਤ ਵਰਗੀਕ੍ਰਿਤ ਦਸਤਾਵੇਜ਼ ਘੁਟਾਲੇ ਦੀ ਜਾਂਚ ਰਿਪੋਰਟ ਦੇ ਜਾਰੀ ਹੋਣ ’ਤੇ ਸਥਾਈ ਤੌਰ ’ਤੇ ਰੋਕ ਲਗਾ ਦਿੱਤੀ। ਫਲੋਰੀਡਾ ਯੂ.ਐੱਸ. ਜ਼ਿਲ੍ਹਾ ਜੱਜ ਆਈਲੀਨ ਕੈਨਨ ਨੇ ਇਹ ਫੈਸਲਾ ਸੁਣਾਇਆ। ਉਨ੍ਹਾਂ ਦਾ ਕਹਿਣਾ ਹੈ ਕਿ ਰਿਪੋਰਟ ਨੂੰ ਜਨਤਕ ਕਰਨਾ ਟਰੰਪ ਅਤੇ ਉਨ੍ਹਾਂ ਦੇ ਦੋ ਸਾਬਕਾ ਸਹਿਯੋਗੀਆਂ ਨਾਲ “ਸਪੱਸ਼ਟ ਬੇਇਨਸਾਫ਼ੀ” ਹੋਵੇਗੀ, ਕਿਉਂਕਿ ਇਹ ਮਾਮਲਾ ਕਦੇ ਵੀ ਜਿਊਰੀ ਤੱਕ ਨਹੀਂ ਪਹੁੰਚਿਆ ਅਤੇ ਕਿਸੇ ਨੂੰ ਵੀ ਦੋਸ਼ੀ ਨਹੀਂ ਠਹਿਰਾਇਆ ਗਿਆ।

ਡੋਨਾਲਡ ਟਰੰਪ ’ਤੇ ਆਪਣੇ ਪਹਿਲੇ ਕਾਰਜਕਾਲ ਤੋਂ ਬਾਅਦ ਆਪਣੇ ਮਾਰ-ਏ-ਲਾਗੋ ਕਲੱਬ ਵਿਚ ਗੈਰ-ਕਾਨੂੰਨੀ ਤੌਰ ’ਤੇ ਵਰਗੀਕ੍ਰਿਤ ਅਮਰੀਕੀ ਰਾਸ਼ਟਰੀ ਸੁਰੱਖਿਆ ਦਸਤਾਵੇਜ਼ਾਂ ਨੂੰ ਸਟੋਰ ਕਰਨ ਦਾ ਦੋਸ਼ ਲਗਾਇਆ ਗਿਆ ਸੀ, ਜਿਨ੍ਹਾਂ ਵਿਚ ਪ੍ਰਮਾਣੂ ਪ੍ਰੋਗਰਾਮ ਨਾਲ ਸਬੰਧਤ ਦਸਤਾਵੇਜ਼ ਵੀ ਸ਼ਾਮਲ ਸਨ। ਉਸ ’ਤੇ ਸਰਕਾਰੀ ਏਜੰਸੀਆਂ ਨੂੰ ਇਹ



ਦਸਤਾਵੇਜ਼ ਪ੍ਰਾਪਤ ਕਰਨ ਤੋਂ ਰੋਕਣ ਦਾ ਵੀ ਦੋਸ਼ ਸੀ। ਇਸ ਮਾਮਲੇ ਦੀ ਜਾਂਚ ਵਿਸ਼ੇਸ਼ ਵਕੀਲ ਜੈਕ ਸਮਿਥ ਦੁਆਰਾ ਕੀਤੀ ਜਾ ਰਹੀ ਸੀ। ਹਾਲਾਂਕਿ, ਜੱਜ ਕੈਨਨ ਨੇ 2024 ਵਿਚ ਸਾਰੇ ਦੋਸ਼ਾਂ ਨੂੰ ਖਾਰਜ ਕਰ ਦਿੱਤਾ।

ਉਨ੍ਹਾਂ ਕਿਹਾ ਕਿ ਜੈਕ ਸਮਿਥ ਦੀ ਨਿਯੁਕਤੀ ਕਾਨੂੰਨ ਅਨੁਸਾਰ ਸਹੀ ਢੰਗ ਨਾਲ ਨਹੀਂ ਕੀਤੀ ਗਈ ਸੀ।

ਜੱਜ ਕੈਨਨ ਨੇ ਆਪਣੇ ਫੈਸਲੇ ਵਿਚ ਲਿਖਿਆ ਕਿ ਜਦੋਂ ਕਿਸੇ ਮਾਮਲੇ ਵਿਚ ਦੋਸ਼ ਸਾਬਤ ਨਹੀਂ ਹੋਇਆ ਹੈ, ਤਾਂ ਅਜਿਹੀ ਰਿਪੋਰਟ ਜਾਰੀ ਕਰਨਾ ਨਿਆਂ ਅਤੇ ਨਿਰਪੱਖਤਾ ਦੇ ਸਿਧਾਂਤਾਂ ਦੇ ਵਿਰੁੱਧ ਹੋਵੇਗਾ। ਇਸ ਹੁਕਮ ਤੋਂ ਬਾਅਦ, ਟਰੰਪ ਵਿਰੁੱਧ ਲੰਬਿਤ ਚਾਰ ਅਪਰਾਧਿਕ ਮਾਮਲਿਆਂ ਵਿਚੋਂ ਇੱਕ ਨਾਲ ਸਬੰਧਤ ਮਹੱਤਵਪੂਰਨ ਜਾਣਕਾਰੀ ਹੁਣ ਜਨਤਕ ਨਹੀਂ ਕੀਤੀ ਜਾਵੇਗੀ।

ਟਰੰਪ ਦੇ ਵਕੀਲ, ਕੇਂਡਰਾ ਵਾਰਟਨ ਨੇ ਇਸ ਫੈਸਲੇ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਇਸ ਜਾਂਚ ਨਾਲ ਸਬੰਧਤ ਕੋਈ ਵੀ ਸਮੱਗਰੀ ਜਨਤਕ ਨਹੀਂ ਕੀਤੀ ਜਾਣੀ ਚਾਹੀਦੀ। ਇਸ ਦੇ ਨਾਲ ਹੀ, ‘ਅਮੈਰੀਕਨ ਓਵਰਸਾਈਟ’ ਨਾਮਕ ਇੱਕ ਨਿਗਰਾਨੀ ਸੰਸਥਾ ਨੇ ਇਸ ਫੈਸਲੇ ਦੀ ਆਲੋਚਨਾ ਕੀਤੀ ਅਤੇ ਕਿਹਾ ਕਿ ਇਸ ਨਾਲ ਪਾਰਦਰਸ਼ਤਾ ਘੱਟ ਜਾਵੇਗੀ ਅਤੇ ਜਨਤਾ ਨੂੰ ਸੱਚਾਈ ਜਾਣਨ ਦਾ ਅਧਿਕਾਰ ਨਹੀਂ ਮਿਲੇਗਾ। ਇਹ ਧਿਆਨ ਦੇਣ ਯੋਗ ਹੈ ਕਿ 2024 ਦੀਆਂ ਚੋਣਾਂ ਜਿੱਤਣ ਤੋਂ ਬਾਅਦ, ਟਰੰਪ ਦੇ ਦੋ ਸਹਿ-ਮੁਦਾਲਿਆਂ, ਵਾਲਟ ਨੌਟਾ ਅਤੇ ਕਾਰਲੋਸ ਡੀ ਓਲੀਵੀਰਾ ਵਿਰੁੱਧ ਕੇਸ ਵੀ ਵਾਪਸ ਲੈ ਲਏ ਗਏ ਸਨ। ਜੱਜ ਕੈਨਨ ਨੇ ਆਪਣੇ ਤਾਜ਼ਾ ਹੁਕਮ ਵਿਚ ਇਹ ਵੀ ਕਿਹਾ ਕਿ ਰਿਪੋਰਟ ਜਾਰੀ ਕਰਨ ਨਾਲ ਗ੍ਰੈਂਡ ਜਿਊਰੀ ਕੋਲ ਰੱਖੀ ਗਈ ਗੁਪਤ ਜਾਣਕਾਰੀ ਦਾ ਖੁਲਾਸਾ ਹੋ ਸਕਦਾ ਹੈ, ਜੋ ਕਿ ਕਾਨੂੰਨ ਦੇ ਵਿਰੁੱਧ ਹੈ।

## ਏ.ਐੱਸ.ਆਈ. ਅਤੇ ਹੋਮਗਾਰਡ ਕਤਲ ਮਾਮਲਾ: ਪੁਲਿਸ ਵੱਲੋਂ ਇੱਕ ਦੋਸ਼ੀ ਦਾ ਐਨਕਾਊਂਟਰ

**ਗੁਰਦਾਸਪੁਰ, (ਪੰਜਾਬ ਮੇਲ)-** ਗੁਰਦਾਸਪੁਰ ਦੇ ਸਰਹੱਦੀ ਪਿੰਡ ਆਦੀਆਂ ਸਥਿਤ ਪੁਲਿਸ ਚੌਕੀ ਵਿਚ ਹੋਏ ਦੋਹਰੇ ਕਤਲ ਕਾਂਡ ਦੀ ਗੁੱਥੀ ਸੁਲਝਾਉਂਦੇ ਹੋਏ ਪੁਲਿਸ ਵਲੋਂ ਵੱਡੀ ਕਾਰਵਾਈ ਕੀਤੀ ਗਈ। ਇਸ ਮਾਮਲੇ ਦੇ ਸਬੰਧ ਵਿਚ ਕੀਤੀ ਗਈ ਨਾਕਾਬੰਦੀ ਦੌਰਾਨ ਪੁਰਾਣਾ ਸ਼ਾਲਾ ਦੇ ਖੇਤਰ ਵਿਚ ਪੁਲਿਸ ਅਤੇ ਸ਼ੱਕੀ ਵਿਅਕਤੀਆਂ ਵਿਚਕਾਰ ਗੋਲੀਬਾਰੀ ਹੋਣ ਦੀ ਸੂਚਨਾ ਮਿਲੀ। ਪੁਲਿਸ ਮੁਲਾਜ਼ਮਾਂ ਦੇ ਕਤਲ ਮਾਮਲੇ ਦੇ ਇਕ ਮੁਲਜ਼ਮ ਰਣਜੀਤ ਦਾ ਸਵੇਰੇ-ਸਵੇਰੇ ਪੁਲਿਸ ਵਲੋਂ ਐਨਕਾਊਂਟਰ ਕਰ ਦਿੱਤਾ ਗਿਆ। ਦੋਸ਼ੀ ਗੋਲੀ ਲੱਗਣ ਨਾਲ ਜ਼ਖਮੀ ਹੋ ਗਿਆ, ਜਿਸ ਨੂੰ ਪੁਲਿਸ ਨੇ ਕਾਬੂ ਕਰ ਲਿਆ।



ਜਾਣਕਾਰੀ ਮੁਤਾਬਕ ਐਨਕਾਊਂਟਰ ਵਾਲੀ ਥਾਂ ਤੋਂ ਪੁਲਿਸ ਨੇ ਮੌਕੇ ਤੋਂ ਦੋ ਪਿਸਤੌਲ ਬਰਾਮਦ ਕੀਤੇ ਹਨ ਅਤੇ ਫੋਰੈਂਸਿਕ ਟੀਮਾਂ ਵੱਲੋਂ ਇਲਾਕੇ ਦੀ ਜਾਂਚ ਕੀਤੀ ਜਾ ਰਹੀ ਹੈ। ਚੱਲ ਰਹੀ ਜਾਂਚ ਦੌਰਾਨ ਪੁਲਿਸ ਨੇ ਪਿੰਡ ਆਦੀਆਂ ਦੇ 2 ਅਤੇ ਪਿੰਡ ਆਲੀਨੰਗਲ ਦੇ 1 ਨੌਜਵਾਨ ਨੂੰ ਹਿਰਾਸਤ ਵਿਚ ਲਿਆ ਹੈ, ਜਿਨ੍ਹਾਂ ਕੋਲੋਂ ਪੁੱਛਗਿੱਛ ਜਾਰੀ ਹੈ।

ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਭਾਰਤ-ਪਾਕਿ ਸਰਹੱਦ ਤੋਂ ਮਹਿਜ਼ ਇੱਕ ਕਿਲੋਮੀਟਰ ਦੂਰ ਆਦੀਆਂ ਚੌਕੀ ਵਿਚ ਤਾਇਨਾਤ ਏ.ਐੱਸ.ਆਈ. ਗੁਰਨਾਮ ਸਿੰਘ ਅਤੇ ਹੋਮ ਗਾਰਡ ਅਸ਼ੋਕ ਕੁਮਾਰ ਦੀ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਘਟਨਾ ਦਾ ਪਤਾ ਉਦੋਂ ਲੱਗਿਆ, ਜਦੋਂ ਡੋਰਾਂਗਲਾ ਥਾਣੇ ਦੇ ਐੱਸ.ਐੱਚ.ਓ. ਵੱਲੋਂ ਵਾਰ-ਵਾਰ ਫੋਨ ਕਰਨ ’ਤੇ ਵੀ ਕੋਈ ਜਵਾਬ ਨਹੀਂ ਮਿਲਿਆ ਅਤੇ ਪਿੰਡ ਦੇ ਸਰਪੰਚ ਨੇ ਮੌਕੇ ’ਤੇ ਜਾ ਕੇ ਖ਼ੂਨ ਨਾਲ ਲੱਥਪੱਥ ਲਾਸ਼ਾਂ ਦੇਖੀਆਂ। ■ ਬਾਕੀ ਖਬਰ ਸਫਾ 16 ’ਤੇ

## ਸ਼੍ਰੋਮਣੀ ਕਮੇਟੀ ਨੇ ਪਾਕਿਸਤਾਨ ਜਾਣ ਵਾਲੇ ਸ਼ਰਧਾਲੂਆਂ ਤੋਂ ਪਾਸਪੋਰਟ ਮੰਗੇ

■ **ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਮੌਕੇ ਜੂਨ ਵਿਚ ਭੇਜਿਆ ਜਾਵੇਗਾ ਜਥਾ**

**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਮੌਕੇ ਪਾਸਿਕਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਲਈ ਭੇਜੇ ਜਾਣ ਵਾਲੇ ਜਥੇ ਲਈ ਸੰਗਤਾਂ ਪਾਸੋਂ ਪਾਸਪੋਰਟਾਂ ਦੀ ਮੰਗ ਕੀਤੀ ਗਈ ਹੈ। ਇਹ ਜਥਾ ਜੂਨ 2026 ’ਚ ਪਾਕਿਸਤਾਨ ਭੇਜਿਆ ਜਾਣਾ ਹੈ, ਜਿਸ ਸਬੰਧੀ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਪ੍ਰਕਿਰਿਆ ਆਰੰਭੀ ਗਈ ਹੈ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਦੱਸਿਆ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਮੌਕੇ ਪਾਕਿਸਤਾਨ ਜਾਣ ਵਾਲੇ ਜਥੇ ਲਈ ਸ਼ਰਧਾਲੂ ਆਪਣੇ ਪਾਸਪੋਰਟ 5 ਮਾਰਚ 2026 ਤੱਕ ਦਫਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵਿਖੇ ਭੇਜ ਸਕਦੇ ਹਨ।

■ ਬਾਕੀ ਖਬਰ ਸਫਾ 16 ’ਤੇ

## ਨਿਊ ਜਰਸੀ ਗਵਰਨਰ ਅਤੇ ਪ੍ਰਮੁੱਖ ਸਿੱਖ ਵਕੀਲ ਜਸਪ੍ਰੀਤ ਸਿੰਘ ਦੀ ਸਿੱਖ ਮਸਲਿਆਂ ਨੂੰ ਲੈ ਕੇ ਮੁਲਾਕਾਤ

**ਨਿਊਯਾਰਕ, (ਪੰਜਾਬ ਮੇਲ)-** ਅਮਰੀਕਾ ਦੇ ਪ੍ਰਮੁੱਖ ਸਿੱਖ ਵਕੀਲ ਅਤੇ ਨਿਊ ਜਰਸੀ ਦੇ ਗਵਰਨਰ ਦੇ ਸਲਾਹਕਾਰ ਜਸਪ੍ਰੀਤ ਸਿੰਘ ਨੇ ਨਿਊਯਾਰਕ ਵਿਚ ਸਿੱਖ ਮਸਲਿਆਂ ਨੂੰ ਲੈ ਕੇ ਇੱਕ ਉੱਚ-ਪੱਧਰੀ ਮੀਟਿੰਗ ਦਾ ਆਯੋਜਨ ਕੀਤਾ। ਇਹ ਬੈਠਕ 17 ਫ਼ਰਵਰੀ 2026 ਨੂੰ ਮੈਨਹਟਨ ਸਥਿਤ ਗਵਰਨਰ ਦਫ਼ਤਰ ਵਿਚ ਕੈਥੀ ਹੋਚੁਲ ਨਾਲ ਹੋਈ।

ਲਗਭਗ ਇੱਕ ਘੰਟੇ ਚੱਲੀ ਇਸ ਮੀਟਿੰਗ ’ਚ ਨਿਊਯਾਰਕ ਸਟੇਟ ਦੇ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਹਾਜ਼ਰ ਸਨ, ਜਿਨ੍ਹਾਂ ਵਿਚ ਸਟੇਟ ਪੁਲਿਸ, ਡਿਪਾਰਟਮੈਂਟ ਆਫ ਮੋਟਰ ਵਹੀਕਲਜ਼ (ਡੀ.ਐੱਮ.ਵੀ.), ਡਿਪਾਰਟਮੈਂਟ ਆਫ ਐਜੂਕੇਸ਼ਨ ਅਤੇ ਇੰਟਰਫੇਥ ਅਫੇਅਰਜ਼ ਦੇ ਨੁਮਾਇੰਦੇ ਸ਼ਾਮਲ ਸਨ। ਇਸ ਤੋਂ ਇਲਾਵਾ ਨਿਊਯਾਰਕ ਸਟੇਟ ਦੇ ਏਸ਼ੀਅਨ





ਅਮਰੀਕਨ ਅਫੇਅਰਜ਼ ਦੇ ਡਾਇਰੈਕਟਰ ਸਿਬੂ ਨਾਇਰ ਵੀ ਮੌਜੂਦ ਰਹੇ।

ਜਸਪ੍ਰੀਤ ਸਿੰਘ ਨੇ ਇਸ ਬੈਠਕ ਨੂੰ “ਇਤਿਹਾਸਕ” ਕਰਾਰ ਦਿੰਦਿਆਂ “ਗੁਰਦੁਆਰਾ ਸਿੱਖ ਕਲਚਰਲ ਸੋਸਾਇਟੀ” ਦੀ ਲੀਡਰਸ਼ਿਪ ਵੱਲੋਂ ਤਿਆਰ ਕੀਤਾ ਗਿਆ ਇੱਕ ਵਿਸਥਾਰਪੂਰਵਕ ਮੈਮੋਰੈਂਡਮ ਗਵਰਨਰ ਨੂੰ ਪੇਸ਼ ਕੀਤਾ। ਇਸ ਮੈਮੋਰੈਂਡਮ ਵਿਚ ਨਿਊਯਾਰਕ ਸਟੇਟ ਵਿਚ ਵਸਦੇ ਸਿੱਖ ਅਤੇ ਵੱਡੇ ਪੰਜਾਬੀ ਭਾਈਚਾਰੇ ਨਾਲ ਨਾਲ ਪ੍ਰਵਾਸੀਆਂ ਨੂੰ ਦਰਪੇਸ਼ ਮਸਲਿਆਂ ਨੂੰ ਉਠਾਇਆ ਗਿਆ।

ਮੀਟਿੰਗ ਦੌਰਾਨ ਜਸਪ੍ਰੀਤ ਸਿੰਘ ਨੇ ਇਮੀਗ੍ਰੈਂਟ ਡਿਟੇਨੀਆਂ ਨੂੰ ਆ ਰਹੀਆਂ ਕਾਨੂੰਨੀ ਚੁਣੌਤੀਆਂ ਉੱਤੇ ਵੀ ਚਰਚਾ ਕੀਤੀ ਅਤੇ ਹੈਬੀਅਸ ਕਾਰਪਸ ਨੂੰ ਸੰਵਿਧਾਨਕ ਸੁਰੱਖਿਆ ਦੇ ਇੱਕ ਮਹੱਤਵਪੂਰਣ ਸਾਧਨ ਵਜੋਂ ਰੋਸ਼ਨ ਕੀਤਾ।

ਗਵਰਨਰ ਹੋਚੁਲ ਨੇ ਸਿੱਖ ਭਾਈਚਾਰੇ ਦੀ ਨਿਊਯਾਰਕ ਸਟੇਟ ਅਤੇ ਸੰਯੁਕਤ ਰਾਜ ਅਮਰੀਕਾ ਲਈ ਯੋਗਦਾਨ ਦੀ ਸਰਾਹਨਾ ਕੀਤੀ ਅਤੇ ਮੌਜੂਦ ਉੱਚ ਅਧਿਕਾਰੀਆਂ ਨੂੰ ਉਠਾਏ ਗਏ ਮਸਲਿਆਂ ’ਤੇ ਕਾਰਵਾਈ ਕਰਨ ਲਈ ਨਿਰਦੇਸ਼ਿਤ ਕੀਤਾ। ਮਈ 2026 ਵਿਚ ਤਰੱਕੀ ਦੀ ਸਮੀਖਿਆ ਲਈ ਅਗਲੀ ਮੀਟਿੰਗ ਤੈਅ ਕੀਤੀ ਗਈ ਹੈ।

ਇਸ ਮੌਕੇ ਗਵਰਨਰ ਨੂੰ 25 ਅਪ੍ਰੈਲ 2026 ਨੂੰ ਮੈਨਹਟਨ ਵਿਚ ਹੋਣ ਵਾਲੀ ਸਿੱਖ ਡੇ ਪਰੇਡ ਵਿਚ ਸ਼ਮੂਲੀਅਤ ਲਈ ਸੱਦਾ ਵੀ ਦਿੱਤਾ ਗਿਆ।

ਮੀਟਿੰਗ ’ਚ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਨਿਊਯਾਰਕ ਦੀ ਪੂਰੀ ਲੀਡਰਸ਼ਿਪ ਹਾਜ਼ਰ ਸੀ, ਜਿਨ੍ਹਾਂ ਵਿਚ ਗੁਰਦੇਵ ਸਿੰਘ ਕੰਗ, ਜਤਿੰਦਰ ਸਿੰਘ ਬੋਪਾਰਾਏ, ਬਲਾਕਾ ਸਿੰਘ, ਅਮਰੀਕ ਸਿੰਘ, ਰਣਜੀਤ ਸਿੰਘ, ਜਗੀਰ ਸਿੰਘ, ਬੂਟਾ ਸਿੰਘ, ਜੋਗਿੰਦਰ ਸਿੰਘ ਅਤੇ ਮੋਹਿੰਦਰ ਸਿੰਘ ਗਿਲਜ਼ੀਆਂ ਸ਼ਾਮਲ ਸਨ।

ਇਹ ਬੈਠਕ ਨਿਊਯਾਰਕ ਸਟੇਟ ਸਰਕਾਰ ਅਤੇ ਸਿੱਖ ਭਾਈਚਾਰੇ ਦਰਮਿਆਨ ਸੰਸਥਾਗਤ ਸੰਵਾਦ ਦਾ ਇੱਕ ਮਹੱਤਵਪੂਰਣ ਪੜਾਅ ਮੰਨੀ ਜਾ ਰਹੀ ਹੈ, ਜੋ ਸੱਭਿਆਚਾਰਕ ਮਾਨਤਾ, ਨਾਗਰਿਕ ਅਧਿਕਾਰਾਂ ਦੀ ਰੱਖਿਆ ਅਤੇ ਪ੍ਰਵਾਸੀ ਮਸਲਿਆਂ ’ਤੇ ਅਗੇਤਰ ਕਦਮਾਂ ਦੀ ਦਿਸ਼ਾ ਵਿਚ ਇੱਕ ਨਵਾਂ ਅਧਿਆਇ ਖੋਲ੍ਹਦੀ ਹੈ।

### ਮੁੱਖ ਮੰਗਾਂ ਵਿਚ ਸ਼ਾਮਲ ਸਨ

1. ਨਿਊਯਾਰਕ ਸਟੇਟ ਵਿਚ ਪੰਜਾਬੀ ਭਾਸ਼ਾ ਦੀ ਅਧਿਕਾਰਿਕ ਮਾਨਤਾ ਅਤੇ ਇਸਨੂੰ ਸਰਕਾਰੀ ਸਕੂਲਾਂ, ਡੀ.ਐੱਮ.ਵੀ. ਅਤੇ ਰਾਜ ਦੇ ਕਾਲਜਾਂ ਵਿਚ ਸ਼ਾਮਲ ਕਰਨਾ।
2. ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਨਿਊਯਾਰਕ ਵਿਚ ਕਮਿਊਨਿਟੀ ਸੈਂਟਰ ਦੀ ਸਥਾਪਨਾ ਲਈ ਰਾਜ ਪੱਧਰੀ ਸਹਾਇਤਾ।
3. ਸਿੱਖਾਂ ਅਤੇ ਪੰਜਾਬੀਆਂ ਖ਼ਿਲਾਫ਼ ਨਫ਼ਰਤੀ ਅਪਰਾਧਾਂ ਦੀ ਰੋਕਥਾਮ ਲਈ ਮਜ਼ਬੂਤ ਕਦਮ।
4. ਕਮਿਊਨਿਟੀ ਦੀ ਧਾਰਮਿਕ ਅਤੇ ਸੱਭਿਆਚਾਰਕ ਲੋੜਾਂ ਅਨੁਸਾਰ ਇੱਕ ਫਿਊਨਰਲ ਹੋਮ ਦੀ ਸਥਾਪਨਾ ਲਈ ਸਹਿਯੋਗ।
5. ਨਿਊਯਾਰਕ ਵਿਚ ਪ੍ਰਵਾਸੀਆਂ ਨੂੰ ਦਰਪੇਸ਼ ਕਾਨੂੰਨੀ ਅਤੇ ਪ੍ਰਸ਼ਾਸਕੀ ਸਮੱਸਿਆਵਾਂ ਦੇ ਹੱਲ ਲਈ ਸੰਸਥਾਗਤ ਸਹਾਇਤਾ, ਜਿਸ ਵਿਚ ਹਿਰਾਸਤ ਵਿਚ ਬੰਦ ਵਿਅਕਤੀਆਂ ਦੀ ਰਿਹਾਈ ਲਈ ਹੈਬੀਅਸ ਕਾਰਪਸ ਪਟੀਸ਼ਨਾਂ ਦੀ ਵਰਤੋਂ ਵੀ ਸ਼ਾਮਲ ਹੈ।

# ਹਰ ਪਰਵਾਸੀ ਪੰਜਾਬੀ ਆਪਣੀ ਮਾਂ ਬੋਲੀ ਨਾਲ ਜੁੜਕੇ ਰਹਿਣਾ ਚਾਹੁੰਦਾ ਹੈ : ਗੁਰਜਤਿੰਦਰ ਰੰਧਾਵਾ

**ਲੁਧਿਆਣਾ, (ਪੰਜਾਬ ਮੇਲ)-** ਅਮਰੀਕਾ ਵਸਦੇ ਉੱਘੇ ਪੰਜਾਬੀ ਪੱਤਰਕਾਰ, ਲੇਖਕ ਅਤੇ ਚਿੰਤਕ ਗੁਰਜਤਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਬੇਸ਼ੱਕ ਪਰਵਾਸੀਆਂ ਨੂੰ ਰੁਜ਼ਗਾਰ ਲਈ ਅੰਗਰੇਜ਼ੀ ਜਾਂ ਹੋਰ ਵਿਦੇਸ਼ੀ ਭਾਸ਼ਾਵਾਂ ਬੋਲਣੀਆਂ ਪੈਂਦੀਆਂ ਹਨ, ਹਰ ਪਰਵਾਸੀ ਪੰਜਾਬੀ ਆਪਣੀ ਮਾਂ ਬੋਲੀ ਨਾਲ ਜੁੜਕੇ ਰਹਿਣਾ ਚਾਹੁੰਦਾ ਅਤੇ ਹਮੇਸ਼ਾ ਜੁੜਕੇ ਰਹਿੰਦਾ ਹੈ। ਇਥੇ ਮਾਲਵਾ ਰੰਗਮੰਚ ਪੰਜਾਬ ਵੱਲੋਂ ਆਯੋਜਿਤ ਇੱਕ ਵਿਸ਼ੇਸ ਸਮਾਗਮ ਵਿਚ ਪੰਜਾਬੀ ਲੇਖਕਾਂ, ਰੰਗਕਰਮੀਆਂ ਅਤੇ ਸਾਹਿਤ ਪ੍ਰੇਮੀਆਂ ਦੇ ਰੂ ਬਰੂ ਹੁੰਦਿਆਂ ਸ. ਰੰਧਾਵਾ ਨੇ ਕਿਹਾ ਕਿ ਇਸ ਵੇਲੇ ਵਿਦੇਸ਼ਾਂ ਵਿਚ ਪੰਜਾਬੀਆਂ ਅਤੇ ਪੰਜਾਬੀ ਬੋਲੀ ਦਾ ਪੂਰੀ ਤਰ੍ਹਾਂ ਬੋਲਬਾਲਾ ਹੈ ਅਤੇ ਅਸੀਂ ਉਨ੍ਹਾਂ ਵਿਕਸਤ ਮੁਲਕਾਂ ਦੀ ਹਰ ਸਰਕਾਰ ਵਿਚ ਧਿਰ ਬਣੇ ਹੋਏ ਹਾਂ। ਸ. ਰੰਧਾਵਾ ਨੇ ਕਿਹਾ ਕਿ ਇਹ ਗੱਲ ਮਾਣ ਵਾਲੀ ਹੈ ਕਿ ਦੁਨੀਆਂ ਵੱਡੇ ਏਅਰਪੋਰਟਾਂ ਸਮੇਤ ਵਪਾਰਕ ਅਦਾਰਿਆਂ ’ਤੇ ਪੰਜਾਬੀ ਵਿਚ ਬੋਰਡ ਲੱਗੇ ਹੋਏ ਹਨ। ਸ. ਰੰਧਾਵਾ ਨੇ ਭਾਵੁਕ ਹੁੰਦਿਆਂ ਕਿਹਾ ਕਿ ਹਰ ਪੰਜਾਬੀ ਪਰਵਾਸੀ ਇਹ ਵੀ ਚਾਹੁੰਦਾ ਹੈ ਕਿ ਉਸਦੇ ਬੱਚੇ ਆਪਣੀ ਮਾਂ ਬੋਲੀ ਪੰਜਾਬੀ, ਧਰਤੀ ਅਤੇ ਸੱਭਿਆਚਾਰ ਨਾਲ ਮੋਹ ਰੱਖੇ ਅਤੇ ਆਪਣੀਆਂ ਤੰਦਾਂ ਜੋੜੀ ਰੱਖੇ।



*ਮਾਲਵਾ ਰੰਗਮੰਚ ਪੰਜਾਬ ਵੱਲੋਂ ਗੁਰਜਤਿੰਦਰ ਸਿੰਘ ਰੰਧਾਵਾ ਦਾ ਸਨਮਾਣ ਕਰਦੇ ਹੋਏ ਪ੍ਰੋ ਨਿਰਮਲ ਜੌੜਾ ਅਤੇ ਰਵਿੰਦਰ ਰੰਗੂਵਾਲ।*

ਸਮਾਗਮ ਦੌਰਾਨ ਸਭ ਦਾ ਸਵਾਗਤ ਕਰਦਿਆਂ ਮਾਲਵਾ ਰੰਗਮੰਚ ਦੇ ਸਕੱਤਰ ਪ੍ਰੋਫੈਸਰ ਨਿਰਮਲ ਜੌੜਾ ਨੇ ਦੱਸਿਆ ਆਪਣੀ ਮਿਹਨਤ ਅਤੇ ਲਗਨ ਸਦਕਾ ਗੁਰਜਤਿੰਦਰ ਸਿੰਘ ਰੰਧਾਵਾ ਨੇ ਪੱਤਰਕਾਰੀ ਦੇ ਖੇਤਰ ਵਿਚ ਅਹਿਮ ਸਥਾਨ ਬਣਾਇਆ ਹੈ। ਪ੍ਰੋ. ਨਿਰਮਲ ਜੌੜਾ ਨੇ ਕਿਹਾ ਸਾਡੀ ਭਾਸ਼ਾ ਹੀ ਸਾਨੂੰ ਦੁਨੀਆਂ ’ਤੇ ਪਹਿਚਾਣ ਦਵਾਉਂਦੀ ਹੈ, ਜਿਸ ਕਰਕੇ ਵਿਸ਼ਵ ਵਿਚ ਪੰਜਾਬੀਅਤ ਦਾ ਝੰਡਾ ਝੁੱਲ ਰਿਹਾ ਹੈ। ਮਾਲਵਾ ਰੰਗਮੰਚ ਦੇ ਸਕੱਤਰ ਦੇ ਚੇਅਰਮੈਨ ਪ੍ਰੋ. ਜਲੌਰ ਸਿੰਘ ਖੀਵਾ ਨੇ ਕਿਹਾ ਕਿ ਵਿਦੇਸ਼ਾਂ ਵਿਚ ਸਾਡੇ ਬੁੱਧੀਜੀਵੀਆਂ ਦਾ ਆਪਣੀ ਧਰਤੀ ਅਤੇ ਸੱਭਿਆਚਾਰ ਨਾਲ ਜੁੜਕੇ ਰਹਿਣਾ ਪੰਜਾਬ ਲਈ ਸਕੂਨ ਵਾਲੀ ਗੱਲ ਹੈ। ਮਾਲਵਾ ਰੰਗਮੰਚ ਵੱਲੋਂ ਗੁਰਜਤਿੰਦਰ ਰੰਧਾਵਾ ਦਾ ਸਨਮਾਨ ਕੀਤਾ ਗਿਆ। ਰਵਿੰਦਰ ਰੰਗੂਵਾਲ ਨੇ ਸਭ ਦਾ ਧੰਨਵਾਦ ਕੀਤਾ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ 375 ਲੋੜਵੰਦਾਂ ਨੂੰ ਦਿੱਤੀ ਮਹੀਨਾਵਾਰ ਸਹਾਇਤਾ ਰਾਸ਼ੀ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)-** ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਡੇਰਾ ਭਾਈ ਮਸਤਾਨ ਸਿੰਘ ਸ੍ਰੀ ਮੁਕਤਸਰ ਸਾਹਿਬ ਵਿਖੇ 375 ਲੋੜਵੰਦਾਂ ਨੂੰ ਦੋ ਲੱਖ ਨੱਬੇ ਹਜ਼ਾਰ ਦੇ ਕਰੀਬ ਮਹੀਨਾਵਾਰ ਸਹਾਇਤਾ ਰਾਸ਼ੀ ਮਹੰਤ ਕਸ਼ਮੀਰ ਸਿੰਘ ਦੀ ਰਹਿਨੁਮਾਈ ਹੇਠ ਦਿੱਤੀ ਗਈ।

ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਸਹਾਇਤਾ ਰਾਸ਼ੀ ਕੰਮ ਕਰਨ ਤੋਂ ਅਸਮਰਥ ਬਜ਼ੁਰਗਾਂ, ਅਨਾਥ ਬੱਚਿਆਂ, ਬਿਲਕੁਲ ਇਕੱਲੇ ਰਹਿ ਰਹੇ ਬਜ਼ੁਰਗਾਂ, ਬੇਸਹਾਰਾ ਵਿਧਵਾਵਾਂ ਨੂੰ ਦਿੱਤੀ ਗਈ। ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਡਾ. ਓਬਰਾਏ ਵੱਲੋਂ



*ਡਾ. ਐੱਸ.ਪੀ. ਸਿੰਘ ਓਬਰਾਏ।*

ਇਨ੍ਹਾਂ ਲੋਕਾਂ ਦੀ ਜੋ ਪੈਨਸ਼ਨ ਲਗਾਈ ਜਾਂਦੀ ਹੈ, ਉਹ ਜ਼ਿੰਦਗੀ ਭਰ ਲਈ ਲਗਾਈ ਜਾਂਦੀ ਹੈ ਅਤੇ ਹਰ 2 ਸਾਲ ਬਾਅਦ ਲੋੜੀਂਦੀ ਵੈਰੀਫਿਕੇਸ਼ਨ ਕਰਨ ਤੋਂ ਬਾਅਦ ਰੀਨਿਊ ਕੀਤੀ ਜਾਂਦੀ ਹੈ। ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦਾਂ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਡਾ. ਓਬਰਾਏ ਦੇ ਇਸ ਉਪਰਾਲੇ ਨਾਲ ਅਸੀਂ ਆਪਣੀਆਂ ਰੋਜ਼ਾਨਾ ਦੀਆਂ ਲੋੜਾਂ ਪੂਰੀਆਂ ਕਰਨ ਦੇ ਸਮਰੱਥ ਹੁੰਦੇ ਹਾਂ। ਲੋੜਵੰਦਾਂ ਵਿਚੋਂ ਕਈਆਂ ਨੇ ਦੱਸਿਆ ਕਿ ਅਸੀਂ ਪਿਛਲੇ ਤਕਰੀਬਨ 8 ਸਾਲਾਂ ਤੋਂ ਇਹ ਸਹਾਇਤਾ ਲੈ ਰਹੇ ਹਾਂ। ਇਸ ਮੌਕੇ ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ, ਮੀਤ ਪ੍ਰਧਾਨ, ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ, ਬਰਨੇਕ ਸਿੰਘ ਰਿਟਾ. ਲੈਕਚਰਾਰ, ਗੁਰਪਾਲ ਸਿੰਘ ਪਾਲੀ, ਸੋਮ ਨਾਥ, ਮਾਸਟਰ ਰਾਜਿੰਦਰ ਸਿੰਘ, ਅਸ਼ੋਕ ਕੁਮਾਰ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ ਮੈਨੇਜਰ ਸਹਿਬ, ਗੁਰਜੀਤ ਸਿੰਘ ਜੀਤਾ, ਚਰਨਜੀਤ ਸਿੰਘ, ਹਰਭਗਵਾਨ ਖੱਪਿਆਂਵਾਲ਼ੀ ਵਾਲੀ, ਕਾਲਾ ਖੱਪਿਆਂਵਾਲ਼ੀ, ਸੁਖਦਰਸ਼ਨ ਸਿੰਘ ਬੇਦੀ ਰਿਟਾ. ਜ਼ਿਲ੍ਹਾ ਉੱਪ ਸਿੱਖਿਆ ਅਫ਼ਸਰ ਆਦਿ ਹਾਜ਼ਰ ਸਨ।

# ਕੈਲਗਰੀ ’ਚ ਪੰਜਾਬੀ ਮੂਲ ਦੇ ਵਿਅਕਤੀ ਦੇ ਘਰ ’ਤੇ ਗੋਲੀਬਾਰੀ

**ਚੰਡੀਗੜ੍ਹ, (ਪੰਜਾਬ ਮੇਲ)-** ਕੈਲਗਰੀ ਦੇ ਸਵਾਨਾ ਪਾਰਕ ਇਲਾਕੇ ਵਿਚ ਗੋਲੀਬਾਰੀ ਦੀ ਘਟਨਾ ਸਾਹਮਣੇ ਆਈ ਹੈ, ਜਿਸ ਵਿਚ ਪੰਜਾਬੀ ਮੂਲ ਦੇ ਵਿਅਕਤੀ ਲਵਜੀਤ ਸੰਧੂ ਦੇ ਘਰ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਇੰਟਰਨੈੱਟ ’ਤੇ ਵਾਇਰਲ ਹੋ ਰਹੀ ਇੱਕ ਵੀਡੀਓ ਵਿਚ ਰਿਹਾਇਸ਼ ਵੱਲ ਗੋਲੀਆਂ ਚਲਾਉਂਦੇ ਹੋਏ ਦੇਖਿਆ ਗਿਆ ਹੈ।

ਪੁਲਿਸ ਨੇ ਦੱਸਿਆ ਕਿ ਕਈ ਰਾਊਂਡ ਫਾਇਰ ਕੀਤੇ ਗਏ ਸਨ, ਪਰ ਜ਼ਖਮੀਆਂ ਜਾਂ ਜਾਇਦਾਦ ਦੇ ਨੁਕਸਾਨ ਬਾਰੇ ਅਜੇ ਤੱਕ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਹੈ। ਦੱਸਿਆ ਜਾ ਰਿਹਾ ਹੈ ਕਿ ਸ਼ੱਕੀ ਮੌਕੇ ਤੋਂ ਫ਼ਰਾਰ ਹੋ ਗਿਆ ਅਤੇ ਪੁਲਿਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਘਟਨਾ ਤੋਂ ਬਾਅਦ, ਕਥਿਤ

**■ ਪੁਲਿਸ ਜਬਰਨ ਵਸੂਲੀ ਦੇ ਸੰਭਾਵੀ ਸਬੰਧਾਂ ਦੀ ਕਰ ਰਹੀ ਜਾਂਚ**

ਤੌਰ ’ਤੇ ਆਰਜ਼ੂ ਬਿਸ਼ਨੋਈ ਨਾਲ ਜੁੜੀ ਇੱਕ ਸੋਸ਼ਲ ਮੀਡੀਆ ਪੋਸਟ ਆਨਲਾਈਨ ਵਾਇਰਲ ਹੋਣੀ ਸ਼ੁਰੂ ਹੋ ਗਈ, ਜਿਸ ਵਿਚ ਹਮਲੇ ਦੀ ਜ਼ਿੰਮੇਵਾਰੀ ਲਈ ਗਈ ਹੈ।

ਪੋਸਟ ਵਿਚ ਲਾਰੈਂਸ ਬਿਸ਼ਨੋਈ ਸਮੂਹ ਨਾਲ ਜੁੜੇ ਹੋਣ ਦਾ ਦਾਅਵਾ ਕਰਨ ਵਾਲੇ ਸਾਥੀਆਂ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਵਿਰੋਧੀਆਂ ਨੂੰ ਚੇਤਾਵਨੀਆਂ ਦਿੱਤੀਆਂ ਗਈਆਂ ਹਨ। ਸੀ.ਬੀ.ਸੀ. ਨਿਊਜ਼ ਅਨੁਸਾਰ, ਪੁਲਿਸ ਨੇ ਕਿਹਾ ਹੈ ਕਿ ਜਾਂਚ ਜਾਰੀ ਹੈ ਅਤੇ ਸੋਸ਼ਲ ਮੀਡੀਆ ਦੇ ਦਾਅਵਿਆਂ ਨਾਲ ਕਿਸੇ ਵੀ ਸਬੰਧ ਦੀ ਪੁਸ਼ਟੀ ਹੋਣ ਤੋਂ ਪਹਿਲਾਂ ਹੋਰ



ਫੋਰੈਂਸਿਕ ਜਾਂਚ ਦੀ ਲੋੜ ਹੈ।

ਪੁਲਿਸ ਨੇ ਦੱਸਿਆ: “2025 ਦੀ ਸ਼ੁਰੂਆਤ ਤੋਂ ਸ਼ਹਿਰ ਵਿਚ ਜਬਰਨ ਵਸੂਲੀ ਨਾਲ ਸਬੰਧਤ 28 ਘਟਨਾਵਾਂ ਦਰਜ ਕੀਤੀਆਂ ਗਈਆਂ ਹਨ। ਉਨ੍ਹਾਂ ਵਿਚੋਂ 13 ਗੋਲੀਬਾਰੀ ਦੀਆਂ ਘਟਨਾਵਾਂ ਸਨ।” ਕੈਲਗਰੀ ਪੁਲਿਸ ਸਰਵਿਸ ਦੇ ਡਿਪਟੀ ਚੀਫ ਆਸਿਫ ਰਾਸ਼ਿਦ ਨੇ ਸੋਮਵਾਰ ਨੂੰ ਇੱਕ ਬ੍ਰੀਫਿੰਗ ਦੌਰਾਨ ਪੱਤਰਕਾਰਾਂ ਨੂੰ ਦੱਸਿਆ, “ਜਦੋਂ ਵੀ ਸੜਕਾਂ ’ਤੇ ਗੋਲੀਬਾਰੀ ਹੁੰਦੀ ਹੈ, ਤਾਂ ਸਾਨੂੰ ਸਾਰਿਆਂ ਨੂੰ ਚਿੰਤਤ ਹੋਣਾ ਚਾਹੀਦਾ ਹੈ।” ਇਹ ਗੋਲੀਬਾਰੀ ਵੀਕੈਂਡ ਦੌਰਾਨ ਉੱਤਰ-ਪੂਰਬੀ ਕੈਲਗਰੀ ਵਿਚ ਵਾਪਰੀਆਂ ਉਨ੍ਹਾਂ ਦੋ ਘਟਨਾਵਾਂ ਵਿਚੋਂ ਇੱਕ ਸੀ, ਜਿਨ੍ਹਾਂ ਬਾਰੇ ਪੁਲਿਸ ਦਾ ਮੰਨਣਾ ਹੈ ਕਿ ਇਹ ਸ਼ਹਿਰ ਦੇ ਦੱਖਣੀ ਏਸ਼ੀਆਈ ਭਾਈਚਾਰੇ ਨੂੰ ਨਿਸ਼ਾਨਾ ਬਣਾ ਕੇ ਕੀਤੀ ਜਾ ਰਹੀ ਜਬਰਨ ਵਸੂਲੀ ਨਾਲ ਸਬੰਧਤ ਹਿੰਸਾ ਨਾਲ ਜੁੜੀਆਂ ਹੋ ਸਕਦੀਆਂ ਹਨ। ਇਸ ਤੋਂ ਪਹਿਲਾਂ ਐਤਵਾਰ ਨੂੰ ਇੱਕ ਹੋਰ ਘਰ ’ਤੇ ਕਥਿਤ ਤੌਰ ’ਤੇ ਗੋਲੀਬਾਰੀ ਕੀਤੀ ਗਈ ਸੀ, ਜਿਸ ਤੋਂ ਬਾਅਦ ਦੋਸ਼ੀ ਚਿੱਟੇ ਰੰਗ ਦੀ ਸੇਡਾਨ ਕਾਰ ਵਿਚ ਫ਼ਰਾਰ ਹੋ ਗਏ ਸਨ।

# ਪਾਕਿਸਤਾਨ ਦੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਨੁਕਸਾਨੇ ਹਿੱਸਿਆਂ ਦੀ ਮੁਰੰਮਤ ਜਲਦ ਕਰਨ ਦਾ ਫੈਸਲਾ

**ਇਸਲਾਮਾਬਾਦ, (ਪੰਜਾਬ ਮੇਲ)-** ਸ੍ਰੀ ਕਰਤਾਰਪੁਰ ਸਾਹਿਬ ਗੁਰਦੁਆਰੇ ਦੀ ਅਧਿਕਾਰਤ ਗਵਰਨਿੰਗ ਬਾਡੀ ਨੇ ਪਿਛਲੇ ਸਾਲ ਹੜ੍ਹਾਂ ਕਾਰਨ ਨੁਕਸਾਨੇ ਗਏ ਇਸ ਪਵਿੱਤਰ ਸਿੱਖ ਧਾਰਮਿਕ ਸਥਾਨ ਦੀ ਮੁਰੰਮਤ ਅਤੇ ਬਹਾਲੀ ਦੇ ਕੰਮ ਵਿਚ ਤੇਜ਼ੀ ਲਿਆਉਣ ਦਾ ਫੈਸਲਾ ਕੀਤਾ ਹੈ। ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਦੀ ਗਵਰਨਿੰਗ ਕੌਂਸਲ ਦੀ ਮੀਟਿੰਗ ਧਾਰਮਿਕ ਮਾਮਲਿਆਂ ਦੇ ਮੰਤਰਾਲੇ ਵਿਚ ਸਕੱਤਰ ਸਾਜਿਦ ਚੌਹਾਨ ਦੀ ਪ੍ਰਧਾਨਗੀ ਹੇਠ ਹੋਈ।

ਜਾਣਕਾਰੀ ਅਨੁਸਾਰ ਕੌਂਸਲ ਨੇ ਹਾਲ ਹੀ ਵਿਚ ਆਏ ਹੜ੍ਹਾਂ ਕਾਰਨ ਹੋਏ ਨੁਕਸਾਨ ਦੀ ਸਮੀਖਿਆ ਕੀਤੀ। ਹੜ੍ਹਾਂ ਕਾਰਨ ਲਾਂਘੇ (ਕਾਰੀਡੋਰ) ਪ੍ਰਾਜੈਕਟ ਦੇ ਕੁਝ ਹਿੱਸੇ ਪ੍ਰਭਾਵਿਤ ਹੋਏ ਸਨ। ਇਨ੍ਹਾਂ ਖਰਾਬ ਹੋਏ ਹਿੱਸਿਆਂ ਨੂੰ ਪਹਿਲ ਦੇ ਆਧਾਰ ’ਤੇ ਠੀਕ ਕੀਤਾ ਜਾਵੇਗਾ। ਇਸ ਪ੍ਰਾਜੈਕਟ ਨੂੰ ਸਮੇਂ ਸਿਰ ਮੁਕੰਮਲ ਕਰਵਾਉਣ ਲਈ ਕੌਂਸਲ ਨੇ ਫੈਸਲਾ ਕੀਤਾ ਕਿ ਦੋ ਹਫ਼ਤਿਆਂ ਦੇ ਅੰਦਰ ਮੁੜ ਮੀਟਿੰਗ ਕੀਤੀ ਜਾਵੇਗੀ ਤਾਂ ਜੋ ਕੰਮ ਦੀ ਪ੍ਰਗਤੀ ਦਾ ਜਾਇਜ਼ਾ ਲਿਆ ਜਾ ਸਕੇ ਅਤੇ ਇਸ ਨੂੰ ਸਮੇਂ ਸਿਰ ਮੁਕੰਮਲ ਕਰਨਾ ਯਕੀਨੀ ਬਣਾਇਆ ਜਾ ਸਕੇ।

ਸਾਜਿਦ ਚੌਹਾਨ ਨੇ ਕਿਹਾ ਕਿ ਕਰਤਾਰਪੁਰ ਲਾਂਘਾ ਪ੍ਰਾਜੈਕਟ ਮਾਨਵਤਾਵਾਦੀ ਕਦਰਾਂ-ਕੀਮਤਾਂ ਅਤੇ ਅੰਤਰ-ਧਰਮ ਸਦਭਾਵਨਾ ਦਾ ਪ੍ਰਤੀਕ ਹੈ। ਉਨ੍ਹਾਂ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਕਿਹਾ ਕਿ ਇਥੇ ਆਉਣ ਵਾਲੇ ਸਿੱਖ ਸ਼ਰਧਾਲੂਆਂ ਅਤੇ ਸ਼ਰਧਾਲੂਆਂ ਨੂੰ ਬਿਹਤਰੀਨ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ। ਪੰਜਾਬ ਦੇ ਘੱਟ ਗਿਣਤੀ ਮਾਮਲਿਆਂ ਬਾਰੇ

**■ ਹੜ੍ਹਾਂ ਕਾਰਨ ਹੋਇਆ ਸੀ ਨੁਕਸਾਨ; ਧਾਰਮਿਕ ਮਾਮਲਿਆਂ ਦੇ ਮੰਤਰਾਲੇ ਦੀ ਮੀਟਿੰਗ ਵਿਚ ਲਿਆ ਫੈਸਲਾ**



ਮੰਤਰੀ ਰਮੇਸ਼ ਸਿੰਘ ਅਰੋੜਾ ਨੇ ਵੀ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵਜੋਂ ਇਸ ਮੀਟਿੰਗ ਵਿਚ ਸ਼ਿਰਕਤ ਕੀਤੀ। ਅਰੋੜਾ ਨੇ ਕਿਹਾ ਕਿ ਸੰਘੀ ਅਤੇ ਪੰਜਾਬ ਸਰਕਾਰ ਸਿੱਖ ਯਾਤਰੀਆਂ ਦੀ ਸੇਵਾ ਅਤੇ ਪ੍ਰਾਹੁਣਚਾਰੀ ਲਈ ਮਿਲ ਕੇ ਕੋਸ਼ਿਸ਼ਾਂ ਕਰ ਰਹੀਆਂ ਹਨ।

ਇਸ ਮੀਟਿੰਗ ਵਿਚ ਗ੍ਰਹਿ, ਵਿਦੇਸ਼, ਵਿੱਤ, ਰੱਖਿਆ, ਕਾਨੂੰਨ, ਸੂਚਨਾ ਅਤੇ ਪ੍ਰਸਾਰਨ ਮੰਤਰਾਲਿਆਂ ਦੇ ਨਾਲ-ਨਾਲ ਯੋਜਨਾ ਕਮਿਸ਼ਨ ਅਤੇ ਫਰੰਟੀਅਰ ਵਰਕਸ ਆਰਗੇਨਾਈਜ਼ੇਸ਼ਨ ਦੇ ਨੁਮਾਇੰਦਿਆਂ ਨੇ ਵੀ ਹਿੱਸਾ ਲਿਆ। ਜ਼ਿਕਰਯੋਗ ਹੈ ਕਿ ਕਰਤਾਰਪੁਰ ਸਾਹਿਬ ਗੁਰਦੁਆਰਾ ਪਾਕਿਸਤਾਨ ਦੇ ਨਾਰੋਵਾਲ ਜ਼ਿਲ੍ਹੇ ਵਿਚ ਰਾਵੀ ਦਰਿਆ ਦੇ ਕੰਢੇ ਸਥਿਤ ਹੈ, ਜੋ ਭਾਰਤ ਵਿਚ ਡੇਰਾ ਬਾਬਾ ਨਾਨਕ ਤੋਂ ਕਰੀਬ ਚਾਰ ਕਿਲੋਮੀਟਰ ਦੂਰ ਹੈ। ਗੁਰੂ ਨਾਨਕ ਦੇਵ ਨੇ ਆਪਣੇ ਆਖਰੀ 18 ਸਾਲ ਇਥੇ ਬਿਤਾਏ ਸਨ।

# ਅਮਰੀਕਾ ਤੋਂ ਪੰਜਾਬ ਆਏ ਐੱਨ.ਆਰ.ਆਈ. ਦੇ ਘਰ ’ਤੇ ਗੋਲੀਬਾਰੀ

**ਭੁਲੱਥ, (ਪੰਜਾਬ ਮੇਲ)-** ਪੰਜਾਬ ’ਚ ਆਏ ਦਿਨ ਗੋਲ਼ੀਆਂ ਚੱਲਣ ਦੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ। ਹਲਕਾ ਭੁਲੱਥ ਦੇ ਥਾਣਾ ਬੇਗੋਵਾਲ ਅਧੀਨ ਪੈਂਦੇ ਪਿੰਡ ਨੰਗਲ ਲੁਬਾਣਾ ਵਿਚ ਵੀ ਅੱਧੀ ਰਾਤ ਉਸ ਵੇਲੇ ਦਹਿਸ਼ਤ ਫੈਲ ਗਈ, ਜਦੋਂ ਅਣਪਛਾਤੇ ਵਿਅਕਤੀਆਂ ਵੱਲੋਂ ਇਕ ਘਰ ਨੂੰ ਟਾਰਗੇਟ ਕਰਦੇ ਹੋਏ ਫਾਇਰਿੰਗ ਕੀਤੀ ਗਈ। ਜਾਣਕਾਰੀ ਮੁਤਾਬਕ ਰਾਤ ਡੇਢ ਵਜੇ ਦੋ ਵਿਅਕਤੀ ਮੌਕੇ ’ਤੇ ਪਹੁੰਚੇ ਅਤੇ ਘਰ ਵੱਲ ਕਈ ਰਾਊਂਡ ਗੋਲ਼ੀਆਂ ਚਲਾ ਕੇ ਫਰਾਰ ਹੋ ਗਏ।

ਜਾਣਕਾਰੀ ਮੁਤਾਬਕ ਇਹ ਫਾਇਰਿੰਗ ਦਵਿੰਦਰ ਸਿੰਘ ਉਰਫ਼ ਪ੍ਰਿੰਸ (30 ਸਾਲ) ਪੁੱਤਰ ਸੁਖਦੇਵ



ਸਿੰਘ, ਵਾਰਡ ਨੰਬਰ 9 ਨੰਗਲ ਲੁਬਾਣਾ ਦੇ ਰਹਿਣ ਵਾਲੇ ਦੇ ਘਰ ਦੇ ਬਾਹਰ ਹੋਈ। ਦੱਸਿਆ ਜਾ ਰਿਹਾ ਹੈ ਕਿ ਦਵਿੰਦਰ ਸਿੰਘ ਦੋ ਹਫ਼ਤੇ ਪਹਿਲਾਂ ਹੀ ਅਮਰੀਕਾ ਤੋਂ ਵਾਪਸ ਪਿੰਡ ਆਇਆ ਸੀ। ਅਣਪਛਾਤੇ ਦੋ ਨੌਜਵਾਨ ਮੋਟਰਸਾਈਕਲ ’ਤੇ ਸਵਾਰ ਹੋ ਕੇ ਆਏ ਅਤੇ ਘਰ ਦੇ ਬਾਹਰ ਪਿਸਤੌਲ ਫਾਇਰ ਕਰਕੇ ਫਰਾਰ ਹੋ ਗਏ। ਦੋਵੇਂ ਵਿਅਕਤੀਆਂ ਦੇ ਮੂੰਹ ਬੰਨੇ ਹੋਏ ਸਨ।

ਘਟਨਾ ਦੌਰਾਨ ਇਲਾਕੇ ’ਚ ਦਹਿਸ਼ਤ ਦਾ ਮਾਹੌਲ ਬਣ ਗਿਆ। ਖ਼ੁਸ਼ਕਿਸਮਤੀ ਨਾਲ ਕਿਸੇ ਜਾਨੀ ਨੁਕਸਾਨ ਦੀ ਸੂਚਨਾ ਨਹੀਂ ਮਿਲੀ ਪਰ ਘਰ ’ਤੇ ਗੋਲ਼ੀਆਂ ਦੇ ਨਿਸ਼ਾਨ ਮਿਲੇ ਹਨ। ਪੂਰੀ ਵਾਰਦਾਤ ਨੇੜੇ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਵਿਚ ਕੈਦ ਹੋ ਗਈ ਹੈ। ਸੂਚਨਾ ਮਿਲਦੇ ਹੀ ਪੁਲਿਸ ਮੌਕੇ ’ਤੇ ਪਹੁੰਚੀ ਅਤੇ ਇਲਾਕੇ ’ਚ ਜਾਂਚ ਸ਼ੁਰੂ ਕਰ ਦਿੱਤੀ ਹੈ। ਫੁਟੇਜ ਅਤੇ ਹੋਰ ਸਬੂਤਾਂ ਦੇ ਆਧਾਰ ’ਤੇ ਦੋਸ਼ੀਆਂ ਦੀ ਪਛਾਣ ਕਰਨ ਦੀ ਕੋਸ਼ਿਸ਼ ਜਾਰੀ ਹੈ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਖਡੂਰ ਸਾਹਿਬ ਵਿਧਾਨ ਸਭਾ ਸੀਟ ਨੂੰ ਖ਼ਾਲੀ ਐਲਾਨਣ ਲਈ ਹਾਈ ਕੋਰਟ ’ਚ ਜਨਹਿੱਤ ਪਟੀਸ਼ਨ ਦਾਖ਼ਲ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਤੇ ਹਰਿਆਣਾ ਹਾਈ ਕੋਰਟ ’ਚ ਜਨਹਿੱਤ ਪਟੀਸ਼ਨ ਦਾਖ਼ਲ ਕਰਦਿਆਂ ਪਟੀਸ਼ਨਕਰਤਾ ਜਸਵੰਤ ਸਿੰਘ ਨੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਦੇ ਦੋਸ਼ ਸਿੱਧ ਹੋਣ ਤੋਂ ਬਾਅਦ ਖਡੂਰ ਸਾਹਿਬ ਸੀਟ ਨੂੰ ਖ਼ਾਲੀ ਐਲਾਨਣ ਦੇ ਨਿਰਦੇਸ਼ ਦੇਣ ਦੀ ਮੰਗ ਕੀਤੀ ਹੈ। ਪਟੀਸ਼ਨ ’ਚ ਦਾਅਵਾ ਕੀਤਾ ਗਿਆ ਹੈ ਕਿ ਲਾਲਪੁਰਾ ਆਪਣੀ ਦੋਸ਼ਸਿੱਧੀ ਦੀ ਮਿਤੀ 10 ਸਤੰਬਰ, 2025 ਤੋਂ ਖ਼ੁਦ ਅਯੋਗ ਐਲਾਨ ਹੋ ਗਏ ਹਨ। ਪਟੀਸ਼ਨ ’ਚ ਪੰਜਾਬ ਵਿਧਾਨ ਸਭਾ ਦੇ ਸਪੀਕਰ ਨੂੰ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਹੈ ਕਿ ਉਹ ਆਮ ਆਦਮੀ ਪਾਰਟੀ ਦੇ ਵਿਧਾਇਕ ਦੀ ਦੋਸ਼ਸਿੱਧੀ ਤੋਂ ਬਾਅਦ ਖਡੂਰ ਸਾਹਿਬ ਵਿਧਾਨ ਸਭਾ ਸੀਟ ਨੂੰ ਖ਼ਾਲੀ ਐਲਾਨ ਕਰਨ ਲਈ ਤੁਰੰਤ ਰਸਮੀ ਨੋਟੀਫਿਕੇਸ਼ਨ ਜਾਰੀ ਕਰਨ।

# ਬਾਬਾ ਬੰਦਾ ਸਿੰਘ ਬਹਾਦਰ ਭਵਨ ਰਕਬਾ (ਲੁਧਿਆਣਾ) ਵਿਖੇ ਰਿਸ਼ਤਿਆਂ ਦਾ ਸਤਿਕਾਰ ਵਿਸ਼ੇ 'ਤੇ ਅੰਤਰਰਾਸ਼ਟਰੀ ਵਿਚਾਰ ਗੋਸ਼ਟੀ

**■ ਮਾਂ ਬੋਲੀ ਦਾ ਗਿਆਨ ਹੀ ਰਿਸ਼ਤਿਆਂ ਦੀ ਪਾਲਣਾ ਲਈ ਮੂਲ ਆਧਾਰ ਬਣ ਸਕਦਾ ਹੈ : ਪ੍ਰੋ.ਗੁਰਭਜਨ ਸਿੰਘ ਗਿੱਲ**



ਲੁਧਿਆਣਾ, (ਪੰਜਾਬ ਮੇਲ)- ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਉਂਡੇਸ਼ਨ (ਰਜਿ.) ਲੁਧਿਆਣਾ ਵੱਲੋਂ "ਰਿਸ਼ਤਿਆਂ ਦਾ ਸਤਿਕਾਰ" ਵਿਸ਼ੇ 'ਤੇ ਅੰਤਰਰਾਸ਼ਟਰੀ ਵਿਚਾਰ ਗੋਸ਼ਟੀ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਕ੍ਰਿਸ਼ਨ ਕੁਮਾਰ ਬਾਵਾ ਨੇ ਸੁਆਗਤੀ ਸ਼ਬਦਾਂ ਵਿਚ ਕਿਹਾ ਕਿ ਜ਼ਿੰਦਗੀ ਦਾ ਅਸਲ ਆਧਾਰ ਮਜ਼ਬੂਤ ਰਿਸ਼ਤੇ ਹਨ, ਜੋ ਸਤਿਕਾਰ ਦੀ ਨੀਂਹ 'ਤੇ ਹੀ ਉਸਰ ਸਕਦੇ ਹਨ। ਮੁੱਖ ਬੁਲਾਰੇ ਵਜੋਂ ਸੰਬੋਧਨ ਕਰਦਿਆਂ ਪੰਜਾਬੀ ਲੋਕ ਵਿਰਾਸਤ ਅਕੈਡਮੀ ਦੇ ਚੇਅਰਮੈਨ ਤੇ ਪੰਜਾਬੀ ਲੇਖਕ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਹੈ ਕਿ ਰਿਸ਼ਤਿਆਂ ਸਤਿਕਾਰ ਕਰਨ ਦੀ ਬੁਨਿਆਦੀ ਸਿਖਲਾਈ ਮਾਂ ਬੋਲੀ ਦਾ ਸਤਿਕਾਰ ਹੀ ਦੇ ਸਕਦਾ ਹੈ। ਮਾਂ ਬੋਲੀ ਉਹ ਗਿਆਨ ਪੋਟਲੀ ਹੈ, ਜੋ ਸਾਨੂੰ ਪੰਘੂੜੇ ਤੋਂ ਸਿਵਿਆਂ ਤੱਕ ਹੱਸਣਾ, ਗਾਉਣਾ, ਰੋਣਾ ਤੇ ਮਰਿਯਾਦਾ ਵਿਚ ਰਹਿ ਕੇ ਆਚਾਰ, ਵਿਹਾਰ ਤੇ ਕਿਰਦਾਰ ਦੀ ਉਸਾਰੀ ਕਰਦੀ ਹੈ। ਉਨ੍ਹਾਂ ਕਿਹਾ ਕਿ ਪਰਿਵਾਰ ਤੇ ਚੌਗਿਰਦਾ ਸੰਸਾਰ ਸਾਨੂੰ ਵੱਡਿਆਂ ਦਾ ਆਦਰ ਤੇ ਨਿੱਕਿਆਂ ਦੇ ਪਿਆਰ ਦੀ ਰੂਪ-ਰੇਖਾ ਸਮਝਾਉਂਦਾ ਹੈ ਪਰ ਦੁਖਦਾਈ ਪੱਖ ਇਹ ਹੈ ਕਿ ਅੱਜ ਅਸੀਂ ਪੈਸੇ ਦੇ ਪੁੱਤ ਬਣ ਕੇ ਹਰ ਰਿਸ਼ਤੇਦਾਰ ਘਾਣ ਕਰ ਰਹੇ ਹਾਂ। ਇਹ ਭੁੱਲ ਹੀ ਗਏ ਹਾਂ ਕਿ ਚੂਹੇ ਦੌੜ ਜਿੱਤ ਕੇ ਵੀ ਅਸੀਂ ਸ਼ੇਰ ਨਹੀਂ ਬਣ ਜਾਂਦੇ, ਚੂਹੇ ਹੀ ਰਹਿੰਦੇ ਹਾਂ।

ਇਸ ਵਿਚਾਰ ਚਰਚਾ ਵਿਚ ਬੁੱਧੀਜੀਵੀਆਂ, ਲੇਖਕਾਂ, ਪੱਤਰਕਾਰਾਂ ਤੇ ਅਮਰੀਕਾ, ਕੈਨੇਡਾ ਤੋਂ ਆਏ ਸਮਾਜਿਕ ਆਗੂਆਂ ਨੇ ਭਾਗ ਲਿਆ।

ਬਾਬਾ ਬੰਦਾ ਸਿੰਘ ਭਵਨ ਰਕਬਾ (ਲੁਧਿ:) ਵਿਖੇ ਵਿਚਾਰ ਗੋਸ਼ਟੀ ਵਿਚ ਕੌਮੀ ਸਨਮਾਨ ਪ੍ਰਾਪਤ ਅਧਿਆਪਕ ਤੇ ਸ਼੍ਰੋਮਣੀ ਬਾਲ ਸਾਹਿਤ ਲੇਖਕ ਸ. ਅਮਰੀਕ ਸਿੰਘ ਤਲਵੰਡੀ, ਸਰਦਾਰਨੀ ਲਖਵੰਤ ਕੌਰ (ਕੈਨੇਡਾ) ਪੰਜਾਬ ਐਕਸਪ੍ਰੈੱਸ ਸਪਤਾਹਿਕ ਤੇ ਪੰਜਾਬ ਮੇਲ ਯੂ.ਐੱਸ.ਏ. ਟੀ.ਵੀ. ਚੈਨਲ ਸੈਕਰਾਮੈਂਟੋ ਦੇ ਮੁੱਖ ਸੰਪਾਦਕ ਗੁਰਜਤਿੰਦਰ ਸਿੰਘ, ਪੰਜਾਬੀ ਕਵੀ ਤੇ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਮੀਤ ਪ੍ਰਧਾਨ ਤ੍ਰੈਲੋਚਨ ਲੋਚੀ, ਡਾ. ਨੀਲਮ ਖੋਸਲਾ, ਹਰਬਿੰਦਰ ਸਿੰਘ ਬੀਲ੍ਹਾ (ਕੈਨੇਡਾ) ਤੇ ਹੈਪੀ ਦਿਉਲ ਪ੍ਰਧਾਨ ਬਾਬਾ ਬੰਦਾ ਸਿੰਘ ਫਾਊਂਡੇਸ਼ਨ ਕੈਨੇਡਾ ਇਕਾਈ ਹੋਰ ਬੁਲਾਰਿਆਂ ਨੇ ਵੀ ਸੰਬੋਧਨ ਕੀਤਾ।

ਕ੍ਰਿਸ਼ਨ ਕੁਮਾਰ ਬਾਵਾ ਦੀ ਵਿਆਹ ਵਰ੍ਹੇਗੰਢ ਵੀ ਇਸੇ ਦਿਨ ਹੋਣ ਕਾਰਨ ਸਭ ਨੇ ਬਾਵਾ ਦੰਪਤੀ ਨੂੰ ਮੁਬਾਰਕ ਦਿੱਤੀ ਅਤੇ ਸਾਬਕਾ ਮੰਤਰੀ ਸ. ਮਲਕੀਤ ਸਿੰਘ ਦਾਖਾ ਤੇ ਫਾਉਂਡੇਸ਼ਨ ਦੇ ਪ੍ਰਧਾਨ ਸ. ਕਰਨੈਲ ਸਿੰਘ ਗਿੱਲ ਨੇ ਲੱਡੂ ਵੰਡ ਕੇ ਸਭ ਦਾ ਮੂੰਹ ਮਿੱਠਾ ਕਰਵਾਇਆ।

ਇਸ ਪ੍ਰਭਾਵਸ਼ਾਲੀ ਸਮਾਰੋਹ ਦੀ ਆਰੰਭਤਾ 'ਤੇ ਪ੍ਰਵਾਸੀ ਮੀਡੀਆ ਦੀ ਅਮਰੀਕਾ ਤੋਂ ਆਈ ਹਸਤੀ ਸ. ਗੁਰਜਤਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਅੱਜ ਦੇ ਮਸ਼ੀਨੀ ਅਤੇ ਭੱਜ-ਦੌੜ ਦੇ ਯੁੱਗ ਵਿਚ ਅਸੀਂ ਘਰਾਂ ਵਿਚ ਬੈਠੇ ਹੀ ਆਪਣਿਆਂ ਤੋਂ ਦੂਰ ਹੋ ਚੁੱਕੇ ਹਾਂ, ਰਿਸ਼ਤਿਆਂ ਵਿਚੋਂ ਸਤਿਕਾਰ ਦੇ ਮਨਫ਼ੀ ਹੋਣ ਪਿੱਛੇ ਸਮਾਰਟਫੋਨ, ਸੋਸ਼ਲ ਮੀਡੀਆ ਦਾ ਵੱਡਾ ਰੋਲ ਹੈ।

ਸ਼੍ਰੋਮਣੀ ਲੇਖਕ ਅਮਰੀਕ ਸਿੰਘ ਤਲਵੰਡੀ ਨੇ ਸਾਦੇ ਅਤੇ ਟਿਕਾਊ ਸ਼ਬਦਾਂ 'ਚ ਰਿਸ਼ਤਿਆਂ ਦਾ ਸਤਿਕਾਰ ਵਿਸ਼ੇ 'ਤੇ ਬੋਲਦਿਆਂ ਕਿਹਾ ਕਿ ਵੱਡਿਆਂ ਅੱਗੇ ਝੁੱਕ ਜਾਣਾ ਹੀ ਵੱਡਾ ਸਤਿਕਾਰ ਹੈ। ਉਨ੍ਹਾਂ ਦੱਸਿਆ ਕਿ ਆਪਣੀ ਮਾਤ ਭਾਸ਼ਾ ਵਿਚ ਰਹਿ ਕੇ ਮਾਪਿਆਂ ਨੂੰ ਸਤਿਕਾਰ ਦਿੱਤਾ ਜਾਵੇ। ਰਿਸ਼ਤਿਆਂ ਵਿਚ ਵੱਡਾ-ਛੋਟਾ ਹੋਣਾ ਓਨਾ ਲਾਜ਼ਮੀ ਨਹੀਂ, ਜਿਨ੍ਹਾਂ ਕਿ ਨਿਮਰਤਾ ਅਤੇ ਸਾਦਗੀ ਹੈ। ਪ੍ਰਿੰਸੀਪਲ ਲਖਵੰਤ ਕੌਰ ਕੈਨੇਡਾ ਨੇ ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਸਾਡੀ ਬੋਲਬਾਣੀ ਹੀ ਸਾਡੇ ਅੰਦਰਲੇ ਸਤਿਕਾਰ ਦਾ ਸ਼ੀਸ਼ਾ ਹੁੰਦੀ ਹੈ, ਤਲਖ ਅਤੇ ਕੌੜੇ ਬੋਲ ਰਿਸ਼ਤਿਆਂ ਦੀਆਂ ਜੜ੍ਹਾਂ ਵੱਢ ਦਿੰਦੇ ਹਨ। ਉਨ੍ਹਾਂ ਕਿਹਾ ਕਿ ਰਿਸ਼ਤੇ ਕੱਚੇ ਧਾਗੇ ਵਾਂਗ ਹੁੰਦੇ ਹਨ, ਇਨ੍ਹਾਂ ਨੂੰ ਪਿਆਰ ਅਤੇ ਸਤਿਕਾਰ ਦੀ ਗੰਢ ਨਾਲ ਹੀ ਪੱਕਾ ਕੀਤਾ ਜਾ ਸਕਦਾ ਹੈ।

ਲੁਧਿਆਣਾ ਦੀ ਪ੍ਰਮੁੱਖ ਸ਼ਖ਼ਸੀਅਤ ਡਾ. ਨੀਲਮ ਖੋਸਲਾ ਨੇ ਕਿਹਾ ਕਿ ਰਿਸ਼ਤਿਆਂ ਨੂੰ ਸਾਂਭਣ ਦੀ ਜਾਚ ਆਉਣੀ ਲਾਜ਼ਮੀ ਹੈ, ਝੁੱਕ ਕੇ ਗਲਤੀ ਮੰਨਣ ਵਾਲਾ ਹੀ ਰਿਸ਼ਤਿਆਂ ਦੀ ਅਸਲ ਕੀਮਤ ਜਾਣਦਾ ਹੈ, ਜਦੋਂ ਸਾਡੇ ਆਪਸੀ ਵਿਹਾਰ ਵਿਚ ਨਿਮਰਤਾ ਅਤੇ ਸਤਿਕਾਰ ਸ਼ਾਮਲ ਹੋ ਜਾਂਦਾ ਹੈ, ਤਾਂ ਇਹ ਆਮ ਜ਼ਿੰਦਗੀ ਵੀ ਕਮਾਲ ਬਣ ਜਾਂਦੀ ਹੈ।

ਕੈਨੇਡਾ ਤੋਂ ਆਏ ਰਿਟਾਇਰਡ ਪੀ.ਸੀ.ਐੱਸ. ਅਧਿਕਾਰੀ ਸ. ਹਰਚਰਨ ਸਿੰਘ ਸੰਧੂ ਮਾਣੂੰਕੇ ਨੇ ਕਿਹਾ ਕਿ ਮਾਂ-ਬਾਪ ਤੇ ਪਰਿਵਾਰ ਸਾਨੂੰ ਜੋ ਸਿਖਾਉਂਦਾ ਹੈ, ਉਹ ਸਾਰੀ ਉਮਰ ਦੇਸ਼ ਪਰਦੇਸ਼ ਵਿਚ ਕੰਮ ਆਉਂਦਾ ਹੈ। ਵਿਨੀਪੈਗ (ਕੈਨੇਡਾ) ਸਥਿਤ 'ਰੇਡੀਓ ਆਪਣਾ' ਦੀ ਮੁੱਖ ਸੰਚਾਲਕ ਮਨਧੀਰ ਕੌਰ ਮਨੂ ਨੇ ਵੀ ਸਰੋਤਿਆਂ ਨਾਲ ਮੁੱਲਵਾਨ ਨੁਕਤੇ ਸਾਂਝੇ ਕਰਦਿਆਂ ਕਿਹਾ ਕਿ ਸੰਕਟ ਦੀ ਘੜੀ ਰਿਸ਼ਤਿਆਂ ਦੀ ਅਸਲ ਪਰਖ ਹੁੰਦੀ ਹੈ। ਖ਼ੂਨ ਦੇ ਰਿਸ਼ਤੇ ਵੀ ਸੰਕਟ ਵੇਲੇ ਪਰਖੇ ਜਾਂਦੇ ਹਨ ਪਰ ਆਪਣੀ ਮਰਜ਼ੀ ਨਾਲ ਸਿਰਜੇ ਰਿਸ਼ਤੇ ਬਹੁਤੀ ਵਾਰ ਪਰਖ ਵਿਚੋਂ ਪਾਸ ਹੋ ਜਾਂਦੇ ਹਨ। ਇਸ ਲਈ ਰਿਸ਼ਤਿਆਂ ਵਿਚ ਸੰਤੁਲਨ ਜ਼ਰੂਰੀ ਹੈ। ਇਸ ਮੌਕੇ ਸਾਬਕਾ ਡੀ.ਪੀ.ਆਰ.ਓ. ਸ. ਗਿਆਨ ਸਿੰਘ ਮੋਗਾ, ਪ੍ਰਿੰਸੀਪਲ ਬਲਦੇਵ ਬਾਵਾ, ਬਾਬੂ ਸਿੰਘ ਇੰਸਪੈਕਟਰ, ਕਰਨੈਲ ਸਿੰਘ ਗਿੱਲ, ਅਨਿਲ ਸੇਠੀ, ਬੀਬੀ ਜੋਗਿੰਦਰ ਕੌਰ, ਰਾਕੇਸ਼ ਗੋਇਲ, ਹਰਬੰਤ ਸਿੰਘ ਦਿਓਲ, ਹਰਬਿੰਦਰ ਗਰੇਵਾਲ, ਹੇਮਰਾਜ ਗੋਇਲ, ਅਰਜਨ ਬਾਵਾ, ਦਮਨ ਸ਼ਰਮਾ, ਕਿਰਪਾਲ ਹੰਭੜਾਂ, ਜਗਜੀਵਨ ਸਿੰਘ ਗਰੀਬ ਨੇ ਵੀ ਸ਼ਿਰਕਤ ਕੀਤੀ।

ਫਾਊਂਡੇਸ਼ਨ ਦੇ ਚੇਅਰਮੈਨ ਕ੍ਰਿਸ਼ਨ ਕੁਮਾਰ ਬਾਵਾ ਵਲੋਂ ਪੂਰੇ ਸਮਾਰੋਹ ਦੀ ਸਮਾਪਤੀ ਸਮੇਂ ਸਮੁੱਚੇ ਬੁਲਾਰਿਆਂ ਤੇ ਪ੍ਰਵਾਸੀ ਮਹਿਮਾਨਾਂ ਨੂੰ ਪੁਸਤਕਾਂ ਦੇ ਸੈੱਟ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਸਭ ਮਹਿਮਾਨਾਂ ਤੇ ਸਰੋਤਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਡੀ ਫਾਊਂਡੇਸ਼ਨ ਧਾਰਮਿਕ ਸਮਾਗਮਾਂ ਦੇ ਨਾਲ ਸਮਾਜਿਕ ਪ੍ਰੋਗਰਾਮਾਂ ਨੂੰ ਵੀ ਪਹਿਲ ਦਿੰਦੀ ਹੈ ਅਤੇ ਨੇੜ ਭਵਿੱਖ ਵਿਚ ਸਾਦੇ ਵਿਆਹ ਦੇ ਨਾਲ-ਨਾਲ ਸਮਾਜਿਕ ਸਮਾਰੋਹਾਂ ਵਿਚ ਭੋਜਨ ਦੀ ਬੇਹੁਰਮਤੀ ਬਾਰੇ ਵੀ ਗੋਸ਼ਟੀਆਂ ਕਰਵਾਈਆਂ ਜਾਣਗੀਆਂ।

ਫਾਊਂਡੇਸ਼ਨ ਦੇ ਸਰਪ੍ਰਸਤ ਸਾਬਕਾ ਮੰਤਰੀ ਸ. ਮਲਕੀਤ ਸਿੰਘ ਦਾਖਾ ਨੇ ਸਭਨਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਚੰਗੇ ਵਿਚਾਰਾਂ ਦੀ ਸੰਗਤ ਨਾਲ ਹੀ ਰਿਸ਼ਤਿਆਂ ਸਤਿਕਾਰ ਪ੍ਰਬਲ ਹੋਵੇਗਾ। ਸਾਨੂੰ ਆਪੋ-ਆਪਣੇ ਪ੍ਰਭਾਵ ਖੇਤਰ ਵਿਚ ਨਫ਼ਰਤ ਤੇ ਸਾੜੇ ਕੀਨੇ ਦੀ ਥਾਂ ਮੁਹੱਬਤ ਬੀਜਣੀ ਚਾਹੀਦੀ ਹੈ।


Jaspreet Singh
Attorney at Law
ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ,
ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸਾਂ ਲਈ
ਅਟਾਰਨੀ ਐਟ ਲਾਅ, ਨਿਊਯਾਰਕ ਅਤੇ ਕੈਲੀਫੋਰਨੀਆ

ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ

SACRAMENTO
5855 Auburn Blvd,
Sacramento, CA 95841,
+1-916-307-4620

FRESNO
1625 E Shaw Ave
#122, Fresno,
CA 93726
559-271-5511

FREMONT
3155 KEARNEY ST,
SUITE #248,
FREMONT, CA 94538.
+1-510-657-6444

NEWYORK
108-14 Jamaica Ave,
Richmond Hill,
NY 11418
Phone: 718-533-8444

Designed By Punjab Mail USA

# ਟਰੰਪ ਵੱਲੋਂ ਅਮਰੀਕੀ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਟੈਰਿਫ 'ਚ ਵਾਧਾ

**■ ਅਦਾਲਤੀ ਰੋਕ ਦੇ ਬਾਵਜੂਦ ਟਰੰਪ ਨੇ ਵਿਦੇਸ਼ੀ ਸਾਮਾਨ 'ਤੇ ਟੈਕਸ ਵਧਾਉਣ ਦਾ ਲਿਆ ਫੈਸਲਾ**




ਵਾਸ਼ਿੰਗਟਨ, (ਪੰਜਾਬ ਮੇਲ)- ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਉਹ ਵਿਦੇਸ਼ੀ ਸਾਮਾਨ ਦੀ ਦਰਾਮਦ 'ਤੇ ਲਗਾਏ ਜਾਣ ਵਾਲੇ ਟੈਰਿਫ ਨੂੰ 10 ਫੀਸਦੀ ਤੋਂ ਵਧਾ ਕੇ 15 ਫੀਸਦੀ ਕਰ ਰਹੇ ਹਨ। ਟਰੰਪ ਨੇ ਇਹ ਫੈਸਲਾ ਇੱਕ ਦਿਨ ਪਹਿਲਾਂ ਕੀਤੇ ਗਏ ਆਪਣੇ ਹੀ ਐਲਾਨ ਨੂੰ ਬਦਲਦਿਆਂ ਕੀਤਾ ਹੈ। ਸੋਸ਼ਲ ਮੀਡੀਆ 'ਤੇ ਇੱਕ ਪੋਸਟ ਪਾਉਂਦਿਆਂ ਟਰੰਪ ਨੇ ਕਿਹਾ ਕਿ ਅਮਰੀਕੀ ਸੁਪਰੀਮ ਕੋਰਟ ਨੇ ਟੈਰਿਫਾਂ ਬਾਰੇ ਜੋ ਫੈਸਲਾ ਸੁਣਾਇਆ ਹੈ, ਉਹ ਬੇਤੁਕਾ ਅਤੇ ਅਮਰੀਕਾ ਵਿਰੋਧੀ ਹੈ, ਜਿਸ ਕਾਰਨ ਉਹ ਹੁਣ ਟੈਕਸ ਦੀ ਦਰ ਨੂੰ ਹੋਰ ਵਧਾ ਰਹੇ ਹਨ।

ਦਰਅਸਲ, ਅਦਾਲਤ ਨੇ ਪਹਿਲਾਂ ਇਹ ਫੈਸਲਾ ਸੁਣਾਇਆ ਸੀ ਕਿ ਰਾਸ਼ਟਰਪਤੀ ਕੋਲ ਬਿਨਾਂ ਸੰਸਦ ਦੀ ਮਨਜ਼ੂਰੀ ਦੇ ਅਜਿਹੇ ਵੱਡੇ ਟੈਕਸ ਲਗਾਉਣ ਦੀ ਸ਼ਕਤੀ ਨਹੀਂ ਹੈ। ਇਸ ਦੇ ਜਵਾਬ ਵਿਚ ਟਰੰਪ ਨੇ ਸ਼ੁੱਕਰਵਾਰ ਰਾਤ ਨੂੰ ਇੱਕ ਕਾਰਜਕਾਰੀ ਆਦੇਸ਼ (ਐਗਜ਼ੀਕਿਊਟਿਵ ਆਰਡਰ) 'ਤੇ ਦਸਤਖਤ ਕੀਤੇ ਸਨ, ਜਿਸ ਰਾਹੀਂ ਉਹ ਕਾਂਗਰਸ ਨੂੰ ਬਾਈਪਾਸ ਕਰਕੇ ਦੁਨੀਆਂ ਭਰ ਤੋਂ ਆਉਣ ਵਾਲੇ ਸਾਮਾਨ 'ਤੇ 10 ਫੀਸਦੀ ਟੈਕਸ ਲਗਾਉਣ ਦੇ ਯੋਗ ਹੋ ਗਏ ਸਨ। ਹਾਲਾਂਕਿ, ਇਹ ਟੈਰਿਫ ਸਿਰਫ 150 ਦਿਨਾਂ ਲਈ ਲਾਗੂ ਹੋ ਸਕਦੇ ਹਨ, ਜਦੋਂ ਤੱਕ ਇਨ੍ਹਾਂ ਨੂੰ ਕਾਨੂੰਨੀ ਤੌਰ 'ਤੇ ਵਧਾਇਆ ਨਹੀਂ ਜਾਂਦਾ।

ਟਰੰਪ ਵੱਲੋਂ ਵਾਰ-ਵਾਰ ਟੈਰਿਫਾਂ ਵਿਚ ਕੀਤੇ ਜਾ ਰਹੇ ਬਦਲਾਅ ਨੇ ਵਿਸ਼ਵ ਬਾਜ਼ਾਰਾਂ ਅਤੇ ਹੋਰ ਦੇਸ਼ਾਂ ਵਿਚ ਚਿੰਤਾ ਪੈਦਾ ਕਰ ਦਿੱਤੀ ਹੈ। ਸ਼ੁੱਕਰਵਾਰ ਨੂੰ ਕੀਤੇ ਗਏ ਆਦੇਸ਼ ਅਨੁਸਾਰ ਇਹ ਟੈਕਸ 24 ਫਰਵਰੀ ਤੋਂ ਲਾਗੂ ਹੋਣੇ ਸਨ ਪਰ ਹੁਣ 15 ਫੀਸਦੀ ਵਾਲੇ ਨਵੇਂ ਆਦੇਸ਼ 'ਤੇ ਦਸਤਖਤ ਕਦੋਂ ਹੋਣਗੇ, ਇਸ ਬਾਰੇ ਵ੍ਹਾਈਟ ਹਾਊਸ ਨੇ ਅਜੇ ਕੋਈ ਸਪੱਸ਼ਟ ਜਾਣਕਾਰੀ ਨਹੀਂ ਦਿੱਤੀ ਹੈ। ਟਰੰਪ ਨੇ ਇਹ ਵੀ ਕਿਹਾ ਹੈ ਕਿ ਉਹ ਫੈਡਰਲ ਕਾਨੂੰਨ ਦੀਆਂ ਹੋਰ ਧਾਰਾਵਾਂ ਰਾਹੀਂ ਵੀ ਟੈਰਿਫ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਜਿਸ ਲਈ ਵਣਜ ਮੰਤਰਾਲੇ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

# ਅਮਰੀਕਾ 'ਚ ਭਾਰਤੀ ਮੂਲ ਦੇ 2 ਸਕੇ ਭਰਾ ਨਸ਼ਾ ਮੰਗਵਾਉਣ ਦੇ ਦੋਸ਼ ਹੇਠ ਗ੍ਰਿਫ਼ਤਾਰ

**■ 5 ਤੋਂ 10 ਸਾਲ ਤੱਕ ਦੀ ਹੋ ਸਕਦੀ ਹੈ ਸਜ਼ਾ**



ਨਿਊ ਜਰਸੀ, (ਪੰਜਾਬ ਮੇਲ)- ਅਮਰੀਕਾ ਵਿਚ ਰਹਿੰਦੇ ਕਰਨਜੀਤ ਸਿੰਘ (24) ਅਤੇ ਜਗਰੂਪ ਸਿੰਘ (25) ਦੋਵੇਂ ਸਕੇ ਭਰਾਵਾਂ ਨੂੰ ਨੀਦਰਲੈਂਡ ਤੋਂ ਨਸ਼ਾ ਮੰਗਵਾਉਣ ਦੇ ਇਲਜ਼ਾਮ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ। 19 ਕਿਲੋਗ੍ਰਾਮ (42 ਪੌਂਡ) ਅਫੀਮ, ਜਿਨ੍ਹਾਂ ਵਿਚ ਮੋਰਫੀਨ ਸੀ, ਸਮੇਤ ਫੜੇ ਜਾਣ ਕਾਰਨ ICE ਡਿਟੇਨਰ ਲਗਾ ਦਿੱਤਾ ਗਿਆ ਹੈ। ਇਹ ਦੋਵੇਂ ਭਰਾ ਵੁੱਡ-ਰਿਜ, ਬਰਗਨ ਕਾਊਂਟੀ (ਨਿਊ ਜਰਸੀ) ਵਿਚ ਰਹਿੰਦੇ ਹਨ। ਇਹ ਗ੍ਰਿਫ਼ਤਾਰੀਆਂ 30 ਜਨਵਰੀ 2026 ਨੂੰ ਹੋਈਆਂ ਹਨ। ਜਾਂਚ ਵਿਚ ਸਾਹਮਣੇ ਆਇਆ ਕਿ ਇਹ ਪੈਕਟ ਕੋਰੀਅਰ ਰਾਹੀਂ ਮੰਗਵਾਇਆ ਗਿਆ ਸੀ। ਇਹ ਪੈਕੇਟ ਰਸਤੇ ਵਿਚ ਚੈੱਕ ਕੀਤਾ ਗਿਆ, ਜੋ ਕਿ ਉਨ੍ਹਾਂ ਦੇ ਘਰ ਡਲੀਵਰ ਹੋਣਾ ਸੀ । ਇਸ ਕਾਰਵਾਈ ਵਿਚ ਹੋਮਲੈਂਡ ਸਿਕਿਉਰਿਟੀ ਇਨਵੈਸਟੀਗੇਸ਼ਨਜ਼ (HSI), ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ (CBP), ਬਰਗਨ ਕਾਊਂਟੀ ਪ੍ਰੋਸਿਕਿਊਟਰ ਦਫ਼ਤਰ ਦੀ ਨਾਰਕੋਟਿਕ ਟਾਸਕ ਫੋਰਸ ਅਤੇ ਵੁੱਡ-ਰਿਜ ਪੁਲਿਸ ਸ਼ਾਮਲ ਸੀ। ਘਰ ਦੀ ਤਲਾਸ਼ੀ ਹੋਈ, ਤਾਂ ਉਸ ਵੇਲੇ ਵੀ ਤਸਕਰੀ ਨਾਲ ਜੁੜੇ ਬਰਤਨ ਤੇ ਹੋਰ ਸਾਮਾਨ ਬਰਾਮਦ ਕੀਤੇ ਗਏ। ਇਸ ਵੇਲੇ ਦੋਵੇਂ ਭਰਾ ਬਰਗਨ ਕਾਊਂਟੀ ਜੇਲ੍ਹ ਵਿਚ ਬੰਦ ਹਨ। ICE ਡਿਟੇਨਰ ਲੱਗੇ ਹੋਣ ਕਾਰਨ ਕੇਸ ਤੋਂ ਬਾਅਦ ਡਿਪੋਰਟੇਸ਼ਨ ਦੀ ਕਾਰਵਾਈ ਵੀ ਹੋਵੇਗੀ। ਇਸ ਕੇਸ ਵਿਚ 5 ਤੋਂ 10 ਸਾਲ ਤੱਕ ਦੀ ਸਜ਼ਾ ਹੋ ਸਕਦੀ ਹੈ। ਇਹ ਪੈਕੇਟ ਨੀਦਰਲੈਂਡ ਤੋਂ ਭੇਜਿਆ ਗਿਆ ਸੀ ਤੇ ਉਨ੍ਹਾਂ ਦੇ ਅਡਰੈੱਸ ਵੁੱਡ-ਰਿਜ ਹੋਮ 'ਤੇ ਕੋਰੀਅਰ ਹੋਣ ਵਾਲਾ ਸੀ।

# ਕੈਨੇਡਾ ਨੇ ਜਬਰੀ ਵਸੂਲੀ ਦੇ ਦੋਸ਼ੀ ਪੰਜਾਬੀ ਨੌਜਵਾਨ ਨੂੰ ਕੀਤਾ ਡਿਪੋਰਟ

ਸਰੀ, (ਪੰਜਾਬ ਮੇਲ)- ਕੈਨੇਡਾ ਸਰਕਾਰ ਨੇ ਜਬਰੀ ਵਸੂਲੀ ਵਰਗੀਆਂ ਅਪਰਾਧਿਕ ਗਤੀਵਿਧੀਆਂ ਵਿਚ ਸ਼ਾਮਲ ਹੋਣ ਦੇ ਦੋਸ਼ ਹੇਠ 22 ਸਾਲਾ ਪੰਜਾਬੀ ਨੌਜਵਾਨ ਲਵਬੀਰ ਸਿੰਘ ਨੂੰ ਦੇਸ਼ ਵਿਚੋਂ ਕੱਢ ਦਿੱਤਾ ਯਾਨੀ ਡਿਪੋਰਟ ਕਰ ਦਿੱਤਾ ਹੈ। ਸਰੀ ਪੁਲਿਸ ਸਰਵਿਸ ਨੇ ਲਵਬੀਰ ਦੀ ਤਸਵੀਰ ਜਾਰੀ ਕਰਦਿਆਂ ਜਨਤਾ ਨੂੰ ਅਪੀਲ ਕੀਤੀ ਹੈ ਕਿ ਉਹ ਉਸ ਦੇ ਸਾਥੀਆਂ ਅਤੇ ਕੈਨੇਡਾ ਵਿਚ ਉਸ ਦੇ ਠਹਿਰਾਅ ਦੌਰਾਨ ਕੀਤੀਆਂ ਗਈਆਂ ਗਤੀਵਿਧੀਆਂ ਬਾਰੇ ਜਾਣਕਾਰੀ ਸਾਂਝੀ ਕਰਨ। ਦੱਸ ਦੇਈਏ ਕਿ ਲਵਬੀਰ ਸਾਲ 2023 ਵਿਚ ਇਕ ਵਿਦੇਸ਼ੀ ਨਾਗਰਿਕ ਵਜੋਂ ਕੈਨੇਡਾ ਆਇਆ ਸੀ ਪਰ 2026 ਦੇ ਸ਼ੁਰੂ ਵਿਚ ਪੁਲਿਸ ਨੇ ਉਸ ਨੂੰ ਜਬਰੀ ਵਸੂਲੀ ਦੇ ਮਾਮਲਿਆਂ ਵਿਚ ਮੁੱਖ ਸ਼ੱਕੀ ਵਜੋਂ ਨਾਮਜ਼ਦ ਕੀਤਾ। ਸਰੀ ਪੁਲਿਸ ਅਨੁਸਾਰ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀ. ਬੀ. ਐੱਸ. ਏ.) ਵੱਲੋਂ ਕੀਤੀ ਗਈ ਇਮੀਗ੍ਰੇਸ਼ਨ ਜਾਂਚ ਤੋਂ ਬਾਅਦ ਇਹ ਕਾਰਵਾਈ ਕੀਤੀ ਗਈ ਹੈ। ਪੁਲਿਸ ਦਾ ਮੰਨਣਾ ਹੈ ਕਿ ਲਵਬੀਰ ਦੀ ਤਸਵੀਰ ਜਨਤਕ ਕਰਨ ਨਾਲ ਹੋਰ ਪੀੜਤਾਂ ਜਾਂ ਗਵਾਹਾਂ ਨੂੰ ਸਾਹਮਣੇ ਆਉਣ ਵਿਚ ਮਦਦ ਮਿਲੇਗੀ, ਜਿਸ ਨਾਲ ਹਿੰਸਕ ਵਸੂਲੀ ਪਿੱਛੇ ਕੰਮ ਕਰ ਰਹੇ ਅਪਰਾਧਿਕ ਨੈੱਟਵਰਕ ਦਾ ਪਰਦਾਫਾਸ਼ ਹੋ ਸਕੇ।

# ਟਰੰਪ ਦੇ ਰਿਜ਼ੋਰਟ 'ਚ ਘੁਸਪੈਠ ਦੀ ਕੋਸ਼ਿਸ਼: ਸੁਰੱਖਿਆ ਏਜੰਟਾਂ ਵੱਲੋਂ ਹਮਲਾਵਰ ਢੇਰ!

ਫਲੋਰੀਡਾ, (ਪੰਜਾਬ ਮੇਲ)- ਅਮਰੀਕੀ ਸੀਕਰੇਟ ਸਰਵਿਸ ਦੇ ਏਜੰਟਾਂ ਨੇ ਐਤਵਾਰ ਨੂੰ ਫਲੋਰੀਡਾ ਸਥਿਤ ਮਾਰ-ਏ-ਲਾਗੋ ਵਿਚ ਇੱਕ ਵੱਡੀ ਕਾਰਵਾਈ ਕਰਦਿਆਂ 20 ਸਾਲਾ ਇੱਕ ਨੌਜਵਾਨ ਨੂੰ ਗੋਲੀ ਮਾਰ ਦਿੱਤੀ, ਜਿਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਹ ਨੌਜਵਾਨ ਸੁਰੱਖਿਆ ਘੇਰਾ ਤੋੜ ਕੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਰਿਜ਼ੋਰਟ ਵਿਚ ਗੈਰ-ਕਾਨੂੰਨੀ ਢੰਗ ਨਾਲ ਦਾਖਲ ਹੋਣ ਦੀ ਕੋਸ਼ਿਸ਼ ਕਰ ਰਿਹਾ ਸੀ। ਦੱਸਣਯੋਗ ਹੈ ਕਿ ਜਿਸ ਥਾਂ 'ਤੇ ਇਹ ਘਟਨਾ ਵਾਪਰੀ, ਉੱਥੇ ਰਾਸ਼ਟਰਪਤੀ ਟਰੰਪ ਦਾ ਨਿੱਜੀ ਨਿਵਾਸ ਹੈ। ਹਾਲਾਂਕਿ, ਘਟਨਾ ਸਮੇਂ ਰਾਸ਼ਟਰਪਤੀ ਟਰੰਪ ਮਾਰ-ਏ-ਲਾਗੋ ਵਿਚ ਮੌਜੂਦ ਨਹੀਂ ਸਨ। ਅਮਰੀਕੀ ਖੁਫੀਆ ਵਿਭਾਗ ਦੇ ਅਧਿਕਾਰੀਆਂ ਨੇ ਐਤਵਾਰ ਨੂੰ ਜਾਣਕਾਰੀ ਦਿੱਤੀ ਕਿ ਇਹ ਘਟਨਾ ਸ਼ਨੀਵਾਰ ਰਾਤ ਨੂੰ ਵਾਪਰੀ।

ਵਜੇ ਵਾਪਰੀ। ਮਾਰੇ ਗਏ ਸ਼ੱਕੀ ਵਿਅਕਤੀ ਕੋਲੋਂ ਇੱਕ ਸ਼ਾਟਗਨ ਅਤੇ ਤੇਲ ਦਾ ਕੈਨ ਬਰਾਮਦ ਹੋਇਆ ਹੈ। ਫਿਲਹਾਲ ਪ੍ਰਸ਼ਾਸਨ ਵੱਲੋਂ ਮਾਰੇ ਗਏ ਨੌਜਵਾਨ ਦੀ ਪਛਾਣ ਜਨਤਕ ਨਹੀਂ ਕੀਤੀ ਗਈ ਹੈ। ਮਾਰ-ਏ-ਲਾਗੋ ਨੂੰ ਅਕਸਰ ਟਰੰਪ ਦਾ 'ਵਿੰਟਰ ਵ੍ਹਾਈਟ ਹਾਊਸ' ਕਿਹਾ ਜਾਂਦਾ ਹੈ ਅਤੇ ਇੱਥੇ ਸੁਰੱਖਿਆ ਦੇ ਬਹੁਤ ਸਖ਼ਤ ਪ੍ਰਬੰਧ ਹੁੰਦੇ ਹਨ। ਇਸ ਘਟਨਾ ਨੂੰ ਸੁਰੱਖਿਆ ਵਿਚ ਇੱਕ ਵੱਡੀ ਸੰਨ੍ਹ ਵਜੋਂ ਦੇਖਿਆ ਜਾ ਰਿਹਾ ਹੈ।

ਸੀਕਰੇਟ ਸਰਵਿਸ ਮੁਤਾਬਕ, ਸ਼ੱਕੀ ਨੂੰ ਰਿਜ਼ੋਰਟ ਦੇ ਨਾਰਥ ਗੇਟ (ਉੱਤਰੀ ਗੇਟ) ਦੇ ਕੋਲ ਦੇਖਿਆ ਗਿਆ ਸੀ, ਜਿੱਥੇ ਉਹ ਸੁਰੱਖਿਆ ਵਾੜ ਨੂੰ ਪਾਰ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਉਸ ਕੋਲ ਸ਼ਾਟਗਨ ਅਤੇ ਬਾਲਣ ਵਰਗਾ ਸ਼ੱਕੀ ਸਾਮਾਨ ਦੇਖ ਕੇ ਜਦੋਂ ਸੀਕਰੇਟ ਸਰਵਿਸ ਦੇ ਏਜੰਟਾਂ ਨੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਤਾਂ ਸਥਿਤੀ ਤਣਾਅਪੂਰਨ ਹੋ ਗਈ ਅਤੇ ਮੁਕਾਬਲਾ ਸ਼ੁਰੂ ਹੋ ਗਿਆ। ਇਸ ਦੌਰਾਨ ਸੀਕਰੇਟ ਸਰਵਿਸ ਦੇ ਏਜੰਟਾਂ ਅਤੇ ਪਾਮ ਬੀਚ ਕਾਊਂਟੀ ਸ਼ੈਰਿਫ ਆਫਿਸ ਦੇ ਇੱਕ ਡਿਪਟੀ ਨੇ ਮਿਲ ਕੇ ਗੋਲੀਆਂ ਚਲਾਈਆਂ, ਜਿਸ ਵਿਚ ਸ਼ੱਕੀ ਮਾਰਿਆ ਗਿਆ।

ਇਸ ਮੁਕਾਬਲੇ ਵਿਚ ਸੀਕਰੇਟ ਸਰਵਿਸ ਜਾਂ ਪੁਲਿਸ ਦਾ ਕੋਈ ਵੀ ਮੁਲਾਜ਼ਮ ਜ਼ਖ਼ਮੀ ਨਹੀਂ ਹੋਇਆ ਹੈ। ਅਧਿਕਾਰੀਆਂ ਨੇ ਪੁਸ਼ਟੀ ਕੀਤੀ ਹੈ ਕਿ ਘਟਨਾ ਦੇ ਸਮੇਂ ਰਿਜ਼ੋਰਟ ਵਿਚ ਕੋਈ ਵੀ ਵੀ.ਆਈ.ਪੀ. ਜਾਂ ਵੱਡਾ ਨੇਤਾ ਮੌਜੂਦ ਨਹੀਂ ਸੀ। ਇਸ ਸਮੇਂ ਐੱਫ.ਬੀ.ਆਈ., ਸੀਕਰੇਟ ਸਰਵਿਸ ਅਤੇ ਸਥਾਨਕ ਪੁਲਿਸ ਮਿਲ ਕੇ ਇਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰ ਰਹੀਆਂ ਹਨ। ਫਿਲਹਾਲ ਮਾਰੇ ਗਏ ਵਿਅਕਤੀ ਦੀ ਪਛਾਣ ਜਨਤਕ ਨਹੀਂ ਕੀਤੀ ਗਈ ਹੈ।

ਜ਼ਿਕਰਯੋਗ ਹੈ ਕਿ ਇਹ ਪਹਿਲੀ ਵਾਰ ਨਹੀਂ ਹੈ, ਜਦੋਂ ਟਰੰਪ 'ਤੇ ਹਮਲੇ ਦੀ ਕੋਸ਼ਿਸ਼ ਹੋਈ ਹੋਵੇ। ਇਸ ਤੋਂ ਪਹਿਲਾਂ 13 ਜੁਲਾਈ 2024 ਨੂੰ ਪੈਨਸਿਲਵੇਨੀਆ ਦੀ ਇੱਕ ਚੋਣ ਰੈਲੀ ਦੌਰਾਨ ਉਨ੍ਹਾਂ 'ਤੇ ਗੋਲੀ ਚਲਾਈ ਗਈ ਸੀ, ਜਿਸ ਵਿਚ ਉਹ ਜ਼ਖ਼ਮੀ ਹੋ ਗਏ ਸਨ। ਇਸ ਤੋਂ ਬਾਅਦ 15 ਸਤੰਬਰ 2024 ਨੂੰ ਵੀ ਵੈਸਟ ਪਾਮ ਬੀਚ ਸਥਿਤ ਉਨ੍ਹਾਂ ਦੇ ਗੋਲਫ ਕੋਰਸ ਨੇੜੇ ਇੱਕ ਰਾਈਫਲਧਾਰੀ ਨੂੰ ਗ੍ਰਿਫਤਾਰ ਕੀਤਾ ਗਿਆ ਸੀ, ਜਿਸ ਨੂੰ ਹਾਲ ਹੀ ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ।

# ਟਰੰਪ ਪ੍ਰਸ਼ਾਸਨ ਵੱਲੋਂ ਗ੍ਰੀਨ ਕਾਰਡ ਲਈ ਅਪਲਾਈ ਕਰਨ ਵਾਲਿਆਂ ਨੂੰ ਹਿਰਾਸਤ 'ਚ ਰੱਖਣ ਦੇ ਹੁਕਮ




ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਨੇ ਇੱਕ ਨਵਾਂ ਸਖ਼ਤ ਹੁਕਮ ਜਾਰੀ ਕੀਤਾ ਹੈ, ਜਿਸ ਤਹਿਤ ਗ੍ਰੀਨ ਕਾਰਡ (ਸਥਾਈ ਨਿਵਾਸ) ਲਈ ਅਪਲਾਈ ਕਰਨ ਵਾਲੇ ਸ਼ਰਨਾਰਥੀਆਂ ਨੂੰ ਸੰਘੀ ਹਿਰਾਸਤ ਵਿਚ ਰੱਖਣ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਫੈਸਲੇ ਨਾਲ ਸਾਬਕਾ ਰਾਸ਼ਟਰਪਤੀ ਜੋਅ ਬਾਇਡਨ ਦੇ ਕਾਰਜਕਾਲ ਦੌਰਾਨ ਅਮਰੀਕਾ ਆਏ ਲਗਭਗ 2 ਲੱਖ ਸ਼ਰਨਾਰਥੀ ਪ੍ਰਭਾਵਿਤ ਹੋ ਸਕਦੇ ਹਨ।

ਮਿਨੇਸੋਟਾ ਦੀ ਸੰਘੀ ਅਦਾਲਤ ਵਿਚ ਗ੍ਰਹਿ ਮੰਤਰਾਲੇ (ਡੀ.ਐੱਚ.ਐੱਸ.) ਵੱਲੋਂ ਦਾਇਰ ਕੀਤੇ ਗਏ ਇੱਕ ਮੈਮੋ ਅਨੁਸਾਰ, ਗ੍ਰੀਨ ਕਾਰਡ ਲਈ ਅਪਲਾਈ ਕਰਨ ਵਾਲੇ ਸ਼ਰਨਾਰਥੀਆਂ ਨੂੰ ਆਪਣੀ ਅਰਜ਼ੀ ਦੀ ਸਮੀਖਿਆ ਦੌਰਾਨ ਅਮਰੀਕਾ ਵਿਚ ਦਾਖਲ ਹੋਣ ਦੇ ਇੱਕ ਸਾਲ ਬਾਅਦ ਤੱਕ ਸੰਘੀ ਹਿਰਾਸਤ ਵਿਚ ਰਹਿਣਾ ਪਵੇਗਾ। ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਉਹ ਨਿਰੀਖਣ ਅਤੇ ਜਾਂਚ ਪ੍ਰਕਿਰਿਆ ਦੀ ਮਿਆਦ ਲਈ ਇਨ੍ਹਾਂ ਪ੍ਰਵਾਸੀਆਂ ਨੂੰ ਹਿਰਾਸਤ ਵਿਚ ਰੱਖ ਸਕਦਾ ਹੈ। ਟਰੰਪ ਪ੍ਰਸ਼ਾਸਨ ਦੇ ਇਸ ਕਦਮ ਨੇ ਬਾਇਡਨ ਪ੍ਰਸ਼ਾਸਨ ਦੌਰਾਨ ਆਏ ਸ਼ਰਨਾਰਥੀਆਂ ਵਿਚ ਭਾਰੀ ਡਰ ਅਤੇ ਉਲਝਣ ਪੈਦਾ ਕਰ ਦਿੱਤੀ ਹੈ। ਮਨੁੱਖੀ ਅਧਿਕਾਰ ਕਾਰਕੁਨਾਂ ਅਤੇ ਪੁਨਰਵਾਸ ਸਮੂਹਾਂ ਨੇ ਇਸ ਹੁਕਮ ਦੀ ਸਖ਼ਤ ਆਲੋਚਨਾ ਕੀਤੀ ਹੈ। ਮਾਹਰਾਂ ਦਾ ਮੰਨਣਾ ਹੈ ਕਿ ਇਸ ਫੈਸਲੇ ਨੂੰ ਆਉਣ ਵਾਲੇ ਦਿਨਾਂ ਵਿਚ ਕਾਨੂੰਨੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਟਰੰਪ ਪ੍ਰਸ਼ਾਸਨ ਨੇ ਇਸ ਨੀਤੀ ਵਿਚ ਬਦਲਾਅ ਲਈ ਰਾਸ਼ਟਰੀ ਸੁਰੱਖਿਆ ਅਤੇ ਆਰਥਿਕ ਚਿੰਤਾਵਾਂ ਨੂੰ ਮੁੱਖ ਕਾਰਨ ਦੱਸਿਆ ਹੈ। ਪ੍ਰਸ਼ਾਸਨ ਦੀ ਯੋਜਨਾ ਬਾਇਡਨ ਦੇ ਕਾਰਜਕਾਲ ਦੌਰਾਨ ਆਏ ਸਾਰੇ ਸ਼ਰਨਾਰਥੀਆਂ ਦੀ ਦੁਬਾਰਾ ਸਮੀਖਿਆ ਕਰਨ ਦੀ ਹੈ, ਜਿਸ ਕਾਰਨ ਫਿਲਹਾਲ ਗ੍ਰੀਨ ਕਾਰਡ ਦੀ ਮਨਜ਼ੂਰੀ 'ਤੇ ਤੁਰੰਤ ਪ੍ਰਭਾਵ ਨਾਲ ਰੋਕ ਲਗਾ ਦਿੱਤੀ ਗਈ ਹੈ। ਹਾਲਾਂਕਿ, ਕੁਝ ਮਾਹਰਾਂ ਦਾ ਤਰਕ ਹੈ ਕਿ ਦੇਸ਼ ਵਿਚ ਦਾਖਲ ਹੋਣ ਵੇਲੇ ਸ਼ਰਨਾਰਥੀਆਂ ਦੀ ਪਹਿਲਾਂ ਹੀ ਪੂਰੀ ਤਰ੍ਹਾਂ ਜਾਂਚ-ਪੜਤਾਲ ਕੀਤੀ ਜਾਂਦੀ ਹੈ। ਇਹ ਕਾਰਵਾਈ ਟਰੰਪ ਪ੍ਰਸ਼ਾਸਨ ਵੱਲੋਂ ਇਮੀਗ੍ਰੇਸ਼ਨ ਸਬੰਧੀ ਪਾਬੰਦੀਆਂ ਨੂੰ ਸਖ਼ਤ ਕਰਨ ਦੀ ਲੜੀ ਦਾ ਇੱਕ ਹਿੱਸਾ ਹੈ।

# ਅਮਰੀਕੀ ਸੁਪਰੀਮ ਕੋਰਟ ਵੱਲੋਂ ਟਰੰਪ ਦੇ ਦੁਨੀਆਂ ਭਰ 'ਤੇ ਲਗਾਇਆ ਟੈਰਿਫ ਗੈਰ-ਕਾਨੂੰਨੀ ਕਰਾਰ



ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਸੁਪਰੀਮ ਕੋਰਟ ਤੋਂ ਇੱਕ ਬਹੁਤ ਵੱਡਾ ਝਟਕਾ ਲੱਗਿਆ ਹੈ। ਅਦਾਲਤ ਨੇ ਇੱਕ ਇਤਿਹਾਸਕ ਫੈਸਲਾ ਸੁਣਾਉਂਦੇ ਹੋਏ ਕਿਹਾ ਹੈ ਕਿ ਰਾਸ਼ਟਰਪਤੀ ਕੋਲ ਦੁਨੀਆਂ ਦੇ ਦੇਸ਼ਾਂ 'ਤੇ ਟੈਰਿਫ (ਆਯਾਤ ਟੈਕਸ) ਲਗਾਉਣ ਦਾ ਕੋਈ ਕਾਨੂੰਨੀ ਅਧਿਕਾਰ ਨਹੀਂ ਹੈ। ਅਦਾਲਤ ਨੇ ਟਰੰਪ ਵੱਲੋਂ ਹੁਣ ਤੱਕ ਲਗਾਏ ਗਏ ਟੈਰਿਫਾਂ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ ਹੈ।

ਸੁਪਰੀਮ ਕੋਰਟ ਨੇ ਆਪਣੇ ਫੈਸਲੇ ਵਿਚ ਸਪੱਸ਼ਟ ਕੀਤਾ ਕਿ ਰਾਸ਼ਟਰਪਤੀ ਟਰੰਪ ਨੇ ਨੈਸ਼ਨਲ ਐਮਰਜੈਂਸੀ (ਕੌਮੀ ਸੰਕਟਕਾਲ) ਲਈ ਬਣਾਏ ਗਏ ਕਾਨੂੰਨਾਂ ਦੀ ਵਰਤੋਂ ਕਰਕੇ ਭਾਰੀ ਟੈਰਿਫ ਲਗਾਏ, ਜੋ ਕਿ ਉਨ੍ਹਾਂ ਦੇ ਅਧਿਕਾਰ ਖੇਤਰ ਦੀ ਉਲੰਘਣਾ ਹੈ। ਚੀਫ ਜਸਟਿਸ ਜੌਨ ਰਾਬਰਟਸ ਦੀ ਅਗਵਾਈ ਵਾਲੇ ਬੈਂਚ ਨੇ 6-3 ਦੇ ਬਹੁਮਤ ਨਾਲ ਹੇਠਲੀ ਅਦਾਲਤ ਦੇ ਫੈਸਲੇ ਨੂੰ ਸਹੀ ਠਹਿਰਾਇਆ। ਅਦਾਲਤ ਅਨੁਸਾਰ, ਰਾਸ਼ਟਰਪਤੀ ਨੇ 'ਇੰਟਰਨੈਸ਼ਨਲ ਐਮਰਜੈਂਸੀ ਇਕਨਾਮਿਕ ਪਾਵਰਜ਼ ਐਕਟ' (ਆਈ.ਈ.ਈ.ਪੀ.ਏ.) ਦੀ ਵਰਤੋਂ ਕਰਕੇ ਆਪਣੇ ਅਧਿਕਾਰਾਂ ਦੀ ਗਲਤ ਵਰਤੋਂ ਕੀਤੀ ਹੈ।

ਦੱਸਣਯੋਗ ਹੈ ਕਿ 1977 ਵਿਚ ਬਣਿਆ ਇਹ ਕਾਨੂੰਨ ਰਾਸ਼ਟਰਪਤੀ ਨੂੰ ਸਿਰਫ਼ ਐਮਰਜੈਂਸੀ ਦੌਰਾਨ ਵਪਾਰ ਨੂੰ ਨਿਯਮਤ ਕਰਨ ਦੀ ਇਜਾਜ਼ਤ ਦਿੰਦਾ ਹੈ, ਪਰ ਇਸ ਵਿਚ ਟੈਰਿਫ ਲਗਾਉਣ ਦਾ ਕੋਈ ਸਪੱਸ਼ਟ ਜ਼ਿਕਰ ਨਹੀਂ ਹੈ। ਚੀਫ ਜਸਟਿਸ ਜੌਨ ਰਾਬਰਟਸ ਨੇ ਫੈਸਲੇ ਵਿਚ ਲਿਖਿਆ ਕਿ ਰਾਸ਼ਟਰਪਤੀ ਨੂੰ ਅਜਿਹਾ ਕਰਨ ਲਈ 'ਕਾਂਗਰਸ (ਅਮਰੀਕੀ ਸੰਸਦ) ਤੋਂ ਸਪੱਸ਼ਟ ਪ੍ਰਵਾਨਗੀ' ਦਿਖਾਉਣੀ ਹੋਵੇਗੀ, ਜੋ ਕਿ ਉਹ ਨਹੀਂ ਦਿਖਾ ਸਕੇ।

ਸੁਪਰੀਮ ਕੋਰਟ ਦੇ ਇਸ ਫੈਸਲੇ ਨਾਲ ਟਰੰਪ ਦੇ ਦੂਜੇ ਕਾਰਜਕਾਲ ਦੇ ਆਰਥਿਕ ਏਜੰਡੇ ਨੂੰ ਵੱਡੀ ਸੱਟ ਵੱਜੀ ਹੈ। ਟਰੰਪ ਨੇ ਆਪਣੀ ਵਪਾਰ ਨੀਤੀ ਤਹਿਤ ਟੈਰਿਫ ਨੂੰ ਇੱਕ ਹਥਿਆਰ ਵਜੋਂ ਵਰਤਿਆ ਸੀ ਅਤੇ ਇਸੇ ਕਾਨੂੰਨ ਰਾਹੀਂ ਭਾਰਤ, ਚੀਨ ਅਤੇ ਮੈਕਸੀਕੋ ਵਰਗੇ ਦੇਸ਼ਾਂ 'ਤੇ ਭਾਰੀ ਟੈਕਸ ਲਗਾ ਕੇ ਅਰਬਾਂ ਡਾਲਰ ਵਸੂਲੇ ਸਨ। ਹੁਣ ਇਸ ਫੈਸਲੇ ਨਾਲ ਵਿਸ਼ਵ ਵਪਾਰ ਦੀ ਦਿਸ਼ਾ ਬਦਲ ਸਕਦੀ ਹੈ।

# ਵਾਸ਼ਿੰਗਟਨ ਡੀ. ਸੀ. ਦੀ ਮੇਅਰ ਨੇ ਐਮਰਜੈਂਸੀ ਐਲਾਨੀ

ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ. ਸੀ. ਦੀ ਮੇਅਰ ਮੁਰੀਅਲ ਬੋਜ਼ਰ ਨੇ ਐਮਰਜੈਂਸੀ ਦਾ ਐਲਾਨ ਕੀਤਾ ਹੈ ਅਤੇ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਅਪੀਲ ਕੀਤੀ ਕਿ ਉਹ ਸ਼ਹਿਰ ਦੇ ਸੀਵਰੇਜ ਸਿਸਟਮ ਵਿਚ ਹੋਈ ਲੀਕੇਜ ਨਾਲ ਨਜਿੱਠਣ ਲਈ ਸੰਘੀ ਸਰੋਤ ਮੁਹੱਈਆ ਕਰਵਾਉਣ। ਇਸ ਲੀਕੇਜ ਕਾਰਨ ਸ਼ੁਰੂਆਤੀ ਪੜਾਅ ਵਿਚ ਹੀ ਲਗਭਗ 25 ਕਰੋੜ ਗੈਲਨ ਗੰਦਾ ਪਾਣੀ ਪੋਟੋਮੈਕ ਨਦੀ ਵਿਚ ਜਾ ਡਿੱਗਿਆ। ਡੀ. ਸੀ. ਦੀ ਡਿਪਟੀ ਮੇਅਰ ਲਿੰਡਸੇ ਐਪੀਆਹ ਨੇ ਮੇਅਰ ਦੇ ਫ਼ੈਸਲੇ ਦਾ ਐਲਾਨ ਕਰਦੇ ਹੋਏ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ, "ਸਾਡੀ ਪਹਿਲੀ ਤਰਜੀਹ ਜ਼ਿਲ੍ਹਾ ਹੈ ਅਤੇ ਅਸੀਂ ਇੱਥੋਂ ਦੇ ਵਸਨੀਕਾਂ ਦੇ ਭਲੇ ਲਈ ਅਤੇ ਕਾਰਵਾਈਆਂ ਨੂੰ ਸਹੀ ਢੰਗ ਨਾਲ ਚਲਾਉਣ ਲਈ ਸਥਾਨਕ, ਸੰਘੀ, ਖੇਤਰੀ ਜਾਂ ਕਿਸੇ ਵੀ ਹੋਰ ਸਰੋਤ ਦੀ ਵਰਤੋਂ ਕਰਾਂਗੇ।" ਇਸ ਐਲਾਨ ਰਾਹੀਂ ਰਾਸ਼ਟਰਪਤੀ ਨੂੰ ਐਮਰਜੈਂਸੀ ਜਾਰੀ ਕਰਨ ਦੀ ਬੇਨਤੀ ਕੀਤੀ ਗਈ ਹੈ।

# ਅਮਰੀਕਾ ਦੀ ਯੂਨੀਵਰਸਿਟੀ 'ਚ ਸਿੱਖ ਵਿਦਿਆਰਥੀ 'ਤੇ ਨਸਲੀ ਹਮਲਾ

ਸੈਕਰਾਮੈਂਟੋ, (ਪੰਜਾਬ ਮੇਲ)- ਅਮਰੀਕਾ ਦੀ ਸੈਨਹੋਜ਼ੇ ਸਟੇਟ ਯੂਨੀਵਰਸਿਟੀ 'ਚ ਇਕ ਸਿੱਖ ਵਿਦਿਆਰਥੀ ਉਪਰ ਨਸਲੀ ਹਮਲਾ ਹੋਣ ਦੀ ਖਬਰ ਹੈ। ਜਾਣਕਾਰੀ ਅਨੁਸਾਰ ਕੁਝ ਲੋਕਾਂ ਦਾ ਸਮੂਹ ਜੋ ਵਿਦਿਆਰਥੀ ਨਹੀਂ ਸਨ, ਯੂਨੀਵਰਸਿਟੀ 'ਚ ਦਾਖਲ ਹੋਇਆ ਤੇ ਉਨ੍ਹਾਂ ਨੇ ਸਿੱਖ ਵਿਦਿਆਰਥੀ ਨੂੰ ਘੇਰ ਲਿਆ। ਵਿਦਿਆਰਥੀ ਦੀ ਦਸਤਾਰ ਵੀ ਉਤਾਰ ਦਿੱਤੀ ਗਈ। ਹਮਲਾਵਰਾਂ ਨੇ ਉੱਚੀ ਆਵਾਜ਼ 'ਚ ਉਸ ਨੂੰ ਹਿੰਦੂ ਕਹਿ ਕੇ ਉਸ 'ਤੇ ਹਮਲਾ ਕੀਤਾ। ਅਧਿਕਾਰੀ ਘਟਨਾ ਦੀ ਨਫ਼ਰਤੀ ਅਪਰਾਧ ਵਜੋਂ ਜਾਂਚ ਕਰ ਰਹੇ ਹਨ। ਕੁਲੀਸ਼ਨ ਆਫ ਹਿੰਦੂ ਆਫ ਨਾਰਥ ਅਮਰੀਕਾ ਦੇ ਯੂਥ ਵਿੰਗ ਕੋਹਨਾ ਯੂਥ ਐਕਸ਼ਨ ਨੈੱਟਵਰਕ ਨੇ ਹਮਲੇ ਦੀ ਨਿੰਦਾ ਕਰਦਿਆਂ ਕਿਹਾ ਹੈ ਕਿ ਪੀੜਤ ਭਾਵੇਂ ਸਿੱਖ ਹੈ ਪਰ ਹਮਲਾਵਰਾਂ ਵੱਲੋਂ ਹਿੰਦੂ ਸ਼ਬਦ ਦੀ ਵਰਤੋਂ ਕਰਨ ਤੋਂ ਸਾਫ ਹੈ ਕਿ ਹਿੰਦੂਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

# ਡਾ. ਐੱਸ.ਪੀ. ਸਿੰਘ ਓਬਰਾਏ ਵੱਲੋਂ ਪਾਣੀਪਤ 'ਚ ਦੋ ਕਲੀਨਿਕ ਲੈਬਾਰਟਰੀ ਅਤੇ ਡਾਇਗਨੋਸਟਿਕ ਸੈਂਟਰ ਦਾ ਉਦਘਾਟਨ








**ਪਾਣੀਪਤ, (ਪੰਜਾਬ ਮੇਲ)-** ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਮਨੁੱਖਤਾ ਦੀ ਭਲਾਈ ਲਈ ਜਿੱਥੇ ਪੰਜਾਬ ਵਿਚ ਬਹੁਤ ਸਾਰੀਆਂ ਕਲੀਨਿਕ ਲੈਬਾਰਟਰੀ ਅਤੇ ਡਾਇਗਨੋਸਟਿਕ ਸੈਂਟਰ ਖੋਲ੍ਹੇ ਗਏ ਹਨ, ਉਥੇ ਪੰਜਾਬ ਤੋਂ ਬਾਹਰ ਵੀ ਇਸ ਦਾ ਪਸਾਰਾ ਵਧਦਾ ਜਾ ਰਿਹਾ ਹੈ। ਇਸ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਡਾਇਰੈਕਟਰ ਡਾ. ਐੱਸ.ਪੀ. ਸਿੰਘ ਓਬਰਾਏ ਵੱਲੋਂ ਹੁਣ ਹਰਿਆਣਾ ਦੇ ਪਾਣੀਪਤ ਅਤੇ ਕਰਨਾਲ ਵਿਖੇ ਸਨੀ ਓਬਰਾਏ ਕਲੀਨਿਕ ਲੈਬਾਰਟਰੀ ਅਤੇ ਡਾਇਗਨੋਸਟਿਕ ਸੈਂਟਰ ਖੋਲ੍ਹਿਆ ਗਿਆ ਹੈ। ਇਸ ਕਲੀਨਿਕ ਦਾ ਉਦਘਾਟਨ ਕੇਂਦਰੀ ਮੰਤਰੀ ਸ਼੍ਰੀ ਮਨੋਹਰ ਲਾਲ ਖੱਟਰ ਜੀ ਨੇ ਕੀਤਾ। ਇਹ ਕਲੀਨਿਕ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਵਸ ਮੌਕੇ ਖੋਲ੍ਹੇ ਗਏ ਹਨ।

ਪਹਿਲਾ ਸੈਂਟਰ ਪਾਣੀਪਤ ਦੇ ਸੈਕਟਰ-25 ਵਿਖੇ ਖੋਲ੍ਹਿਆ ਗਿਆ, ਜਦਕਿ ਦੂਸਰਾ ਸੈਂਟਰ ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਪਹਿਲੀ, ਕਰਨਾਲ ਵਿਖੇ ਖੋਲ੍ਹਿਆ ਗਿਆ ਹੈ। ਇਨ੍ਹਾਂ ਦੋਵਾਂ ਕਲੀਨਿਕ ਸੈਂਟਰਾਂ ਦਾ ਉਦਘਾਟਨ ਕੇਂਦਰੀ ਮੰਤਰੀ ਸ਼੍ਰੀ ਮਨੋਹਰ ਲਾਲ ਖੱਟਰ ਜੀ ਨੇ ਕੀਤਾ। ਇਸ ਮੌਕੇ ਹੋਰ ਵੀ ਬਹੁਤ ਸਾਰੇ ਰਾਜਨੀਤਿਕ ਅਤੇ ਧਾਰਮਿਕ ਆਗੂ ਹਾਜ਼ਰ ਸਨ। ਇਸ ਦੌਰਾਨ ਬੋਲਦਿਆਂ ਮਨੋਹਰ ਲਾਲ ਖੱਟਰ ਜੀ ਨੇ ਕਿਹਾ ਕਿ ਡਾ. ਐੱਸ.ਪੀ. ਸਿੰਘ ਓਬਰਾਏ ਨੇ ਆਪਣਾ ਸਮੁੱਚਾ ਜੀਵਨ ਦੀਨ-ਦੁਖੀਆਂ ਦੀਆਂ ਸੇਵਾਵਾਂ ਵਿਚ ਲਗਾ ਦਿੱਤਾ ਹੈ। ਉਨ੍ਹਾਂ ਨੇ ਬਹੁਤ ਸਾਰੀਆਂ ਜਾਨਾਂ ਬਚਾਈਆਂ ਹਨ, ਜਿਸ ਦੇ ਲਈ ਅਸੀਂ ਡਾ. ਐੱਸ.ਪੀ. ਸਿੰਘ ਓਬਰਾਏ ਦੀ ਸ਼ਲਾਘਾ ਕਰਦੇ ਹਾਂ। ਡਾ. ਐੱਸ.ਪੀ. ਸਿੰਘ ਓਬਰਾਏ ਨੇ ਦੱਸਿਆ ਕਿ ਆਉਣ ਵਾਲੇ ਸਮੇਂ ਵਿਚ ਅਜਿਹੇ ਬਹੁਤ ਸਾਰੇ ਕਲੀਨਿਕ ਕਈ ਹੋਰ ਥਾਵਾਂ 'ਤੇ ਵੀ ਖੋਲ੍ਹੇ ਜਾ ਰਹੇ ਹਨ।

ਇਸ ਮੌਕੇ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਵੀ ਹਾਜ਼ਰ ਸਨ। ਉਨ੍ਹਾਂ ਨੇ ਕਮੇਟੀ ਵੱਲੋਂ ਡਾ. ਐੱਸ.ਪੀ. ਸਿੰਘ ਓਬਰਾਏ ਨੂੰ ਸ੍ਰੀ ਦਰਬਾਰ ਸਾਹਿਬ ਦਾ ਮਾਡਲ ਭੇਟ ਕਰਕੇ ਸਨਮਾਨਿਤ ਕੀਤਾ।





Global Allianz

ਕਾਨੂੰਨੀ ਸਲਾਹ

LAW FIRM LLP

- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ


Atul Kapoor
C.E.O

Asylum & Deportation Defense


Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814

Phone:209-808-2136, 209-952-5578, 1-916-806-7042, Fax: 209-476-7188

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ



ਧੰਨ ਧੰਨ

# ਸਤਿਗੁਰੂ ਰਵਿਦਾਸ ਮਹਾਰਾਜ ਜੀ

## ਦੇ 649ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ

# 26ਵਾਂ ਮਹਾਨ ਨਗਰ ਕੀਰਤਨ

## 8 ਮਾਰਚ 2026, ਦਿਨ ਐਤਵਾਰ

ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਉਲਿੰਡਾ (ਸੈਕਰਾਮੈਂਟੋ) ਵਿਖੇ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸਜਾਇਆ ਜਾ ਰਿਹਾ ਹੈ।



### ਪ੍ਰੋਗਰਾਮ

- ਸੁਕਰਵਾਰ 6 ਮਾਰਚ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ।
- ਸਨੀਵਾਰ 7 ਮਾਰਚ ਨੂੰ ਸਵੇਰ 10 ਵਜੇ ਤੋਂ ਰਾਤ 10 ਵਜੇ ਤੱਕ ਕੀਰਤਨ ਦੀਵਾਨ ਸਜਾਏ ਜਾਣਗੇ। ਇਸੇ ਦੌਰਾਨ ਬਾਅਦ ਦੁਪਹਿਰ 4 ਵਜੇ ਸ੍ਰੀ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ।
- ਐਤਵਾਰ 8 ਮਾਰਚ ਨੂੰ ਰੱਖੇ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ 26ਵਾਂ ਮਹਾਨ ਨਗਰ ਕੀਰਤਨ ਸਵੇਰੇ 11 ਵਜੇ ਤੋਂ ਸਾਮ 5 ਵਜੇ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆ ਦੀ ਅਗਵਾਈ ਵਿਚ ਸਜਾਇਆ ਜਾਵੇਗਾ।
- ਪੰਥ ਪ੍ਰਸਿੱਧ ਰਾਗੀ ਭਾਈ ਸਤਵਿੰਦਰ ਸਿੰਘ, ਭਾਈ ਹਰਵਿੰਦਰ ਸਿੰਘ (ਦਿੱਲੀ ਵਾਲੇ), ਭਾਈ ਕਰਨਜੀਤ ਸਿੰਘ ਖ਼ਾਲਸਾ (ਮਰਹੂਮ ਭਾਈ ਨਿਰਮਲ ਸਿੰਘ ਖ਼ਾਲਸਾ ਦੇ ਭਤੀਜਾ), ਗੁਰੂਘਰ ਦਾ ਹਜ਼ੂਰੀ ਰਾਗੀ ਜਥਾ ਅਤੇ ਹੋਰ ਅਨੇਕਾਂ ਰਾਗੀ, ਢਾਡੀ, ਕੀਰਤਨੀ ਜੱਥੇ ਤਿੰਨੋਂ ਦਿਨ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕਰਨਗੇ।

ਆਪ ਜੀ ਨੂੰ ਪਰਿਵਾਰਾਂ ਸਮੇਤ ਇਨ੍ਹਾਂ ਸਮਾਗਮਾਂ ਵਿਚ ਹਾਜ਼ਰੀ ਭਰਨ ਦੀ ਬੇਨਤੀ ਕੀਤੀ ਜਾਂਦੀ ਹੈ।

Designed by : Punjab Mail USA

## ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ, ਸੈਕਰਾਮੈਂਟੋ


6221 16th Street Rio Linda, CA 95673

ਗੁਰੂਘਰ ਦਾ ਫੋਨ : 916-992-1710

# ਡਾਕਟਰ ਸੁਰਜੀਤ ਸਿੰਘ ਭੱਟੀ ਕੈਲਗਰੀ ਸਦੀਵੀ ਵਿਛੋੜਾ ਦੇ ਗਏ



ਕੈਲਗਰੀ, (ਜਸਵਿੰਦਰ ਸਿੰਘ ਰੁਪਾਲ/ਪੰਜਾਬ ਮੇਲ)- ਕੈਲਗਰੀ ਦੇ ਵਿਗਿਆਨਕ ਅਤੇ ਗੁਰਸਿੱਖ ਵਿਦਵਾਨ ਡਾਕਟਰ ਸੁਰਜੀਤ ਸਿੰਘ ਭੱਟੀ, ਰਿਟਾਇਰਡ ਡੀਨ, ਗੁਰੂ ਨਾਨਕ ਯੂਨੀਵਰਸਿਟੀ ਅੰਮ੍ਰਿਤਸਰ ਸਦੀਵੀ ਵਿਛੋੜਾ ਦੇ ਗਏ ਹਨ। ਉਹ ਪਿਛਲੇ ਕੁਝ ਦਿਨਾਂ ਤੋਂ ਬੀਮਾਰ ਸਨ ਅਤੇ ਹਸਪਤਾਲ ਵਿਚ ਇਲਾਜ ਕਰਵਾ ਰਹੇ ਸਨ। ਪ੍ਰੋ. ਡਾ. ਸੁਰਜੀਤ ਸਿੰਘ ਭੱਟੀ, ਜਿਨ੍ਹਾਂ ਦਾ ਜਨਮ 1943 ਵਿਚ ਅੰਮ੍ਰਿਤਸਰ ਦੇ ਪਿੰਡ ਕੋਟ ਖਾਲਸਾ ਵਿਚ ਹੋਇਆ, ਇੱਕ ਅੰਤਰਰਾਸ਼ਟਰੀ ਪੱਧਰ ਦੇ ਭੌਤਿਕ ਵਿਗਿਆਨੀ, ਵਧੀਆ ਸਿੱਖਿਆ ਸ਼ਾਸਤਰੀ, ਕੁਸ਼ਲ ਪ੍ਰਬੰਧਕ ਅਤੇ ਸਿੱਖ ਵਿਦਵਾਨ ਸਨ। ਉਨ੍ਹਾਂ ਦਾ ਬਚਪਨ ਲਾਹੌਰ ਵਿਚ ਬੀਤਿਆ, ਜਿੱਥੇ ਉਨ੍ਹਾਂ ਦੇ ਪਿਤਾ ਸਰਦਾਰ ਬਲਬੀਰ ਸਿੰਘ ਪੰਜਾਬ ਪੁਲਿਸ ਵਿਚ ਅਫ਼ਸਰ ਸਨ ਅਤੇ ਬਾਅਦ ਵਿਚ ਭਾਰਤੀ ਫੌਜ ਨਾਲ ਜੁੜੇ। ਫੌਜੀ ਪਰਿਵਾਰ ਹੋਣ ਕਰਕੇ ਉਨ੍ਹਾਂ ਨੇ ਦੇਸ਼ ਦੇ ਵੱਖ-ਵੱਖ ਸ਼ਹਿਰਾਂ ਪੂਣੇ, ਜਬਲਪੁਰ ਅਤੇ ਅਲਾਹਾਬਾਦ ਵਿਚ ਪੜ੍ਹਾਈ ਕੀਤੀ। ਨੌਜਵਾਨ ਦੌਰ ਵਿਚ ਉਨ੍ਹਾਂ ਦੀ ਐੱਨ.ਡੀ.ਏ. ਖੜਕਵਾਸਲਾ ਵਿਚ ਚੋਣ ਹੋਈ ਤੇ ਉਹ ਕਮਿਸ਼ਨ ਪ੍ਰਾਪਤ ਕਰਨ ਵਾਲੇ ਸਨ, ਪਰ ਉਨ੍ਹਾਂ ਦੇ ਪਿਤਾ ਦੀ ਸਲਾਹ 'ਤੇ ਉਨ੍ਹਾਂ ਨੇ ਅੱਗੇ ਵਿਦਿਆ ਦਾ ਰਾਹ ਚੁਣਿਆ। ਇਹ ਫੈਸਲਾ ਉਨ੍ਹਾਂ ਦੇ ਜੀਵਨ ਦਾ ਅਸਲ ਮੋੜ ਸਾਬਤ ਹੋਇਆ। ਉਨ੍ਹਾਂ ਨੇ ਇਲਾਹਾਬਾਦ ਯੂਨੀਵਰਸਿਟੀ ਤੋਂ ਫਿਜ਼ਿਕਸ ਵਿਚ ਪੀ.ਐੱਚ.ਡੀ. (1969) ਦੀ ਡਿਗਰੀ ਪ੍ਰਾਪਤ ਕੀਤੀ। ਉਸ ਤੋਂ ਬਾਅਦ ਉਨ੍ਹਾਂ ਨੇ ਇਟਲੀ, ਪੈਰਿਸ ਅਤੇ ਯੂ.ਐੱਸ.ਏ. ਤੋਂ ਵੱਖ-ਵੱਖ ਪ੍ਰਸਿੱਧ ਫੈਲੋਸ਼ਿਪ ਪੂਰੀਆਂ ਕੀਤੀਆਂ। 1972 ਵਿਚ ਡਾ. ਭੱਟੀ ਨੇ ਗੁਰੂ ਨਾਨਕ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਸ਼ਾਮਲ ਹੋ ਕੇ ਫਿਜ਼ਿਕਸ ਵਿਭਾਗ ਦੇ ਮੁਖੀ ਪ੍ਰੋਫੈਸਰ ਵਜੋਂ ਅਤੇ ਫੇਰ ਡੀਨ ਵਜੋਂ ਇੱਥੋਂ ਹੀ 2003 ਵਿਚ ਰਿਟਾਇਰ ਹੋਏ। ਸਿੱਖਿਆ ਸ਼ਾਸਤਰੀ ਵਜੋਂ ਉਹ ਬੀ.ਕੇ.ਐੱਸ. ਇੰਜੀਨੀਅਰਿੰਗ ਕਾਲਜ ਅੰਮ੍ਰਿਤਸਰ ਦੇ ਸੰਸਥਾਪਕ ਡਾਇਰੈਕਟਰ ਬਣੇ ਅਤੇ ਬੜੂ ਸਾਹਿਬ ਕਾਲਜ ਆਫ ਇੰਜੀਨੀਅਰਿੰਗ ਨਾਲ ਜੁੜ ਕੇ ਅਕਾਲ ਇਟਰਨਲ ਯੂਨੀਵਰਸਿਟੀ ਦੇ ਵਿਕਾਸ ਵਿਚ ਮੁੱਖ ਭੂਮਿਕਾ ਨਿਭਾਈ। ਆਦੇਸ਼ ਇੰਜੀਨੀਅਰਿੰਗ ਇੰਸਟੀਚਿਊਟ ਦੇ ਡਾਇਰੈਕਟਰ ਪ੍ਰਿੰਸੀਪਲ ਵੀ ਰਹੇ। ਆਪਣੇ 40 ਸਾਲਾਂ ਦੇ ਅਕਾਦਮਿਕ ਜੀਵਨ ਦੌਰਾਨ 17 ਪੀ.ਐੱਚ.ਡੀ. ਅਤੇ 35 ਐੱਮ.ਐੱਸ.ਸੀ. ਅਤੇ ਕਈ ਪੋਸਟ ਡਾਕਟਰੇਟ ਫੈਲੋਜ਼ ਦੀ ਰਹਿਨੁਮਾਈ ਕੀਤੀ। ਉਨ੍ਹਾਂ ਨੇ 6 ਵੱਡੇ ਖੋਜ ਪ੍ਰੋਜੈਕਟ ਪੂਰੇ ਕੀਤੇ, 100 ਤੋਂ ਵੱਧ ਖੋਜ ਪੱਤਰ ਅੰਤਰਰਾਸ਼ਟਰੀ ਜਰਨਲਾਂ ਲਈ ਲਿਖੇ ਅਤੇ 3 ਪਾਠ ਪੁਸਤਕਾਂ ਵੀ ਲਿਖੀਆਂ। ਉਨ੍ਹਾਂ ਨੂੰ ਵਿਗਿਆਨਕ ਖੋਜਾਂ ਵਿਚ ਉੱਚ ਯੋਗਦਾਨ ਲਈ ਕਈ ਮਾਣ-ਸਨਮਾਨ ਮਿਲੇ, ਜਿਨ੍ਹਾਂ ਵਿਚ ਅਲਟਰਾਸੋਨਿਕ ਸੋਸਾਇਟੀ ਆਫ ਇੰਡੀਆ ਵੱਲੋਂ ਲਾਈਫ ਟਾਈਮ ਅਚੀਵਮੈਂਟ ਐਵਾਰਡ ਪ੍ਰਮੁੱਖ ਹੈ। ਉਹ ਇੰਡੀਅਨ ਇੰਸਟੀਚਿਊਟ ਆਫ ਸਾਇੰਸ ਬੰਗਲੌਰ ਅਤੇ ਟਾਟਾ ਇੰਸਟੀਚਿਊਟ ਦੇ ਬੋਰਡ ਅਤੇ ਸੈਨੇਟ ਦੇ ਮੈਂਬਰ ਵੀ ਰਹੇ। ਵਿਗਿਆਨ ਦੇ ਨਾਲ-ਨਾਲ ਡਾਕਟਰ ਭੱਟੀ ਨੇ ਗੁਰਮਤਿ ਸਿਧਾਂਤ ਅਤੇ ਫਲਸਫੇ ਦੇ ਪ੍ਰਸਾਰ ਲਈ ਵੀ ਭਰਪੂਰ ਯੋਗਦਾਨ ਪਾਇਆ। ਕੋਵਿਡ ਦੌਰਾਨ ਆਪਣੇ ਬੇਟੇ ਨੂੰ ਪ੍ਰੇਰਿਤ ਕਰਕੇ ਆਨਲਾਈਨ ਗੁਰਮਤਿ ਫੋਰਮ-ਈ ਦੀਵਾਨ ਸੋਸਾਇਟੀ ਸ਼ੁਰੂ ਕਰਵਾਈ। ਜਿਹੜੀ ਹੁਣ ਵੀ ਸਿੱਖ ਵਿਦਵਾਨਾਂ ਦੀ ਵਾਰਤਾ ਕਰਵਾਉਂਦੀ ਹੈ। ਇੱਕ ਆਨਲਾਈਨ ਮੈਗਜ਼ੀਨ ਸਾਂਝੀ ਵਿਰਾਸਤ ਦੇ ਮੁੱਖ ਸੰਪਾਦਕ ਰਹੇ, ਜਿਸ ਰਾਹੀਂ ਗੁਰਬਾਣੀ ਦਾ ਵਿਗਿਆਨਕ ਗਿਆਨ ਹੁਣ ਤੱਕ ਦਿੱਤਾ ਜਾ ਰਿਹਾ ਹੈ। ਉਨ੍ਹਾਂ ਨੇ ਇੱਕ ਪੁਸਤਕ ਸਮ ਪ੍ਰੋਮੀਨੈਂਟ ਸਿੱਖ ਸਾਇੰਟਿਸਟ ਲਿਖੀ ਅਤੇ ਇਸਦੇ ਦੂਸਰੇ ਭਾਗ 'ਤੇ ਕੰਮ ਕਰ ਰਹੇ ਸਨ ਕਿ ਉਨ੍ਹਾਂ ਨੂੰ ਪਰਮੇਸ਼ਰ ਦਾ ਬੁਲਾਵਾ ਆ ਗਿਆ। ਉਨ੍ਹਾਂ ਦੇ ਦੋਵੇਂ ਬੇਟੇ ਡਾਕਟਰ ਬਲਰਾਜ ਸਿੰਘ ਭੱਟੀ ਅਤੇ ਡਾਕਟਰ ਰਾਜਬੀਰ ਸਿੰਘ ਭੱਟੀ ਗੁਰਸਿੱਖ ਹਨ ਅਤੇ ਉੱਚੀਆਂ ਪੋਸਟਾਂ 'ਤੇ ਕੰਮ ਕਰ ਰਹੇ ਹਨ। ਸਾਰਾ ਪਰਿਵਾਰ ਗੁਰਸਿੱਖੀ ਨੂੰ ਸਮਰਪਿਤ ਹੈ।




# ਲੋਡਿਡ ਬੰਦੂਕ ਨਾਲ ਯੂ.ਐੱਸ. ਕੈਪੀਟਲ ਵੱਲ ਭੱਜਣ ਵਾਲਾ 18 ਸਾਲਾ ਨੌਜਵਾਨ ਗ੍ਰਿਫ਼ਤਾਰ

ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਅਮਰੀਕਾ ਵਿਚ ਪੁਲਿਸ ਨੇ ਇੱਕ 18 ਸਾਲਾ ਨੌਜਵਾਨ ਨੂੰ ਗ੍ਰਿਫ਼ਤਾਰ ਕੀਤਾ ਹੈ, ਜੋ ਇੱਕ ਲੋਡਿਡ ਬੰਦੂਕ ਲੈ ਕੇ ਯੂ.ਐੱਸ. ਕੈਪੀਟਲ ਵੱਲ ਭੱਜਿਆ ਸੀ। ਇਹ ਘਟਨਾ 17 ਫਰਵਰੀ ਨੂੰ ਵਾਪਰੀ ਸੀ। ਪੁਲਿਸ ਨੇ ਕਿਹਾ ਕਿ ਉਸ ਵਿਅਕਤੀ ਨੂੰ ਬਿਨਾਂ ਕਿਸੇ ਟਕਰਾਅ ਦੇ ਗ੍ਰਿਫ਼ਤਾਰ ਕਰ ਲਿਆ ਗਿਆ ਸੀ।

ਘਟਨਾ ਸਮੇਂ ਨੌਜਵਾਨ ਨੇ ਇੱਕ ਟੈਕਟੀਕਲ ਵੈਸਟ ਅਤੇ ਦਸਤਾਨੇ ਪਹਿਨੇ ਹੋਏ ਸਨ। ਪੁਲਿਸ ਨੇ ਕਿਹਾ ਕਿ ਉਸਦੀ ਗੱਡੀ ਵਿਚੋਂ ਇੱਕ ਕੇਵਲਰ ਹੈਲਮੇਟ ਅਤੇ ਗੈਸ ਮਾਸਕ ਵੀ ਮਿਲਿਆ ਹੈ। ਇਹ ਅਜੇ ਸਪੱਸ਼ਟ ਨਹੀਂ ਹੈ ਕਿ ਨੌਜਵਾਨ ਦਾ ਇਰਾਦਾ ਕੀ ਸੀ।

ਯੂ.ਐੱਸ. ਕੈਪੀਟਲ ਪੁਲਿਸ ਮੁਖੀ ਮਾਈਕਲ ਸੁਲੀਵਾਨ ਨੇ ਕਿਹਾ ਕਿ ਨੌਜਵਾਨ ਇੱਕ ਚਿੱਟੇ ਰੰਗ ਦੀ ਮਰਸੀਡੀਜ਼ ਐੱਸ.ਯੂ.ਵੀ. ਵਿਚ ਆਇਆ ਅਤੇ ਕੈਪੀਟਲ ਦੇ ਨੇੜੇ ਖੜ੍ਹੀ ਕੀਤੀ। ਫਿਰ ਉਹ ਬਾਹਰ ਨਿਕਲਿਆ ਅਤੇ ਕਾਂਗਰਸ ਇਮਾਰਤ ਵੱਲ ਭੱਜਿਆ।



ਪੁਲਿਸ ਨੇ ਉਸਨੂੰ ਰੋਕਿਆ ਅਤੇ ਉਸਨੂੰ ਆਪਣਾ ਹਥਿਆਰ ਸੁੱਟਣ ਦਾ ਹੁਕਮ ਦਿੱਤਾ, ਜਿਸਦੀ ਉਸਨੇ ਪਾਲਣਾ ਕੀਤੀ।

ਇਹ ਘਟਨਾ ਵ੍ਹਾਈਟ ਹਾਊਸ ਨੇੜੇ ਹੋਈ ਇੱਕ ਘਾਤਕ ਗੋਲੀਬਾਰੀ ਵਿਚ ਇੱਕ ਨੈਸ਼ਨਲ ਗਾਰਡ ਮੈਂਬਰ ਦੀ ਮੌਤ ਅਤੇ ਇੱਕ ਹੋਰ ਦੇ ਜ਼ਖਮੀ ਹੋਣ ਦੇ ਲਗਭਗ ਤਿੰਨ ਮਹੀਨੇ ਬਾਅਦ ਵਾਪਰੀ ਹੈ।

ਸੁਲੀਵਾਨ ਨੇ ਕਿਹਾ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਅਗਲੇ ਹਫ਼ਤੇ ਸਟੇਟ ਆਫ਼ ਦ ਯੂਨੀਅਨ ਭਾਸ਼ਣ ਦੇਣ ਵਾਲੇ ਹਨ। ਉਨ੍ਹਾਂ ਕਿਹਾ, "ਅਸੀਂ ਸਟੇਟ ਆਫ਼ ਦ ਯੂਨੀਅਨ ਨੂੰ ਬਹੁਤ ਗੰਭੀਰਤਾ ਨਾਲ ਲੈਂਦੇ ਹਾਂ, ਅਸੀਂ ਹਮੇਸ਼ਾ ਤਿਆਰ ਰਹਾਂਗੇ।"

# ਅਮਰੀਕਾ 'ਚ ਮੇਰੇ ਵਰਗੇ ਮਹੱਤਵਪੂਰਨ ਨੇਤਾ 'ਤੇ ਅਕਸਰ ਹਮਲੇ ਹੁੰਦੇ ਆਏ ਹਨ : ਟਰੰਪ

ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਫਲੋਰੀਡਾ ਵਿਚ ਆਪਣੇ ਮਾਰ-ਏ-ਲਾਗੋ ਰਿਜ਼ੋਰਟ ਦੇ ਸੁਰੱਖਿਆ ਖੇਤਰ ਵਿਚ ਇੱਕ ਹਥਿਆਰਬੰਦ ਘੁਸਪੈਠੀਏ ਨੂੰ ਗੋਲੀ ਮਾਰ ਕੇ ਮਾਰ ਦਿੱਤੇ ਜਾਣ ਤੋਂ ਇੱਕ ਦਿਨ ਬਾਅਦ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਉਨ੍ਹਾਂ ਨੂੰ ਪੱਕਾ ਪਤਾ ਨਹੀਂ ਹੈ ਕਿ ਉਹ ਕਦੋਂ ਤੱਕ ਜ਼ਿੰਦਾ ਰਹਿਣਗੇ। ਬਹੁਤ ਸਾਰੇ ਲੋਕ ਮੇਰੇ 'ਤੇ ਗੋਲੀਆਂ ਚਲਾ ਰਹੇ ਹਨ।" ਅਮਰੀਕੀ ਸੀਕ੍ਰੇਟ ਸਰਵਿਸ ਦੇ ਏਜੰਟਾਂ ਦੁਆਰਾ ਫਲੋਰੀਡਾ ਵਿਚ ਉਨ੍ਹਾਂ ਦੀ ਜਾਇਦਾਦ ਦੇ ਖੇਤਰ ਵਿਚ ਦਾਖਲ ਹੋਏ ਇੱਕ ਬੰਦੂਕਧਾਰੀ ਨੂੰ ਗੋਲੀ ਮਾਰ ਕੇ ਮਾਰਨ ਤੋਂ ਬਾਅਦ ਇਹ ਉਨ੍ਹਾਂ ਦੀ ਪਹਿਲੀ ਪ੍ਰਤੀਕਿਰਿਆ ਹੈ।



ਡੋਨਾਲਡ ਟਰੰਪ 2024 ਦੀ ਆਪਣੀ ਚੋਣ ਮੁਹਿੰਮ ਦੌਰਾਨ ਦੋ ਵੱਖ-ਵੱਖ ਕਤਲੇਆਮ ਦੇ ਯਤਨਾਂ ਤੋਂ ਬਚ ਗਏ ਸਨ। ਉਨ੍ਹਾਂ ਮਜ਼ਾਕ ਵਿਚ ਆਪਣੀ ਤੁਲਨਾ ਉਨ੍ਹਾਂ ਨਾਲ ਵੀ ਕੀਤੀ। ਉਨ੍ਹਾਂ ਕਿਹਾ ਕਿ ਧਮਕੀਆਂ ਇੱਕ ਨੇਤਾ ਹੋਣ ਦੇ ਨਾਲ ਆਉਂਦੀਆਂ ਹਨ, ਜਿਸ ਨੂੰ ਉਸਨੇ ਇੱਕ ਮਹੱਤਵਪੂਰਨ ਨੇਤਾ ਦੱਸਿਆ।

ਟਰੰਪ ਨੇ ਕਿਹਾ, "ਤੁਸੀਂ ਇਨ੍ਹਾਂ ਸਾਰੇ ਪਾਗਲ ਸ਼ੂਟਰਾਂ ਦੇ ਬਾਰੇ ਵਿਚ ਪੜ੍ਹਦੇ ਹੋ, ਪਰ ਉਹ ਸਿਰਫ਼ ਮਹੱਤਵਪੂਰਨ ਰਾਸ਼ਟਰਪਤੀਆਂ ਦੇ ਪਿੱਛੇ ਪੈਂਦੇ ਹਨ, ਉਹ ਉਨ੍ਹਾਂ ਰਾਸ਼ਟਰਪਤੀਆਂ ਦੇ ਪਿੱਛੇ ਨਹੀਂ ਪੈਂਦੇ, ਜੋ ਮਹੱਤਵਪੂਰਨ ਨਹੀਂ ਹਨ।" ਉਨ੍ਹਾਂ ਨੇ 2 ਮਾਰੇ ਗਏ ਰਾਸ਼ਟਰਪਤੀਆਂ ਅਬ੍ਰਾਹਮ ਲਿੰਕਨ ਅਤੇ ਜੌਨ ਐੱਫ. ਕੈਨੇਡੀ ਦੀ ਉਦਾਹਰਨ ਦਿੱਤੀ। ਟਰੰਪ ਨੇ ਕਿਹਾ, "ਉਹ ਮਹੱਤਵਪੂਰਨ ਸਨ। ਉਹ ਸਿਰਫ਼ ਮਹੱਤਵਪੂਰਨ ਲੋਕਾਂ ਦੇ ਪਿੱਛੇ ਜਾਂਦੇ ਹਨ। ਇਸ ਲਈ ਸ਼ਾਇਦ ਮੈਂ ਥੋੜ੍ਹਾ ਘੱਟ ਮਹੱਤਵਪੂਰਨ ਹਾਂ। ਕੀ ਅਸੀਂ ਇਸ ਨੂੰ ਥੋੜ੍ਹਾ ਰੋਕ ਸਕਦੇ ਹਾਂ?" ਟਰੰਪ ਆਪਣੇ ਰੁਖ 'ਤੇ ਮੁੜ ਕੁਝ ਵਿਚਾਰ ਕਰਦੇ ਦਿਸੇ। ਫਿਰ ਉਨ੍ਹਾਂ ਨੇ ਮਜ਼ਾਕ ਵਿਚ ਕਿਹਾ, "ਚਲੋ ਕੁਝ ਸਮੇਂ ਲਈ ਇੱਕ ਆਮ ਰਾਸ਼ਟਰਪਤੀ ਬਣ ਜਾਂਦੇ ਹਾਂ।"

ਦੱਸਣਯੋਗ ਹੈ ਕਿ ਅਧਿਕਾਰੀਆਂ ਨੇ ਘੁਸਪੈਠੀਏ ਦੀ ਪਛਾਣ ਉੱਤਰੀ ਕੈਰੋਲੀਨਾ ਦੇ 21 ਸਾਲਾ ਆਸਟਿਨ ਟਕਰ ਮਾਰਟਿਨ ਵਜੋਂ ਕੀਤੀ ਹੈ। ਅਮਰੀਕੀ ਸੀਕ੍ਰੇਟ ਸਰਵਿਸ ਦੇ ਏਜੰਟਾਂ ਨੇ ਕਿਹਾ ਕਿ ਮਾਰਟਿਨ ਪਾਮ ਬੀਚ ਅਸਟੇਟ ਦੇ ਉੱਤਰੀ ਗੇਟ ਤੋਂ ਸਵੇਰੇ 1:30 ਵਜੇ (ਸਥਾਨਕ ਸਮੇਂ) ਦੇ ਨੇੜੇ ਦਾਖਲ ਹੋਇਆ। ਦੋ ਸੀਕ੍ਰੇਟ ਸਰਵਿਸ ਏਜੰਟਾਂ ਅਤੇ ਪਾਮ ਬੀਚ ਕਾਊਂਟੀ ਸ਼ੈਰਿਫ ਦੇ ਡਿਪਟੀ ਨੇ ਉਸਦਾ ਸਾਹਮਣਾ ਕੀਤਾ। ਅਧਿਕਾਰੀਆਂ ਨੇ ਕਿਹਾ ਕਿ ਉਹ ਇੱਕ ਬੰਦੂਕ ਅਤੇ ਇੱਕ ਪੈਟਰੋਲ ਡੱਬਾ ਲੈ ਕੇ ਜਾ ਰਿਹਾ ਸੀ। ਪਾਮ ਬੀਚ ਕਾਊਂਟੀ ਸ਼ੈਰਿਫ ਰਿਕ ਬ੍ਰੈਡਸ਼ਾ ਨੇ ਕਿਹਾ ਕਿ ਅਧਿਕਾਰੀਆਂ ਨੇ ਉਸ ਨੂੰ ਆਪਣਾ ਸਾਮਾਨ ਹੇਠਾਂ ਰੱਖਣ ਦਾ ਹੁਕਮ ਦਿੱਤਾ। ਬ੍ਰੈਡਸ਼ਾ ਨੇ ਕਿਹਾ, "ਉਸਨੇ ਗੈਸ ਕੈਨ ਹੇਠਾਂ ਰੱਖਿਆ ਅਤੇ ਬੰਦੂਕ ਨੂੰ ਗੋਲੀਬਾਰੀ ਵਾਲੀ ਸਥਿਤੀ 'ਤੇ ਉੱਚਾ ਕੀਤਾ ਅਤੇ ਫਿਰ ਏਜੰਟਾਂ ਅਤੇ ਡਿਪਟੀਆਂ ਨੇ ਖ਼ਤਰੇ ਨੂੰ ਖਤਮ ਕਰਨ ਲਈ ਆਪਣੇ ਹਥਿਆਰਾਂ ਨਾਲ ਗੋਲੀਬਾਰੀ ਕੀਤੀ।" ਸੀਕ੍ਰੇਟ ਸਰਵਿਸ ਦੇ ਬੁਲਾਰੇ ਐਂਥਨੀ ਗੁਗਲੀਐਲਮੀ ਨੇ ਕਿਹਾ ਕਿ ਮਾਰਟਿਨ ਦੇ ਪਰਿਵਾਰ ਨੇ ਕੁਝ ਦਿਨ ਪਹਿਲਾਂ ਉਸ ਦੇ ਲਾਪਤਾ ਹੋਣ ਦੀ ਰਿਪੋਰਟ ਦਿੱਤੀ ਸੀ। ਜਾਂਚਕਰਤਾਵਾਂ ਦਾ ਮੰਨਣਾ ਹੈ ਕਿ ਉਹ ਉੱਤਰੀ ਕੈਰੋਲੀਨਾ ਤੋਂ ਫਲੋਰੀਡਾ ਗਿਆ ਸੀ ਅਤੇ ਰਸਤੇ ਵਿਚ ਬੰਦੂਕ ਮਿਲੀ ਸੀ। ਅਧਿਕਾਰੀਆਂ ਨੇ ਕਿਹਾ ਕਿ ਬਾਅਦ ਵਿਚ ਉਸਦੀ ਕਾਰ ਵਿਚੋਂ ਇੱਕ ਬੰਦੂਕ ਦਾ ਕੇਸ ਮਿਲਿਆ। ਟਰੰਪ ਉਸ ਸਮੇਂ ਘਟਨਾ ਸਥਾਨ 'ਤੇ ਮੌਜੂਦ ਨਹੀਂ ਸਨ।

# ਟਰੇਸੀ 'ਚ ਅਗਵਾ ਹੋਏ ਸਿੱਖ ਵਿਅਕਤੀ ਦੀ ਮਿਲੀ ਲਾਸ਼

ਟਰੇਸੀ, (ਪੰਜਾਬ ਮੇਲ)- ਅਮਰੀਕਾ ਤੋਂ ਇਕ ਬੇਹੱਦ ਮੰਦਭਾਗੀ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੇ ਦੇ ਕੈਲੀਫੋਰਨੀਆ ਦੇ ਟ੍ਰੇਸੀ ਇਲਾਕੇ 'ਚ ਸਥਿਤ ਗੁਰੂਘਰ ਨੇੜਿਓਂ ਬੀਤੇ ਦਿਨੀਂ ਅਗਵਾ ਕੀਤੇ ਗਏ ਇਕ 57 ਸਾਲਾ ਸਿੱਖ ਵਿਅਕਤੀ ਦੀ ਮੌਤ ਹੋ ਗਈ ਹੈ। ਇਸ ਸਨਸਨੀਖੇਜ਼ ਖ਼ਬਰ ਨੇ ਹਰ ਕਿਸੇ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਪੁਲਿਸ ਨੂੰ ਜਾਂਚ ਦੌਰਾਨ ਉਸ ਦੀ ਲਾਸ਼ ਇੱਕ ਸੁੰਨਸਾਨ ਇਲਾਕੇ ਵਿਚੋਂ ਬਰਾਮਦ ਹੋਈ ਹੈ। ਇਸ ਘਟਨਾ ਨੇ ਵਿਦੇਸ਼ਾਂ ਵਿਚ ਰਹਿ ਰਹੇ ਸਿੱਖਾਂ ਦੀ ਸੁਰੱਖਿਆ 'ਤੇ ਇੱਕ ਵਾਰ ਫਿਰ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ।

57 ਸਾਲਾ ਅਵਤਾਰ ਸਿੰਘ ਨੂੰ ਕੁਝ ਦਿਨ ਪਹਿਲਾਂ ਅਣਪਛਾਤੇ ਹਮਲਾਵਰਾਂ ਵੱਲੋਂ ਅਗਵਾ ਕਰ ਲਿਆ ਗਿਆ ਸੀ। ਉਸ ਸਮੇਂ ਉਹ ਆਪਣੇ ਕੰਮ 'ਤੇ ਸੀ ਕਿ ਅਣਪਛਾਤੇ ਨੌਜਵਾਨ ਉਨ੍ਹਾਂ ਨੂੰ ਅਗਵਾ ਕਰ ਕੇ ਲੈ ਗਏ। ਪਰਿਵਾਰ ਨੇ ਤੁਰੰਤ ਸਥਾਨਕ ਪੁਲਿਸ ਨੂੰ ਸੂਚਿਤ ਕੀਤਾ ਅਤੇ ਸੋਸ਼ਲ ਮੀਡੀਆ ਰਾਹੀਂ ਵੀ ਮਦਦ ਦੀ ਗੁਹਾਰ ਲਗਾਈ ਸੀ। ਕੈਲੀਫੋਰਨੀਆ ਪੁਲਿਸ ਨੇ ਇਸ ਮਾਮਲੇ ਨੂੰ ਬੇਹੱਦ ਗੰਭੀਰਤਾ ਨਾਲ ਲੈਂਦਿਆਂ ਕਈ ਟੀਮਾਂ ਗਠਿਤ ਕੀਤੀਆਂ ਸਨ। ਪੁਲਿਸ ਨੂੰ ਸ਼ੱਕ ਸੀ ਕਿ ਇਹ 'ਹੇਟ ਕ੍ਰਾਈਮ' (ਨਫ਼ਰਤੀ ਅਪਰਾਧ) ਦਾ ਮਾਮਲਾ ਹੋ ਸਕਦਾ ਹੈ।



ਤਲਾਸ਼ੀ ਮੁਹਿੰਮ ਦੌਰਾਨ ਪੁਲਿਸ ਨੂੰ ਵਿਅਕਤੀ ਦੀ ਲਾਸ਼ ਬਰਾਮਦ ਹੋਈ ਹੈ। ਹਾਲਾਂਕਿ ਪੁਲਿਸ ਨੇ ਅਜੇ ਤੱਕ ਮੌਤ ਦੇ ਸਹੀ ਕਾਰਨਾਂ ਅਤੇ ਕਾਤਲਾਂ ਦੀ ਪਛਾਣ ਬਾਰੇ ਅਧਿਕਾਰਤ ਖੁਲਾਸਾ ਨਹੀਂ ਕੀਤਾ ਹੈ, ਪਰ ਮੁੱਢਲੀ ਜਾਂਚ ਵਿਚ ਇਸ ਨੂੰ ਇੱਕ ਯੋਜਨਾਬੱਧ ਕਤਲ ਵਜੋਂ ਦੇਖਿਆ ਜਾ ਰਿਹਾ ਹੈ।

ਮ੍ਰਿਤਕ ਦੇ ਪਰਿਵਾਰਕ ਮੈਂਬਰ, ਜੋ ਪੰਜਾਬ ਨਾਲ ਸਬੰਧ ਰੱਖਦੇ ਹਨ, ਉਸ ਦੀ ਮੌਤ ਤੋਂ ਬਾਅਦ ਬੁਰੀ ਤਰ੍ਹਾਂ ਸਦਮੇ ਵਿਚ ਹਨ। ਅਮਰੀਕਾ ਵਿਚ ਸਿੱਖ ਜਥੇਬੰਦੀਆਂ ਨੇ ਇਸ ਘਟਨਾ ਦੀ ਸਖ਼ਤ ਨਿਖੇਧੀ ਕੀਤੀ ਹੈ ਅਤੇ ਅਮਰੀਕੀ ਸਰਕਾਰ ਤੋਂ ਮੰਗ ਕੀਤੀ ਹੈ ਕਿ ਦੋਸ਼ੀਆਂ ਨੂੰ ਜਲਦ ਤੋਂ ਜਲਦ ਗ੍ਰਿਫ਼ਤਾਰ ਕਰਕੇ ਸਖ਼ਤ ਸਜ਼ਾ ਦਿੱਤੀ ਜਾਵੇ। ਪੰਜਾਬ ਵਿਚ ਰਹਿ ਰਹੇ ਮ੍ਰਿਤਕ ਦੇ ਰਿਸ਼ਤੇਦਾਰਾਂ ਨੇ ਭਾਰਤ ਸਰਕਾਰ ਅਤੇ ਵਿਦੇਸ਼ ਮੰਤਰਾਲੇ ਨੂੰ ਅਪੀਲ ਕੀਤੀ ਹੈ ਕਿ ਉਹ ਅਮਰੀਕੀ ਸਰਕਾਰ ਨਾਲ ਗੱਲਬਾਤ ਕਰਨ ਤਾਂ ਜੋ ਪਰਿਵਾਰ ਨੂੰ ਇਨਸਾਫ਼ ਮਿਲ ਸਕੇ ਅਤੇ ਮ੍ਰਿਤਕ ਦੇਹ ਨੂੰ ਪੰਜਾਬ ਲਿਆਉਣ ਵਿਚ ਮਦਦ ਕੀਤੀ ਜਾ ਸਕੇ।

# ਭਾਰਤ ਵੱਲੋਂ ਤਹਿਰਾਨ 'ਚ ਆਪਣੇ ਨਾਗਰਿਕਾਂ ਲਈ ਐਡਵਾਈਜ਼ਰੀ ਜਾਰੀ

ਨਵੀਂ ਦਿੱਲੀ, (ਪੰਜਾਬ ਮੇਲ)- ਭਾਰਤ ਸਰਕਾਰ ਨੇ ਇਰਾਨ ਵਿਚ ਤੇਜ਼ੀ ਨਾਲ ਬਦਲ ਰਹੇ ਸੁਰੱਖਿਆ ਹਾਲਾਤ ਨੂੰ ਦੇਖਦੇ ਹੋਏ ਉੱਥੇ ਰਹਿ ਰਹੇ ਆਪਣੇ ਸਾਰੇ ਨਾਗਰਿਕਾਂ ਲਈ ਇਕ ਨਵੀਂ ਐਡਵਾਈਜ਼ਰੀ ਜਾਰੀ ਕੀਤੀ ਹੈ।

ਸੋਮਵਾਰ ਨੂੰ ਜਾਰੀ ਕੀਤੇ ਗਏ ਇਸ ਨਿਰਦੇਸ਼ ਵਿਚ ਇਰਾਨ ਵਿਚ ਮੌਜੂਦ ਭਾਰਤੀਆਂ (ਵਿਦਿਆਰਥੀਆਂ, ਸ਼ਰਧਾਲੂਆਂ ਅਤੇ ਕਾਰੋਬਾਰੀਆਂ) ਨੂੰ ਉਪਲੱਬਧ ਸਾਰੇ ਸਾਧਨਾਂ, ਜਿਵੇਂ ਕਿ ਵਪਾਰਕ ਉਡਾਣਾਂ ਰਾਹੀਂ ਤੁਰੰਤ ਦੇਸ਼ ਛੱਡਣ ਦੀ ਸਲਾਹ ਦਿੱਤੀ ਗਈ ਹੈ। ਇਹ ਫੈਸਲਾ ਤਹਿਰਾਨ ਦੀਆਂ ਕਈ ਯੂਨੀਵਰਸਿਟੀਆਂ ਵਿਚ ਹੋ ਰਹੇ ਤਾਜ਼ਾ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਅਤੇ ਇਰਾਨ ਉੱਤੇ ਅਮਰੀਕੀ ਫੌਜੀ ਹਮਲੇ ਦੇ ਵਧਦੇ ਖ਼ਤਰੇ ਦੇ ਮੱਦੇਨਜ਼ਰ ਲਿਆ ਗਿਆ ਹੈ।

# ਕੈਨੇਡਾ ਵੱਲੋਂ ਤਹੱਵੁਰ ਰਾਣਾ ਹੁਸੈਨ ਦੀ ਨਾਗਰਿਕਤਾ ਰੱਦ ਕਰਨ ਦੀ ਕਾਰਵਾਈ ਸ਼ੁਰੂ

ਟੋਰਾਂਟੋ, (ਪੰਜਾਬ ਮੇਲ)- ਕੈਨੇਡਾ ਸਰਕਾਰ ਨੇ 2008 ਦੇ ਮੁੰਬਈ ਅੱਤਵਾਦੀ ਹਮਲਿਆਂ ਦੇ ਮੁੱਖ ਸਾਜ਼ਿਸ਼ਕਰਤਾਵਾਂ ਵਿਚੋਂ ਇੱਕ, ਪਾਕਿਸਤਾਨੀ ਮੂਲ ਦੇ ਤਹੱਵੁਰ ਰਾਣਾ ਹੁਸੈਨ ਦੀ ਨਾਗਰਿਕਤਾ ਰੱਦ ਕਰਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਹ ਕਦਮ ਕੈਨੇਡਾ ਦੇ ਨਵੇਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੇ 26 ਫਰਵਰੀ ਤੋਂ ਸ਼ੁਰੂ ਹੋਣ ਵਾਲੇ ਭਾਰਤ



ਦੌਰੇ ਤੋਂ ਠੀਕ ਪਹਿਲਾਂ ਚੁੱਕਿਆ ਗਿਆ ਹੈ, ਜਿਸ ਨੂੰ ਦੋਵਾਂ ਦੇਸ਼ਾਂ ਦੇ ਸਬੰਧਾਂ ਵਿਚ ਸੁਧਾਰ ਦੇ ਸੰਕੇਤ ਵਜੋਂ ਦੇਖਿਆ ਜਾ ਰਿਹਾ ਹੈ।

64 ਸਾਲਾ ਰਾਣਾ, ਜੋ ਡੇਵਿਡ ਹੈਡਲੀ ਦਾ ਕਰੀਬੀ ਰਿਹਾ ਹੈ, ਨੂੰ ਅਪ੍ਰੈਲ 2025 ਵਿਚ ਅਮਰੀਕਾ ਤੋਂ ਭਾਰਤ ਹਵਾਲੇ ਕੀਤਾ ਗਿਆ ਸੀ ਅਤੇ ਉਹ ਫਿਲਹਾਲ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਬੰਦ ਹੈ।


ਕੈਨੇਡੀਅਨ ਇਮੀਗ੍ਰੇਸ਼ਨ ਵਿਭਾਗ (ਆਈ.ਆਰ.ਸੀ.ਸੀ.) ਅਨੁਸਾਰ, ਰਾਣਾ ਦੀ ਨਾਗਰਿਕਤਾ ਅੱਤਵਾਦ ਦੇ ਦੋਸ਼ਾਂ ਕਾਰਨ ਨਹੀਂ, ਸਗੋਂ ਉਸ ਦੀ ਅਰਜ਼ੀ ਵਿਚ ਦਿੱਤੀ ਗਈ ਗਲਤ ਜਾਣਕਾਰੀ ਕਾਰਨ ਰੱਦ ਕੀਤੀ ਜਾ ਰਹੀ ਹੈ।

ਜਾਂਚ ਵਿਚ ਸਾਹਮਣੇ ਆਇਆ ਹੈ ਕਿ 2000 ਵਿਚ ਨਾਗਰਿਕਤਾ ਲਈ ਅਪਲਾਈ ਕਰਦੇ ਸਮੇਂ ਰਾਣਾ ਨੇ ਝੂਠ ਬੋਲਿਆ ਸੀ ਕਿ ਉਹ ਪਿਛਲੇ ਚਾਰ ਸਾਲਾਂ ਤੋਂ ਕੈਨੇਡਾ ਵਿਚ ਰਹਿ ਰਿਹਾ ਸੀ, ਜਦੋਂਕਿ ਅਸਲ ਵਿਚ ਉਹ ਸ਼ਿਕਾਗੋ (ਅਮਰੀਕਾ) ਵਿਚ ਆਪਣੇ ਕਾਰੋਬਾਰ ਚਲਾ ਰਿਹਾ ਸੀ। ਕੈਨੇਡੀਅਨ ਅਧਿਕਾਰੀਆਂ ਨੇ ਇਸ ਨੂੰ 'ਗੰਭੀਰ ਅਤੇ ਜਾਣਬੁੱਝ ਕੇ ਕੀਤੀ ਗਈ ਧੋਖਾਧੜੀ' ਕਰਾਰ ਦਿੱਤਾ ਹੈ। ਮਾਮਲਾ ਹੁਣ ਫੈਡਰਲ ਕੋਰਟ ਵਿਚ ਹੈ, ਜਿੱਥੇ ਰਾਣਾ ਦੇ ਵਕੀਲ ਨੇ ਇਸ ਫੈਸਲੇ ਵਿਰੁੱਧ ਅਪੀਲ ਕੀਤੀ ਹੈ।

# ਕੈਨੇਡਾ ਦੀ ਮਾਰਕ ਕਾਰਨੀ ਸਰਕਾਰ ਬਹੁਮਤ ਦੇ ਹੋਰ ਨੇੜੇ ਪੁੱਜੀ

ਵੈਨਕੂਵਰ, (ਪੰਜਾਬ ਮੇਲ)- ਕੈਨੇਡਾ ਦੀ ਮਾਰਕ ਕਾਰਨੀ ਦੀ ਅਗਵਾਈ ਵਾਲੀ ਲਿਬਰਲ ਪਾਰਟੀ ਦੀ ਸਰਕਾਰ ਵਿਚ ਇਕ ਹੋਰ ਮੁੱਖ ਵਿਰੋਧੀ ਪਾਰਟੀ ਦਾ ਸੰਸਦ ਮੈਂਬਰ ਸ਼ਾਮਲ ਹੋ ਗਿਆ ਹੈ। ਕੰਜ਼ਰਵੇਟਿਵ ਪਾਰਟੀ ਦੇ ਇੱਕ ਹੋਰ ਮੈਂਬਰ ਪਾਰਲੀਮੈਂਟ ਮੈਂਬਰ ਵਲੋਂ ਪਾਰਟੀ ਬਦਲਣ ਦਾ ਐਲਾਨ ਕਰਨ ਦੇ ਨਾਲ 343 ਮੈਂਬਰੀ ਹਾਊਸ ਆਫ ਕਾਮਨ 'ਚ ਲਿਬਰਲ ਪਾਰਟੀ ਮੈਂਬਰਾਂ ਦੀ ਗਿਣਤੀ 169 ਹੋ ਗਈ ਹੈ, ਬੇਸ਼ੱਕ ਮਾਰਕ ਕਾਰਨੀ ਸਰਕਾਰ ਨੂੰ ਸਪਸ਼ਟ ਬਹੁਮੱਤ ਲਈ 172 ਮੈਂਬਰਾਂ ਦੀ ਜ਼ਰੂਰਤ ਹੈ ਪਰ ਲਿਬਰਲਾਂ ਵਲੋਂ ਅਪ੍ਰੈਲ ਮਹੀਨੇ ਜਿੱਤੀਆਂ ਤਿੰਨ ਸੀਟਾਂ ਖਾਲੀ ਹੋਣ ਅਤੇ ਉੱਥੇ ਉਪ ਚੋਣਾਂ 'ਚ ਲਿਬਰਲਾਂ ਦੇ ਜਿੱਤਣ ਦੀਆਂ ਕਿਆਸਰਾਈਆਂ ਜੇ ਸੱਚ ਹੋਈਆਂ ਤਾਂ ਅਗਲੇ ਮਹੀਨੇ ਲਿਬਰਲ ਸਰਕਾਰ ਸਪੱਸ਼ਟ ਬਹੁਮਤ ਹਾਸਲ ਕਰ ਸਕਦੀ ਹੈ। ਵਿਸ਼ੇਸ਼ ਗੱਲ ਇਹ ਵੀ ਹੈ ਕਿ ਟੋਰੀਆਂ ਵਾਲੀ ਟੋਪੀ ਲਾਹ ਕੇ ਲਿਬਰਲਾਂ ਵੱਲ ਆਏ ਤਿੰਨਾਂ 'ਚੋਂ 2 ਸੰਸਦ ਮੈਂਬਰ ਅਲਬਰਟਾ ਸੂਬੇ ਵਿਚੋਂ ਹਨ। ਟੋਰੀਆਂ ਨੇ ਕਈ ਸਾਲਾਂ ਤੋਂ ਅਲਬਰਟਾ ਵਿਚ ਲਿਬਰਲਾਂ ਦੇ ਪੈਰ ਨਹੀਂ ਲੱਗਣ ਦਿੱਤੇ, ਪਰ ਇਸ ਟੁੱਟ-ਭੱਜ ਨੇ ਲਿਬਰਲ ਆਗੂਆਂ ਦੀ ਹੌਂਸਲਾ ਅਫ਼ਜ਼ਾਈ ਕੀਤੀ ਹੈ।

■ ਤਿੰਨੇ ਉਪ ਚੋਣਾਂ 'ਚ ਲਿਬਰਲ ਪਾਰਟੀ ਨੂੰ ਮਿਲ ਸਕਦਾ ਹੈ ਬਹੁਮਤ




ਕੰਜ਼ਰਵੇਟਿਵ ਐੱਮ.ਪੀ. ਮੈਟ ਜੈਨਰੌਕਸ ਦੇ ਪਾਰਟੀ ਬਦਲਣ ਦੇ ਐਲਾਨ ਨੇ ਸਿਆਸੀ ਹਲਕਿਆਂ ਵਿਚ ਬਹੁਤੀ ਹਿੱਲਜੁਲ ਨਹੀਂ ਕੀਤੀ। ਉਨ੍ਹਾਂ ਕਿਹਾ, 'ਕੈਨੇਡਾ ਨੂੰ ਦਰਪੇਸ਼ ਸਮੱਸਿਆਵਾਂ ਨਾਲ ਸਿੱਝ ਕੇ ਦੇਸ਼ ਨੂੰ ਸ਼ਕਤੀਸ਼ਾਲੀ ਬਣਾਉਣ ਲਈ ਮੈਂ ਮਾਰਕ ਕਾਰਨੀ ਸਰਕਾਰ ਨਾਲ ਸਹਿਯੋਗ ਕਰਾਂਗਾ।' ਕੰਜ਼ਰਵੇਟਿਵ ਆਗੂ ਪੀਅਰੇ ਪੋਲਿਵਰ ਨੇ ਉਸ ਦੀ ਦਲਬਦਲੀ 'ਤੇ ਕੋਈ ਪ੍ਰਤੀਕ੍ਰਿਆ ਨਹੀਂ ਕੀਤੀ। ਇਸ ਤੋਂ ਪਹਿਲਾਂ ਕਰਿਸ ਐਟਰਮੌਂਟ ਨੇ ਨਵੰਬਰ ਵਿਚ ਅਤੇ ਮਾਈਕਲ ਮਾ ਨੇ ਦਸੰਬਰ ਵਿਚ ਪਾਸਾ ਬਦਲਿਆ ਸੀ। ਤਿੰਨਾਂ ਦੇ ਆਉਣ ਤੋਂ ਬਾਅਦ ਵੀ ਹਾਊਸ ਵਿਚ ਲਿਬਰਲ ਪਾਰਟੀ ਮੈਂਬਰਾਂ ਦੀ ਗਿਣਤੀ ਉਹੀ 169 ਹੀ ਹੈ, ਜੋ 29 ਅਪ੍ਰੈਲ ਨੂੰ ਨਿਕਲੇ ਚੋਣ ਨਤੀਜਿਆਂ ਮੌਕੇ ਸੀ। ਲਿਬਰਲ ਪਾਰਟੀ ਦੇ ਦੋ ਐੱਮ.ਪੀ. ਬਿਲ ਬਲੇਅਰ ਅਤੇ ਕ੍ਰਿਸਟੀਆ ਫਰੀਲੈਂਡ ਨੂੰ ਵਿਦੇਸ਼ੀ ਨਿਯੁਕਤੀਆਂ ਕਾਰਨ ਮੈਂਬਰੀ ਤੋਂ ਅਸਤੀਫੇ ਦੇਣੇ ਪਏ ਤੇ ਕਿਊਬਕ ਤੋਂ ਇੱਕ ਵੋਟ ਦੇ ਫਰਕ ਨਾਲ ਜਿੱਤਣ ਵਾਲੇ ਲਿਬਰਲ ਉਮੀਦਵਾਰ ਦੀ ਚੋਣ ਸੁਪਰੀਮ ਕੋਰਟ ਨੇ ਰੱਦ ਕਰ ਦਿੱਤੀ ਸੀ। ਇੰਜ ਅਗਲੇ ਮਹੀਨੇ ਇਨ੍ਹਾਂ ਤਿੰਨਾਂ ਸੀਟਾਂ 'ਤੇ ਹੋਣ ਵਾਲੀ ਉਪ ਚੋਣ ਵਿਚ ਤਿੰਨੇ ਸੀਟਾਂ ਲਿਬਰਲਾਂ ਦੀ ਝੋਲੀ ਪੈਣ ਦੀਆਂ ਕਿਆਸਰਾਈਆਂ ਲੱਗ ਰਹੀਆਂ ਹਨ। ਜੇਕਰ ਇੰਜ ਹੋ ਗਿਆ, ਤਾਂ ਮਾਰਕ ਕਾਰਨੀ ਸਰਕਾਰ ਸਪੱਸ਼ਟ ਬਹੁਮਤ ਵਿਚ ਹੋ ਜਾਵੇਗੀ। ਕੰਜ਼ਰਵੇਟਿਵ ਪਾਰਟੀ ਕੋਲ ਇਸ ਵੇਲੇ 141 ਸੀਟਾਂ ਹਨ, ਕਿਊਬਕ ਵਾਲਿਆਂ ਕੋਲ 22, ਐੱਨ.ਡੀ.ਪੀ. ਕੋਲ 7 ਤੇ ਇੱਕ ਸੀਟ ਗਰੀਨ ਪਾਰਟੀ ਕੋਲ ਹੈ। ਕੈਨੇਡਿਆਈ ਸਿਆਸਤ ਨੂੰ ਨੇੜਿਓਂ ਤੱਕਣ ਵਾਲੇ ਮਾਹਰਾਂ ਦਾ ਮੰਨਣਾ ਹੈ ਕਿ ਜੇਕਰ ਮਾਰਕ ਕਾਰਨੀ ਵਲੋਂ ਅਮਰੀਕਨ ਟੈਰਿਫ ਵਿਰੁੱਧ ਚਲਾਈ ਆਲਮੀ ਮੁਹਿੰਮ ਵਿਚ ਉਹ ਸਫਲ ਰਹਿੰਦੇ ਹਨ ਤਾਂ ਹਾਊਸ ਵਿਚ ਲਿਬਰਲਾਂ ਦੇ ਹੱਥ ਹੋਰ ਮਜ਼ਬੂਤ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

# ਅਮਰੀਕਾ 'ਚ ਪੰਜਾਬੀ ਨੌਜਵਾਨ ਦੀ ਸੜਕ ਹਾਦਸੇ 'ਚ ਗਈ ਜਾਨ

ਜ਼ੀਰਾ (ਪੰਜਾਬ ਮੇਲ)-ਅਮਰੀਕਾ 'ਚ ਚੰਗੇ ਭਵਿੱਖ ਦੀ ਆਸ 'ਚ ਆਏ ਪੰਜਾਬੀ ਨੌਜਵਾਨ ਦੀ ਸੜਕ ਹਾਦਸੇ 'ਚ ਮੌਤ ਹੋ ਜਾਣ ਦੀ ਮੰਦਭਾਗੀ ਖਬਰ ਪ੍ਰਾਪਤ ਹੋਈ ਹੈ। ਮ੍ਰਿਤਕ ਦੀ ਪਛਾਣ ਗੁਰਵਿੰਦਪਾਲ ਸਿੰਘ ਵਜੋਂ ਹੋਈ ਹੈ। ਉਹ ਫਿਰੋਜ਼ਪੁਰ ਦੀ ਤਹਿਸੀਲ ਜ਼ੀਰਾ ਦੇ ਪਿੰਡ ਸ਼ਾਹ ਅਬੂ ਬੁੱਕਰ ਨਾਲ ਸੰਬੰਧਤ ਹੈ।



ਅਮਰੀਕਾ 'ਚ ਟਰੰਪ ਸਰਕਾਰ ਬਣਨ ਮਗਰੋਂ ਡੰਕੀ ਰਾਹੀਂ ਗਏ ਨੌਜਵਾਨਾਂ ਨੂੰ ਹਿਰਾਸਤ 'ਚ ਲੈ ਕੇ ਵਾਪਸ ਭੇਜਿਆ ਜਾਣ ਲੱਗਾ, ਤਾਂ ਗੁਰਵਿੰਦਰ ਪਾਲ ਸਿੰਘ ਲੁਕ-ਛੁਪ ਕੇ ਰਿਹਾ ਅਤੇ ਉਸ ਤੋਂ ਬਾਅਦ ਉਸ ਨੇ ਲਾਇਸੈਂਸ ਬਣਵਾ ਕੇ ਡਰਾਈਵਿੰਗ ਕਰਨੀ ਸ਼ੁਰੂ ਕਰ ਦਿੱਤੀ। ਅਜੇ ਚਾਰ-ਪੰਜ ਮਹੀਨੇ ਹੀ ਹੋਏ ਸਨ ਕਿ ਇੱਕ ਸੜਕ ਹਾਦਸੇ 'ਚ ਉਸ ਦੀ ਮੌਤ ਹੋ ਗਈ ਹੈ।

ਪੰਜਾਬੀ ਨੌਜਵਾਨ ਦੀ ਮੌਤ ਨਾਲ ਉਸ ਦੇ ਪਰਿਵਾਰਕ ਮੈਂਬਰ ਅਤੇ ਪਿੰਡ ਵਾਸੀ ਵੀ ਸਦਮੇ 'ਚ ਹਨ। ਪਰਿਵਾਰਕ ਮੈਂਬਰਾਂ ਨੇ ਕੇਂਦਰ ਸਰਕਾਰ ਨੂੰ ਉਨ੍ਹਾਂ ਦੇ ਪੁੱਤਰ ਦੀ ਮ੍ਰਿਤਕ ਦੇਹ ਨੂੰ ਵਾਪਸ ਭਾਰਤ ਲਿਆਉਣ 'ਚ ਮਦਦ ਦੀ ਅਪੀਲ ਕੀਤੀ ਹੈ।

# ਬਰੈਂਪਟਨ 'ਚ ਵਿਅਕਤੀ ਨੂੰ ਅਗਵਾ ਕਰਕੇ ਫਿਰੌਤੀ ਮੰਗਣ ਮਾਮਲੇ 'ਚ 2 ਪੰਜਾਬੀ ਗ੍ਰਿਫ਼ਤਾਰ

ਬਰੈਂਪਟਨ, (ਪੰਜਾਬ ਮੇਲ)- ਕੈਨੇਡਾ ਦੇ ਓਨਟਾਰੀਓ ਸੂਬੇ 'ਚ ਸਥਿਤ ਬਰੈਂਪਟਨ ਵਿਚ ਇੱਕ ਸਨਸਨੀਖੇਜ਼ ਅਗਵਾ ਦੇ ਮਾਮਲੇ ਵਿਚ ਪੀਲ ਰੀਜਨਲ ਪੁਲਿਸ ਨੇ 2 ਭਾਰਤੀ ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਮੁਲਜ਼ਮਾਂ 'ਤੇ ਇੱਕ ਵਿਅਕਤੀ ਨੂੰ ਅਗਵਾ ਕਰਕੇ ਉਸ ਨੂੰ ਛੱਡਣ ਦੇ ਬਦਲੇ 2 ਲੱਖ ਅਮਰੀਕੀ ਡਾਲਰ ਦੀ ਫਿਰੌਤੀ ਮੰਗਣ ਦਾ ਦੋਸ਼ ਹੈ। ਪੁਲਿਸ ਮੁਤਾਬਕ ਇਹ ਘਟਨਾ 6 ਨਵੰਬਰ 2025 ਦੀ ਸ਼ਾਮ ਨੂੰ ਵਾਪਰੀ ਸੀ, ਜਦੋਂ ਇੱਕ ਵਿਅਕਤੀ ਨੇ ਆਪਣੇ ਦੋਸਤ ਦੇ ਅਗਵਾ ਹੋਣ ਬਾਰੇ ਸੂਚਨਾ ਦਿੱਤੀ। ਜਾਂਚ ਵਿਚ ਸਾਹਮਣੇ ਆਇਆ ਕਿ ਮੁਲਜ਼ਮਾਂ ਨੇ ਪੀੜਤ ਨੂੰ ਛੱਡਣ ਲਈ ਵੱਡੀ ਰਕਮ ਦੀ ਮੰਗ ਕੀਤੀ ਸੀ ਅਤੇ ਪੈਸੇ ਨਾ ਦੇਣ ਦੀ ਸੂਰਤ ਵਿਚ ਉਸ ਨੂੰ ਨੁਕਸਾਨ ਪਹੁੰਚਾਉਣ ਦੀ ਧਮਕੀ ਦਿੱਤੀ ਸੀ।

ਪੁਲਿਸ ਨੇ ਮੁਸਤੈਦੀ ਦਿਖਾਉਂਦੇ ਹੋਏ ਲੋਕੇਸ਼ਨ ਟ੍ਰੇਸ ਕੀਤੀ ਅਤੇ ਪੀੜਤ ਨੂੰ ਸੁਰੱਖਿਅਤ ਬਰਾਮਦ ਕਰ ਲਿਆ। ਗ੍ਰਿਫ਼ਤਾਰੀ ਦੌਰਾਨ ਮੌਕੇ ਤੋਂ ਇੱਕ 0.45 ਕੈਲੀਬਰ ਦੀ ਪਿਸਤੌਲ ਵੀ ਬਰਾਮਦ ਕੀਤੀ ਗਈ। ਇਸ ਤੋਂ ਬਾਅਦ 13 ਫਰਵਰੀ 2026 ਨੂੰ ਕੀਤੀ ਗਈ ਛਾਪੇਮਾਰੀ ਦੌਰਾਨ ਪੁਲਿਸ ਨੂੰ ਇੱਕ ਲੋਡਿਡ ਮੈਗਜ਼ੀਨ ਅਤੇ ਇੱਕ ਰਾਈਫਲ ਮੈਗਜ਼ੀਨ ਵੀ ਮਿਲੀ ਹੈ। ਪੁਲਿਸ ਵੱਲੋਂ ਗ੍ਰਿਫ਼ਤਾਰ

■ ਫਿਰੌਤੀ 'ਚ ਮੰਗੇ ਸੀ 2 ਲੱਖ ਅਮਰੀਕੀ ਡਾਲਰ

ਕੀਤੇ ਗਏ ਵਿਅਕਤੀਆਂ ਦੀ ਪਛਾਣ ਕਰ ਲਈ ਗਈ ਹੈ। ਜਿਨ੍ਹਾਂ ਵਿਚੋਂ ਬਰੈਂਪਟਨ ਵਾਸੀ ਹਰਕੀਰਤ ਸਿੰਘ (27) ਅਤੇ ਅੰਮ੍ਰਿਤਪਾਲ ਸਿੰਘ (27) ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ, ਜਦਕਿ ਹਸਨਪ੍ਰੀਤ ਸਿੰਘ (28) ਦੀ ਅਜੇ ਪੁਲਿਸ ਭਾਲ ਕਰ ਰਹੀ ਹੈ। ਪੁਲਿਸ ਨੇ ਉਸ ਦੇ ਖਿਲਾਫ ਗ੍ਰਿਫ਼ਤਾਰੀ ਵਾਰੰਟ ਜਾਰੀ ਕਰ ਦਿੱਤਾ ਹੈ। ਇਨ੍ਹਾਂ 'ਤੇ ਹਥਿਆਰ ਨਾਲ ਅਗਵਾ ਕਰਨਾ, ਗੈਰ-ਕਾਨੂੰਨੀ ਹਥਿਆਰ ਰੱਖਣ ਬਾਰੇ ਜਾਣਨਾ, ਹਥਿਆਰ ਵਾਲੇ ਵਾਹਨ ਵਿਚ ਸਵਾਰ ਹੋਣਾ, ਲੋਡ ਕੀਤੇ, ਵਰਜਿਤ, ਜਾਂ ਨਿਯੰਤਰਿਤ ਹਥਿਆਰ ਰੱਖਣਾ ਆਦਿ ਵਰਗੇ ਹੋਰ ਵੀ ਕਈ ਦੋਸ਼ ਲੱਗੇ ਹਨ।

ਪੁਲਿਸ ਇਸ ਗੱਲ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ ਕਿ ਕੀ ਇਹ ਲੋਕ ਕਿਸੇ ਸੰਗਠਿਤ ਗੈਂਗ ਨਾਲ ਜੁੜੇ ਹੋਏ ਹਨ। ਫਿਲਹਾਲ ਪੀੜਤ ਸੁਰੱਖਿਅਤ ਹੈ, ਪਰ ਇਸ ਘਟਨਾ ਨੇ ਸਥਾਨਕ ਭਾਈਚਾਰੇ ਵਿਚ ਸੁਰੱਖਿਆ ਨੂੰ ਲੈ ਕੇ ਚਿੰਤਾ ਪੈਦਾ ਕਰ ਦਿੱਤੀ ਹੈ। ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਕੋਲ ਫਰਾਰ ਮੁਲਜ਼ਮ ਬਾਰੇ ਕੋਈ ਜਾਣਕਾਰੀ ਹੋਵੇ, ਤਾਂ ਉਹ ਤੁਰੰਤ ਸੰਪਰਕ ਕਰਨ।



# ਸੁਖਪਾਲ ਸਿੰਘ ਖਹਿਰਾ ਦੇ ਘਰ ਦਾ ਇਕ ਹਿੱਸਾ ਢਾਹਿਆ

**■ ਸੁਖਪਾਲ ਖਹਿਰਾ ਨੇ ਵੀਡੀਓ ਸਾਂਝੀ ਕੀਤੀ; ਵੱਡੀ ਗਿਣਤੀ ਸਮਰਥਕ ਪੁੱਜੇ; ਪੁਲਿਸ ਵੱਲੋਂ ਇਲਾਕਾ ਸੀਲ**





**ਚੰਡੀਗੜ੍ਹ, (ਪੰਜਾਬ ਮੇਲ)-** ਭੁਲੱਥ ਦੇ ਰਾਮਗੜ੍ਹ 'ਚ ਪੰਜਾਬ ਪੁਲਿਸ ਦੀ ਟੀਮ ਤੇ ਹੋਰ ਅਮਲੇ ਨੇ ਸੋਮਵਾਰ ਨੂੰ ਵਿਧਾਇਕ ਸੁਖਪਾਲ ਖਹਿਰਾ ਦੇ ਘਰ ਦਾ ਇਕ ਹਿੱਸਾ ਢਾਹ ਦਿੱਤਾ। ਇਸ ਦੌਰਾਨ ਵੱਡੀ ਗਿਣਤੀ ਵਿਚ ਖਹਿਰਾ ਸਮਰਥਕ ਇਕੱਠੇ ਹੋ ਗਏ। ਇਸ ਮੌਕੇ ਸੁਖਪਾਲ ਖਹਿਰਾ ਜੇ.ਸੀ.ਬੀ. ਮਸ਼ੀਨ ਅੱਗੇ ਬੈਠ ਗਏ ਤੇ ਪੰਜਾਬ ਸਰਕਾਰ ਤੇ ਪੁਲਿਸ ਖ਼ਿਲਾਫ਼ ਧਰਨਾ ਸ਼ੁਰੂ ਕੀਤਾ। ਦੂਜੇ ਪਾਸੇ ਪੁਲਿਸ ਦੇ ਅਧਿਕਾਰੀ ਵੀ ਮੌਕੇ 'ਤੇ ਪੁੱਜ ਗਏ। ਦੱਸਣਾ ਬਣਦਾ ਹੈ ਕਿ ਸੁਖਪਾਲ ਖਹਿਰਾ ਨੇ ਮੁੱਖ ਮੰਤਰੀ ਭਗਵੰਤ ਮਾਨ ਤੇ ਆਮ ਆਦਮੀ ਪਾਰਟੀ ਖ਼ਿਲਾਫ਼ ਉਨ੍ਹਾਂ ਦੀਆਂ ਨੀਤੀਆਂ ਬਾਰੇ ਸੋਸ਼ਲ ਮੀਡੀਆ 'ਤੇ ਹੋਰ ਥਾਵਾਂ 'ਤੇ ਮੋਰਚਾ ਖੋਲ੍ਹਿਆ ਹੋਇਆ ਹੈ।

ਦੂਜੇ ਪਾਸੇ ਪ੍ਰਸ਼ਾਸਨਿਕ ਸੂਤਰਾਂ ਨੇ ਇਸ ਕਾਰਵਾਈ ਬਾਰੇ ਸਪੱਸ਼ਟ ਕਰਦਿਆਂ ਕਿਹਾ ਕਿ ਉਹ ਸਿਰਫ਼ ਉਨ੍ਹਾਂ ਢਾਂਚਿਆਂ ਨੂੰ ਹੀ ਢਾਹ ਰਹੇ ਹਨ, ਜੋ ਨਿਯਮਾਂ ਅਨੁਸਾਰ ਗੈਰ-ਕਾਨੂੰਨੀ ਹਨ। ਅਧਿਕਾਰੀਆਂ ਦਾ ਦਾਅਵਾ ਹੈ ਕਿ ਇਹ ਸਾਰੀ ਪ੍ਰਕਿਰਿਆ ਕਾਨੂੰਨੀ ਨਿਯਮਾਂ ਦੀ ਪਾਲਣਾ ਕਰਦੇ ਹੋਏ ਅਮਲ ਵਿਚ ਲਿਆਂਦੀ ਗਈ ਹੈ। ਦੂਜੇ ਪਾਸੇ ਸੁਖਪਾਲ ਖਹਿਰਾ ਨੇ ਇਸ ਕਾਰਵਾਈ ਨੂੰ ਪੂਰੀ ਤਰ੍ਹਾਂ ਸਿਆਸਤ ਤੋਂ ਪ੍ਰੇਰਿਤ ਦੱਸਿਆ ਹੈ। ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਬਿਨਾਂ ਕਿਸੇ ਨੋਟਿਸ ਜਾਂ ਸੁਣਵਾਈ ਦੇ ਉਨ੍ਹਾਂ ਦੇ ਘਰ ਦਾ ਹਿੱਸਾ ਢਾਹਿਆ ਜਾ ਰਿਹਾ ਹੈ। ਖਹਿਰਾ ਵੱਲੋਂ ਮਦਦ ਦੀ ਅਪੀਲ ਕਰਨ ਤੋਂ ਬਾਅਦ ਉਨ੍ਹਾਂ ਦੇ ਘਰ ਦੇ ਬਾਹਰ ਸਮਰਥਕਾਂ ਦਾ ਭਾਰੀ ਇਕੱਠ ਹੋ ਗਿਆ, ਜਿਸ ਕਾਰਨ ਪੂਰਾ ਇਲਾਕਾ ਇਕ ਛਾਉਣੀ ਵਿਚ ਤਬਦੀਲ ਹੋ ਗਿਆ। ਪ੍ਰਦਰਸ਼ਨਕਾਰੀਆਂ ਅਤੇ ਪੁਲਿਸ ਵਿਚਾਲੇ ਟਕਰਾਅ ਵਾਲੀ ਸਥਿਤੀ ਬਣੀ ਹੋਈ ਹੈ। ਕਿਸੇ ਵੀ ਤਰ੍ਹਾਂ ਦੀ ਹਿੰਸਕ ਘਟਨਾ ਨੂੰ ਰੋਕਣ ਲਈ ਪੁਲਿਸ ਨੇ ਘਰ ਦੇ ਆਲੇ-ਦੁਆਲੇ ਦੇ ਇਲਾਕੇ ਨੂੰ ਪੂਰੀ ਤਰ੍ਹਾਂ ਸੀਲ ਕਰ ਦਿੱਤਾ ਹੈ ਅਤੇ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਹਨ। ਸ਼੍ਰੀ ਖਹਿਰਾ ਨੇ ਕਿਹਾ ਕਿ ਉਹ ਸਰਕਾਰ ਦੀਆਂ ਨੀਤੀਆਂ ਦਾ ਵਿਰੋਧ ਕਰਦੇ ਰਹਿਣਗੇ। ਇਸ ਤੋਂ ਪਹਿਲਾਂ ਸੁਖਪਾਲ ਸਿੰਘ ਖਹਿਰਾ ਨੇ ਕੇਂਦਰੀ ਪੇਂਡੂ ਵਿਕਾਸ ਅਤੇ ਪੰਚਾਇਤੀ ਰਾਜ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੂੰ ਪੱਤਰ ਲਿਖ ਕੇ ਪੰਜਾਬ ਵਿਚ ਪੇਂਡੂ ਸਥਾਨਕ ਇਕਾਈਆਂ ਲਈ 15ਵੇਂ ਵਿੱਤ ਕਮਿਸ਼ਨ ਤਹਿਤ ਜਾਰੀ ਕੀਤੇ ਗਏ ਲਗਭਗ 750 ਕਰੋੜ ਰੁਪਏ ਦੇ ਫੰਡਾਂ ਦੀ ਕਥਿਤ ਦੁਰਵਰਤੋਂ ਦੀ ਤੁਰੰਤ ਜਾਂਚ ਦੀ ਮੰਗ ਕੀਤੀ ਸੀ। ਖਹਿਰਾ ਅਨੁਸਾਰ ਸੰਵਿਧਾਨਿਕ ਤੌਰ 'ਤੇ ਲਾਜ਼ਮੀ ਗ੍ਰਾਂਟਾਂ ਦਾ ਇਕ ਵੱਡਾ ਹਿੱਸਾ ਸਿੱਧੇ ਤੌਰ 'ਤੇ ਪੰਚਾਇਤੀ ਰਾਜ ਸੰਸਥਾਵਾਂ ਨੂੰ ਤਬਦੀਲ ਨਹੀਂ ਕੀਤਾ ਗਿਆ। ਉਨ੍ਹਾਂ ਦੋਸ਼ ਲਾਇਆ ਕਿ ਇਸ ਦੀ ਬਜਾਏ ਰਿਪੋਰਟਾਂ ਅਨੁਸਾਰ ਇਨ੍ਹਾਂ ਫੰਡਾਂ ਦੀ ਵਰਤੋਂ ਵਿਭਾਗੀ ਦੇਣਦਾਰੀਆਂ ਨੂੰ ਪੂਰਾ ਕਰਨ ਲਈ ਕੀਤੀ ਗਈ, ਜਿਸ ਵਿਚ ਜਲ ਸਪਲਾਈ ਅਤੇ ਸਬੰਧਤ ਸੇਵਾਵਾਂ ਨਾਲ ਜੁੜੇ ਸੰਚਾਲਨ ਖਰਚੇ ਸ਼ਾਮਲ ਹਨ, ਜੋ ਕਿ ਨਿਰਧਾਰਤ ਵਿੱਤੀ ਨਿਯਮਾਂ ਦੀ ਪਾਲਣਾ 'ਤੇ ਸਵਾਲ ਖੜ੍ਹੇ ਕਰਦੇ ਹਨ।


## MATRIMONIAL

Jatt Sikh, Chatha, Age 33yrs, height 6'-1", American born boy, Fully family values known, Gursikh Lawyer boy, working in Los Angeles county as Lawyer supervisor, looking for an educated & beautiful girl in California.

for more information Contact at : 818-645-9810

895


# ਸੁਪਰੀਮ ਕੋਰਟ ਵੱਲੋਂ ਭਾਈ ਰਾਜੋਆਣਾ ਦੀ ਪਟੀਸ਼ਨ 'ਤੇ ਸੁਣਵਾਈ 18 ਮਾਰਚ ਨੂੰ

**■ 3 ਮਈ 2023 ਨੂੰ ਸਿਖਰਲੀ ਅਦਾਲਤ ਨੇ ਮੌਤ ਦੀ ਸਜ਼ਾ ਨੂੰ ਘੱਟ ਕਰਨ ਤੋਂ ਕੀਤਾ ਸੀ ਇਨਕਾਰ**



**ਨਵੀਂ ਦਿੱਲੀ, (ਪੰਜਾਬ ਮੇਲ)-** ਸੁਪਰੀਮ ਕੋਰਟ ਨੇ ਕਿਹਾ ਹੈ ਕਿ ਉਹ 1995 ਦੇ ਤਤਕਾਲੀ ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਵਿਚ ਦੋਸ਼ੀ ਬਲਵੰਤ ਸਿੰਘ ਰਾਜੋਆਣਾ ਵੱਲੋਂ ਦਾਇਰ ਪਟੀਸ਼ਨ 'ਤੇ 18 ਮਾਰਚ ਨੂੰ ਸੁਣਵਾਈ ਕਰੇਗੀ, ਜਿਸ ਵਿਚ ਉਸ ਦੀ ਰਹਿਮ ਦੀ ਅਪੀਲ ਦਾ ਫੈਸਲਾ ਕਰਨ ਵਿਚ ਹੋ ਰਹੀ ਦੇਰੀ ਕਾਰਨ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਦੀ ਮੰਗ ਕੀਤੀ ਗਈ ਹੈ।

ਭਾਈ ਰਾਜੋਆਣਾ 29 ਸਾਲਾਂ ਤੋਂ ਵੱਧ ਸਮੇਂ ਤੋਂ ਜੇਲ੍ਹ ਵਿਚ ਬੰਦ ਹੈ, ਜਿਸ ਵਿਚੋਂ ਉਹ 15 ਸਾਲਾਂ ਤੋਂ ਵੱਧ ਸਮੇਂ ਤੋਂ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਿਹਾ ਹੈ। ਕੇਂਦਰ ਵੱਲੋਂ ਪੇਸ਼ ਹੋਏ ਵਕੀਲ ਨੇ ਜਸਟਿਸ ਵਿਕਰਮ ਨਾਥ, ਸੰਦੀਪ ਮਹਿਤਾ ਅਤੇ ਐੱਨ.ਵੀ. ਅੰਜਾਰੀਆ ਦੀ ਬੈਂਚ ਨੂੰ ਦੱਸਿਆ ਕਿ ਉਨ੍ਹਾਂ ਨੂੰ ਇਸ ਮਾਮਲੇ ਵਿਚ ਕੁਝ ਸਮੇਂ ਦੀ ਲੋੜ ਹੋਵੇਗੀ। ਭਾਈ ਰਾਜੋਆਣਾ ਵੱਲੋਂ ਪੇਸ਼ ਹੋਏ ਸੀਨੀਅਰ ਐਡਵੋਕੇਟ ਮੁਕੁਲ ਰੋਹਤਗੀ ਨੇ ਸਿਖਰਲੀ ਅਦਾਲਤ ਦੇ 24 ਸਤੰਬਰ, 2025 ਦੇ ਹੁਕਮਾਂ ਦਾ ਹਵਾਲਾ ਦਿੱਤਾ, ਜਿਸ ਵਿਚ ਕਿਹਾ ਗਿਆ ਸੀ ਕਿ ਜਵਾਬਦੇਹਾਂ ਦੀ ਬੇਨਤੀ 'ਤੇ ਹੋਰ ਮੁਲਤਵੀ ਕਰਨ ਦੀ ਕੋਈ ਵੀ ਬੇਨਤੀ ਸਵੀਕਾਰ ਨਹੀਂ ਕੀਤੀ ਜਾਵੇਗੀ। ਬੈਂਚ ਨੇ ਕਿਹਾ, "18 ਮਾਰਚ ਲਈ ਸੂਚੀਬੱਧ ਕਰੋ।"

ਸਿਖਰਲੀ ਅਦਾਲਤ ਨੇ ਪਹਿਲਾਂ ਕੇਂਦਰ ਨੂੰ ਭਾਈ ਰਾਜੋਆਣਾ ਦੀ ਰਹਿਮ ਦੀ ਅਪੀਲ 'ਤੇ ਫੈਸਲਾ ਲੈਣ ਲਈ ਕਿਹਾ ਸੀ। ਕੇਂਦਰ ਨੇ ਉਦੋਂ ਮਾਮਲੇ ਦੀ ਸੰਵੇਦਨਸ਼ੀਲਤਾ ਦਾ ਹਵਾਲਾ ਦਿੱਤਾ ਸੀ ਅਤੇ ਕਿਹਾ ਸੀ ਕਿ ਰਹਿਮ ਦੀ ਅਪੀਲ ਵਿਚਾਰ ਅਧੀਨ ਹੈ। ਸਤੰਬਰ 2024 ਵਿਚ, ਸਿਖਰਲੀ ਅਦਾਲਤ ਨੇ ਭਾਈ ਰਾਜੋਆਣਾ ਦੀ ਪਟੀਸ਼ਨ 'ਤੇ ਕੇਂਦਰ, ਪੰਜਾਬ ਸਰਕਾਰ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੇ ਪ੍ਰਸ਼ਾਸਨ ਤੋਂ ਜਵਾਬ ਮੰਗਿਆ ਸੀ।

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸਿੰਘ ਅਤੇ 16 ਹੋਰ 31 ਅਗਸਤ 1995 ਨੂੰ ਚੰਡੀਗੜ੍ਹ ਵਿਚ ਸਿਵਲ ਸਕੱਤਰੇਤ ਦੇ ਪ੍ਰਵੇਸ਼ ਦੁਆਰ 'ਤੇ ਹੋਏ ਧਮਾਕੇ ਵਿਚ ਮਾਰੇ ਗਏ ਸਨ। ਇਕ ਵਿਸ਼ੇਸ਼ ਅਦਾਲਤ ਨੇ ਜੁਲਾਈ 2007 ਵਿਚ ਰਾਜੋਆਣਾ ਨੂੰ ਮੌਤ ਦੀ ਸਜ਼ਾ ਸੁਣਾਈ ਸੀ। ਰਾਜੋਆਣਾ ਦੀ ਪਟੀਸ਼ਨ ਵਿਚ ਉਸਦੀ ਰਿਹਾਈ ਲਈ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਸੀ।

# ਸੁਖਪਾਲ ਖਹਿਰਾ ਵੱਲੋਂ 750 ਕਰੋੜ ਦੇ ਵਿੱਤੀ ਘਪਲੇ ਸਬੰਧੀ ਜਾਂਚ ਦੀ ਮੰਗ

**■ ਖਹਿਰਾ ਨੇ ਕੇਂਦਰੀ ਮੰਤਰੀ ਸ਼ਿਵਰਾਜ ਚੌਹਾਨ ਨੂੰ ਲਿਖੀ ਚਿੱਠੀ**

**ਫਗਵਾੜਾ, (ਪੰਜਾਬ ਮੇਲ)-** ਪੰਜਾਬ ਦੇ ਸੀਨੀਅਰ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕੇਂਦਰੀ ਪੇਂਡੂ ਵਿਕਾਸ ਅਤੇ ਪੰਚਾਇਤੀ ਰਾਜ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੂੰ ਰਸਮੀ ਤੌਰ 'ਤੇ ਪੱਤਰ ਲਿਖ ਕੇ ਪੰਜਾਬ ਵਿਚ ਪੇਂਡੂ ਸਥਾਨਕ ਇਕਾਈਆਂ ਲਈ 15ਵੇਂ ਵਿੱਤ ਕਮਿਸ਼ਨ ਦੇ ਤਹਿਤ ਜਾਰੀ ਕੀਤੇ ਗਏ ਲਗਭਗ 750 ਕਰੋੜ ਰੁਪਏ ਦੇ ਫੰਡਾਂ ਦੀ ਕਥਿਤ ਦੁਰਵਰਤੋਂ ਦੀ ਤੁਰੰਤ ਜਾਂਚ ਦੀ ਮੰਗ ਕੀਤੀ ਹੈ।

ਨਵੀਂ ਦਿੱਲੀ ਵਿਚ ਕੇਂਦਰੀ ਮੰਤਰੀ ਨੂੰ ਭੇਜੇ ਆਪਣੇ ਪੱਤਰ ਵਿਚ ਖਹਿਰਾ ਨੇ ਉਨ੍ਹਾਂ ਭਰੋਸੇਯੋਗ ਸੂਚਨਾਵਾਂ 'ਤੇ ਡੂੰਘੀ ਚਿੰਤਾ ਪ੍ਰਗਟਾਈ ਹੈ, ਜਿਨ੍ਹਾਂ ਅਨੁਸਾਰ ਸੰਵਿਧਾਨਿਕ ਤੌਰ 'ਤੇ ਲਾਜ਼ਮੀ ਗ੍ਰਾਂਟਾਂ ਦਾ ਇਕ ਵੱਡਾ ਹਿੱਸਾ ਸਿੱਧੇ ਤੌਰ 'ਤੇ ਪੰਚਾਇਤੀ ਰਾਜ ਸੰਸਥਾਵਾਂ ਨੂੰ ਤਬਦੀਲ ਨਹੀਂ ਕੀਤਾ ਗਿਆ, ਜਿਵੇਂ ਕਿ ਨਿਯਮਾਂ ਅਨੁਸਾਰ ਜ਼ਰੂਰੀ ਸੀ।

ਉਨ੍ਹਾਂ ਦੋਸ਼ ਲਾਇਆ ਕਿ ਇਸ ਦੀ ਬਜਾਏ, ਰਿਪੋਰਟਾਂ ਅਨੁਸਾਰ ਇਨ੍ਹਾਂ ਫੰਡਾਂ ਦੀ ਵਰਤੋਂ ਵਿਭਾਗੀ ਦੇਣਦਾਰੀਆਂ ਨੂੰ ਪੂਰਾ ਕਰਨ ਲਈ ਕੀਤੀ ਗਈ, ਜਿਸ ਵਿਚ ਜਲ ਸਪਲਾਈ ਅਤੇ ਸਬੰਧਤ ਸੇਵਾਵਾਂ ਨਾਲ ਜੁੜੇ ਸੰਚਾਲਨ ਖਰਚੇ ਸ਼ਾਮਲ ਹਨ, ਜੋ ਕਿ ਨਿਰਧਾਰਤ ਵਿੱਤੀ ਨਿਯਮਾਂ ਦੀ ਪਾਲਣਾ 'ਤੇ ਸਵਾਲ ਖੜ੍ਹੇ ਕਰਦੇ ਹਨ।

15ਵੇਂ ਵਿੱਤ ਕਮਿਸ਼ਨ ਦੀਆਂ ਗ੍ਰਾਂਟਾਂ ਦਾ ਉਦੇਸ਼ ਸਥਾਨਕ ਵਿਕਾਸ ਕਾਰਜਾਂ ਲਈ ਸਿੱਧੇ ਵਿੱਤੀ ਤਬਾਦਲੇ ਰਾਹੀਂ ਗ੍ਰਾਮ ਪੰਚਾਇਤਾਂ, ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਨੂੰ ਮਜ਼ਬੂਤ ਕਰਕੇ ਜ਼ਮੀਨੀ ਪੱਧਰ 'ਤੇ ਲੋਕਤੰਤਰ ਨੂੰ ਸ਼ਕਤੀ ਪ੍ਰਦਾਨ ਕਰਨਾ ਸੀ। ਇਹ ਫੰਡ ਜ਼ਰੂਰੀ ਨਾਗਰਿਕ ਬੁਨਿਆਦੀ ਢਾਂਚੇ ਵਿਚ ਸੁਧਾਰ ਕਰਨ ਅਤੇ ਪੇਂਡੂ ਸ਼ਾਸਨ ਵਿਚ ਪਾਰਦਰਸ਼ਿਤਾ ਯਕੀਨੀ ਬਣਾਉਣ ਲਈ ਤਿਆਰ ਕੀਤੇ ਗਏ ਹਨ। ਖਹਿਰਾ ਨੇ ਚਿਤਾਵਨੀ ਦਿੱਤੀ ਕਿ ਸਥਾਪਤ ਢਾਂਚੇ ਤੋਂ ਕੋਈ ਵੀ ਭਟਕਣਾ ਨਾ ਸਿਰਫ਼ ਸੰਵਿਧਾਨਕ ਵਿਕੇਂਦਰੀਕਰਨ ਦੀ ਭਾਵਨਾ ਨੂੰ ਕਮਜ਼ੋਰ ਕਰੇਗੀ, ਸਗੋਂ ਪੇਂਡੂ ਸਥਾਨਕ ਇਕਾਈਆਂ ਨੂੰ ਵਿਕਾਸ ਲਈ ਮਹੱਤਵਪੂਰਨ ਸਰੋਤਾਂ ਤੋਂ ਵੀ ਵਾਂਝਾ ਕਰ ਦੇਵੇਗੀ।

ਭੁਲੱਥ ਤੋਂ ਵਿਧਾਇਕ ਨੇ ਆਪਣੇ ਪੱਤਰ ਵਿਚ ਸੂਬੇ ਨੂੰ ਜਾਰੀ ਕੀਤੇ ਫੰਡਾਂ ਦੀ ਵਰਤੋਂ ਦੀ ਉੱਚ-ਪੱਧਰੀ ਜਾਂਚ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਕੇਂਦਰੀ ਮੰਤਰਾਲੇ ਨੂੰ ਅਪੀਲ ਕੀਤੀ ਕਿ ਉਹ ਰਾਜ ਸਰਕਾਰ ਤੋਂ ਇੱਕ ਵਿਆਪਕ ਰਿਪੋਰਟ ਮੰਗਣ, ਜਿਸ ਵਿਚ ਸ਼੍ਰੇਣੀ-ਵਾਰ ਅਤੇ ਪੰਚਾਇਤ-ਵਾਰ ਤਬਾਦਲੇ, ਮੱਦ-ਵਾਰ ਖਰਚੇ ਅਤੇ ਇਸ ਗੱਲ ਦਾ ਸਪੱਸ਼ਟੀਕਰਨ ਹੋਵੇ ਕਿ ਕੀ ਕੋਈ ਫੰਡ ਸਥਾਨਕ ਇਕਾਈਆਂ ਦੀ ਬਜਾਏ ਵਿਭਾਗੀ ਖਾਤਿਆਂ ਵਿਚ ਭੇਜਿਆ ਗਿਆ ਸੀ।

ਉਨ੍ਹਾਂ ਨੇ ਵਿੱਤ ਕਮਿਸ਼ਨ ਦੀਆਂ ਗ੍ਰਾਂਟਾਂ ਨੂੰ ਜਾਰੀ ਕਰਨ, ਰੂਟ ਕਰਨ ਅਤੇ ਰਿਪੋਰਟ ਕਰਨ ਦੇ ਸੰਚਾਲਨ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਦੀ ਸਖ਼ਤ ਜਾਂਚ ਦੀ ਮੰਗ ਵੀ ਕੀਤੀ। ਖਹਿਰਾ ਨੇ ਜ਼ੋਰ ਦੇ ਕੇ ਕਿਹਾ ਕਿ ਜੇਕਰ ਫੰਡਾਂ ਦੀ ਦੁਰਵਰਤੋਂ ਦੇ ਦੋਸ਼ ਸਾਬਤ ਹੁੰਦੇ ਹਨ, ਤਾਂ ਇਹ ਗ੍ਰਾਂਟਾਂ ਨਾਲ ਜੁੜੀਆਂ ਸ਼ਰਤਾਂ ਦੀ ਗੰਭੀਰ ਉਲੰਘਣਾ ਹੋਵੇਗੀ ਅਤੇ ਸੰਭਾਵੀ ਤੌਰ 'ਤੇ ਜ਼ਮੀਨੀ ਪੱਧਰ 'ਤੇ ਵਿੱਤੀ ਸਸ਼ਕਤੀਕਰਨ ਨੂੰ ਕਮਜ਼ੋਰ ਕਰੇਗੀ। ਉਨ੍ਹਾਂ ਨੇ ਇਹ ਯਕੀਨੀ ਬਣਾਉਣ ਲਈ ਮਜ਼ਬੂਤ ਨਿਗਰਾਨੀ ਪ੍ਰਣਾਲੀ ਦੀ ਲੋੜ 'ਤੇ ਵੀ ਜ਼ੋਰ ਦਿੱਤਾ ਕਿ ਭਵਿੱਖ ਵਿਚ ਜਾਰੀ ਕੀਤੇ ਜਾਣ ਵਾਲੇ ਫੰਡਾਂ ਨੂੰ ਦੁਰਵਰਤੋਂ ਤੋਂ ਸੁਰੱਖਿਅਤ ਰੱਖਿਆ ਜਾ ਸਕੇ ਅਤੇ ਪੇਂਡੂ ਬੁਨਿਆਦੀ ਢਾਂਚੇ ਦੇ ਵਿਕਾਸ ਦੇ ਟੀਚਿਆਂ ਨੂੰ ਪੂਰੀ ਤਰ੍ਹਾਂ ਪ੍ਰਾਪਤ ਕੀਤਾ ਜਾ ਸਕੇ।

ਆਉਣ ਵਾਲੇ ਦਿਨਾਂ ਵਿਚ ਇਸ ਮੁੱਦੇ ਦੇ ਸਿਆਸੀ ਰੰਗਤ ਅਖਤਿਆਰ ਕਰਨ ਦੀ ਉਮੀਦ ਹੈ, ਕਿਉਂਕਿ ਇਹ ਪਾਰਦਰਸ਼ਿਤਾ, ਜਵਾਬਦੇਹੀ ਅਤੇ ਪੇਂਡੂ ਸਵੈ-ਸ਼ਾਸਨ ਨੂੰ ਮਜ਼ਬੂਤ ਕਰਨ ਲਈ ਬਣਾਏ ਗਏ ਸੰਵਿਧਾਨਕ ਵਿੱਤੀ ਤਬਾਦਲਿਆਂ ਦੀ ਅਖੰਡਤਾ ਨਾਲ ਜੁੜਿਆ ਹੋਇਆ ਹੈ।

# ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਭਾਰਤ ਫੇਰੀ 'ਤੇ ਨਜ਼ਰਾਂ!

**■ ਕੈਨੇਡਾ ਨਾਲ ਹੋ ਸਕਦੈ ਇਤਿਹਾਸਕ ਵਪਾਰਕ ਸਮਝੌਤਾ**

**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤ ਤੇ ਕੈਨੇਡਾ ਦੇ ਆਰਥਿਕ ਸਬੰਧਾਂ ਵਿਚ ਇੱਕ ਵੱਡਾ ਮੋੜ ਆਉਣ ਦੀ ਉਮੀਦ ਹੈ। ਕੈਨੇਡਾ ਵਿਚ ਭਾਰਤ ਦੇ ਉੱਚ ਕਮਿਸ਼ਨਰ ਦਿਨੇਸ਼ ਪਟਨਾਇਕ ਨੇ ਸੰਕੇਤ ਦਿੱਤਾ ਹੈ ਕਿ ਦੋਵੇਂ ਦੇਸ਼ ਅਗਲੇ ਇੱਕ ਸਾਲ ਦੇ ਅੰਦਰ ਵਿਆਪਕ ਆਰਥਿਕ ਭਾਈਵਾਲੀ ਸਮਝੌਤੇ (ਸੀ.ਈ.ਪੀ.ਏ.) 'ਤੇ ਹਸਤਾਖਰ ਕਰ ਸਕਦੇ ਹਨ। ਇਹ ਅਹਿਮ ਬਿਆਨ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਪ੍ਰਸਤਾਵਿਤ ਭਾਰਤ ਯਾਤਰਾ ਤੋਂ ਠੀਕ ਪਹਿਲਾਂ ਆਇਆ ਹੈ।

ਵਿਦੇਸ਼ ਮੰਤਰਾਲੇ ਦੇ ਅਨੁਸਾਰ, ਇਸ ਸਮਝੌਤੇ ਦਾ ਮੁੱਖ ਉਦੇਸ਼ ਸਾਲ 2030 ਤੱਕ ਦੁਵੱਲੇ ਵਪਾਰ ਨੂੰ 50 ਅਰਬ ਡਾਲਰ ਤੱਕ ਪਹੁੰਚਾਉਣਾ ਹੈ। ਜ਼ਿਕਰਯੋਗ ਹੈ ਕਿ ਇਸ ਸਮਝੌਤੇ 'ਤੇ ਗੱਲਬਾਤ ਸਭ ਤੋਂ ਪਹਿਲਾਂ 2010 ਵਿਚ ਸ਼ੁਰੂ ਹੋਈ ਸੀ, ਪਰ ਕਈ ਕਾਰਨਾਂ ਕਰ ਕੇ ਰੁਕ ਗਈ ਸੀ। ਹੁਣ ਬਦਲਦੇ ਹੋਏ ਗਲੋਬਲ ਹਾਲਾਤਾਂ ਅਤੇ ਰਣਨੀਤਕ ਲੋੜਾਂ ਨੂੰ ਦੇਖਦੇ ਹੋਏ ਦੋਵੇਂ ਦੇਸ਼ ਤੇਜ਼ੀ ਨਾਲ ਅੱਗੇ ਵਧਣਾ ਚਾਹੁੰਦੇ ਹਨ।

ਪ੍ਰਧਾਨ ਮੰਤਰੀ ਕਾਰਨੀ ਦੀ ਯਾਤਰਾ ਦੌਰਾਨ ਨਵੀਂ ਦਿੱਲੀ ਤੇ ਮੁੰਬਈ 'ਚ ਸੀਨੀਅਰ ਅਧਿਕਾਰੀਆਂ ਨਾਲ ਬੈਠਕਾਂ ਪ੍ਰਸਤਾਵਿਤ ਹਨ, ਜਿਸ 'ਚ ਯੂਰੇਨੀਅਮ ਤੇ ਊਰਜਾ ਸਹਿਯੋਗ, ਮਹੱਤਵਪੂਰਨ ਖਣਿਜ, ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਤੇ ਡਿਜੀਟਲ ਵਪਾਰ, ਖੇਤੀਬਾੜੀ ਤੇ ਨਿਵੇਸ਼ ਖੇਤਰ ਉੱਤੇ ਜ਼ੋਰ ਦਿੱਤਾ ਜਾਵੇਗਾ।

ਉੱਚ ਕਮਿਸ਼ਨਰ ਪਟਨਾਇਕ ਨੇ ਦੱਸਿਆ ਕਿ ਕੈਨੇਡਾ ਇੱਕ ਵਸਤੂ ਨਿਰਯਾਤਕ ਦੇਸ਼ ਹੈ, ਜਦਕਿ ਭਾਰਤ ਇੱਕ ਵਿਸ਼ਾਲ ਖਪਤਕਾਰ ਬਾਜ਼ਾਰ ਹੈ। ਇਸ ਕਾਰਨ ਦੋਵਾਂ ਦੇਸ਼ਾਂ ਦੇ ਉਦਯੋਗਾਂ ਵਿਚ ਸਿੱਧੀ ਮੁਕਾਬਲੇਬਾਜ਼ੀ ਘੱਟ ਹੈ ਅਤੇ ਸਹਿਯੋਗ ਦੀਆਂ ਵਧੇਰੇ ਸੰਭਾਵਨਾਵਾਂ ਹਨ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਇਸ ਵਾਰ ਕਸਟਮ ਪ੍ਰਕਿਰਿਆਵਾਂ ਜਾਂ ਸਰਕਾਰੀ ਖਰੀਦ ਵਰਗੇ ਮੁੱਦੇ ਵੱਡੀ ਰੁਕਾਵਟ ਨਹੀਂ ਬਣ ਰਹੇ।

ਇਹ ਸਮਝੌਤਾ ਗਲੋਬਲ ਅਨਿਸ਼ਚਿਤਤਾਵਾਂ ਦੇ ਦੌਰ ਵਿਚ ਭਾਰਤ ਅਤੇ ਕੈਨੇਡਾ ਦੇ ਆਰਥਿਕ ਰਿਸ਼ਤਿਆਂ ਨੂੰ ਨਵੀਂ ਮਜ਼ਬੂਤੀ ਦੇਵੇਗਾ ਅਤੇ ਦੋਵਾਂ ਦੇਸ਼ਾਂ ਨੂੰ ਰਣਨੀਤਕ ਤੌਰ 'ਤੇ ਇੱਕ-ਦੂਜੇ ਦੇ ਹੋਰ ਨੇੜੇ ਲਿਆਵੇਗਾ।

# ਨਵੀਆਂ ਇਮੀਗ੍ਰੇਸ਼ਨ ਨੀਤੀਆਂ ਕਾਰਨ ਭਾਰਤੀ ਵਿਦਿਆਰਥੀਆਂ ਦਾ ਕੈਨੇਡਾ ਜਾਣ ਦਾ ਰੁਝਾਨ ਘਟਿਆ

**■ 10 'ਚੋਂ ਹਰ 5 ਭਾਰਤੀਆਂ ਦਾ ਵੀਜ਼ਾ ਰੱਦ ਕਰ ਰਿਹਾ ਕੈਨੇਡਾ!**

**ਵੈਨਕੂਵਰ, (ਪੰਜਾਬ ਮੇਲ)-** ਕੈਨੇਡੀਅਨ ਸਰਕਾਰ ਦੀਆਂ ਨਵੀਆਂ ਇਮੀਗ੍ਰੇਸ਼ਨ ਨੀਤੀਆਂ ਅਤੇ ਸਟੱਡੀ ਪਰਮਿਟਾਂ 'ਤੇ ਲਗਾਈ ਗਈ ਲਿਮਿਟ ਕਾਰਨ ਭਾਰਤੀ ਵਿਦਿਆਰਥੀਆਂ ਦਾ ਕੈਨੇਡਾ ਜਾਣ ਦਾ ਰੁਝਾਨ ਘਟਦਾ ਜਾ ਰਿਹਾ ਹੈ। ਇੱਕ ਤਾਜ਼ਾ ਰਿਪੋਰਟ ਅਨੁਸਾਰ, ਸਾਲ 2025 ਵਿਚ ਕੈਨੇਡਾ ਵੱਲੋਂ ਜਾਰੀ ਕੀਤੇ ਜਾਣ ਵਾਲੇ ਕੁੱਲ ਸਟੱਡੀ ਪਰਮਿਟਾਂ ਵਿਚ 25 ਫ਼ੀਸਦੀ ਦੀ ਭਾਰੀ ਗਿਰਾਵਟ ਦਰਜ ਕੀਤੀ ਗਈ ਹੈ, ਜਦਕਿ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਲਗਭਗ ਅੱਧੀ (50 ਫ਼ੀਸਦੀ) ਰਹਿ ਗਈ ਹੈ।

ਕੈਨੇਡੀਅਨ ਇਮੀਗ੍ਰੇਸ਼ਨ ਵਿਭਾਗ (ਆਈ.ਆਰ.ਸੀ.ਸੀ.) ਨੇ ਰਿਹਾਇਸ਼ੀ ਸੰਕਟ ਅਤੇ ਸਿਹਤ ਸਹੂਲਤਾਂ 'ਤੇ ਵਧਦੇ ਦਬਾਅ ਨੂੰ ਦੇਖਦੇ ਹੋਏ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਸੀਮਤ ਕਰ ਦਿੱਤੀ ਸੀ। ਇਸ ਫੈਸਲੇ ਕਾਰਨ 2025 ਵਿਚ ਪਰਮਿਟਾਂ ਦੀ ਗਿਣਤੀ ਵਿਚ ਵੱਡੀ ਕਮੀ ਆਈ ਹੈ। ਭਾਰਤੀ ਵਿਦਿਆਰਥੀ, ਜੋ ਕੈਨੇਡਾ ਦੇ ਅੰਤਰਰਾਸ਼ਟਰੀ ਸਿੱਖਿਆ ਖੇਤਰ ਦਾ ਸਭ ਤੋਂ ਵੱਡਾ ਹਿੱਸਾ ਸਨ, ਹੁਣ ਕੈਨੇਡਾ ਤੋਂ ਕਿਨਾਰਾ ਕਰ ਰਹੇ ਹਨ। ਜਿੱਥੇ ਪਹਿਲਾਂ ਲੱਖਾਂ ਦੀ ਗਿਣਤੀ ਵਿਚ ਵੀਜ਼ਾ ਜਾਰੀ ਹੁੰਦੇ ਸਨ, ਹੁਣ ਉਹ ਗਿਣਤੀ ਘਟ ਕੇ ਅੱਧੀ ਰਹਿ ਗਈ ਹੈ।

ਭਾਰਤੀ ਵਿਦਿਆਰਥੀਆਂ ਦਾ ਕੈਨੇਡਾ ਤੋਂ ਮੋਹ ਭੰਗ ਹੋਣ ਦੇ ਕਈ ਕਾਰਨ ਹਨ, ਜਿਨ੍ਹਾਂ 'ਚ ਮੁੱਖ ਤੌਰ 'ਤੇ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ (ਪੀ.ਜੀ.ਡਬਲਯੂ.ਪੀ.) ਦੇ ਨਿਯਮਾਂ ਵਿਚ ਸਖ਼ਤੀ, ਲਿਵਿੰਗ ਖਰਚਿਆਂ (ਜੀ.ਆਈ.ਸੀ.) ਦੀ ਰਕਮ ਦੁੱਗਣੀ ਹੋਣ ਕਾਰਨ ਵਿੱਤੀ ਬੋਝ ਦਾ ਵਧਣਾ, ਕੈਨੇਡਾ ਵਿਚ ਮਕਾਨਾਂ ਦੇ ਵਧਦੇ ਕਿਰਾਏ ਅਤੇ ਰਹਿਣ-ਸਹਿਣ ਦੀਆਂ ਮਾੜੀਆਂ ਸਹੂਲਤਾਂ ਆਦਿ ਸ਼ਾਮਲ ਹਨ। ਇਸ ਤੋਂ ਇਲਾਵਾ ਦੋਵਾਂ ਦੇਸ਼ਾਂ ਵਿਚਾਲੇ ਸਿਆਸੀ ਵਿਵਾਦ ਦਾ ਅਸਰ ਵੀ ਵੀਜ਼ਾ ਪ੍ਰਕਿਰਿਆ 'ਤੇ ਪੈ ਰਿਹਾ ਹੈ। ਇਨ੍ਹਾਂ ਸਖ਼ਤੀਆਂ ਕਾਰਨ ਵਿਦਿਆਰਥੀ ਕੈਨੇਡਾ ਤੋਂ ਮੂੰਹ ਮੋੜ ਕੇ ਹੁਣ ਆਸਟ੍ਰੇਲੀਆ, ਜਰਮਨੀ ਅਤੇ ਯੂਰਪੀਅਨ ਦੇਸ਼ਾਂ ਨੂੰ ਪਹਿਲ ਦੇ ਰਹੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਹੁਣ ਸਿਰਫ਼ ਉਹੀ ਵਿਦਿਆਰਥੀ ਕੈਨੇਡਾ ਦਾ ਵੀਜ਼ਾ ਪ੍ਰਾਪਤ ਕਰ ਸਕਣਗੇ, ਜਿਨ੍ਹਾਂ ਦੀ ਪ੍ਰੋਫਾਈਲ ਮਜ਼ਬੂਤ ਹੈ ਅਤੇ ਜੋ ਚੰਗੇ ਸਰਕਾਰੀ ਕਾਲਜਾਂ ਜਾਂ ਯੂਨੀਵਰਸਿਟੀਆਂ ਵਿਚ ਦਾਖ਼ਲਾ ਲੈਣਗੇ। ਪ੍ਰਾਈਵੇਟ ਕਾਲਜਾਂ ਦੇ ਵੀਜ਼ਾ ਸਫਲਤਾ ਦੀ ਦਰ ਬਹੁਤ ਘਟ ਗਈ ਹੈ।

# ਪ੍ਰੋਫੈਸਰ ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਵੱਲੋਂ ਪੰਜਾਬੀ ਫਿਲਮ 'ਸਨੀ ਦੀ ਹਨੀ' ਦੇ ਕਲਾਕਾਰਾਂ ਦਾ ਸਨਮਾਨ

**ਲੁਧਿਆਣਾ, (ਪੰਜਾਬ ਮੇਲ)-** ਪ੍ਰੋਫੈਸਰ ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਵੱਲੋਂ ਪੰਜਾਬੀ ਫਿਲਮ 'ਸਨੀ ਦੀ ਹਨੀ' ਦੇ ਕਲਾਕਾਰਾਂ ਲਈ ਕਰਵਾਏ ਇੱਕ ਸਨਮਾਨ ਸਮਾਰੋਹ ਵਿਚ ਫਿਲਮ ਦੇ ਡਾਇਰੈਕਟਰ ਮਨਜਿੰਦਰ ਸਿੰਘ ਦੇ ਨਾਲ ਫਿਲਮ ਦੇ ਹੀਰੋ ਬਿਨੇ ਜੌੜਾ ਅਤੇ ਕਲਾਕਾਰ ਰੁਪਿੰਦਰ ਰੂਪੀ ਨੂੰ ਸਨਮਾਨਤ ਕੀਤਾ ਗਿਆ। ਇਸ ਸਮਾਗਮ ਵਿਚ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਮੁੱਖ ਮਹਿਮਾਨ ਵਜੋਂ ਪਹੁੰਚੇ। ਜਦੋਂਕਿ ਉੱਘੇ ਲੋਕ ਗਾਇਕ ਜਨਾਬ ਮੁਹੰਮਦ ਸਦੀਕ ਅਤੇ ਰਜਿਸਟਰਾਰ ਡਾ. ਰਿਸ਼ੀਪਾਲ ਸਿੰਘ ਆਈ.ਏ.ਐੱਸ. ਨੇ ਪ੍ਰਧਾਨਗੀ ਕੀਤੀ। ਇਸ ਮੌਕੇ ਫਿਲਮ 'ਸਨੀ ਦੀ ਹਨੀ' ਦਾ ਵਿਸ਼ੇਸ਼ ਸ਼ੋਅ ਵੀ ਦਿਖਾਇਆ ਗਿਆ।



*ਪ੍ਰੋਫੈਸਰ ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਵੱਲੋਂ ਫਿਲਮੀ ਕਲਾਕਾਰ ਬਿਨੇ ਜੌੜਾ ਅਤੇ ਰੁਪਿੰਦਰ ਰੂਪੀ ਨੂੰ ਸਨਮਾਨਤ ਕਰਦੇ ਹੋਏ ਡਾ. ਸਤਿਬੀਰ ਸਿੰਘ ਗੋਸਲ, ਰਾਜੀਵ ਕੁਮਾਰ ਲਵਲੀ ਅਤੇ ਜਨਾਬ ਮੁਹੰਮਦ ਸਦੀਕ।*

ਇਸ ਸ਼ੋਅ ਉਪਰੰਤ ਫਾਊਂਡੇਸ਼ਨ ਦੇ ਪ੍ਰਧਾਨ ਰਾਜੀਵ ਕੁਮਾਰ ਲਵਲੀ ਨੇ ਸਭ ਦਾ ਸਵਾਗਤ ਕਰਦਿਆਂ ਕਿਹਾ ਕਿ ਚੰਗੇ ਸਮਾਜਿਕ ਸੁਨੇਹੇ ਦੇਣ ਵਾਲੀਆਂ ਫਿਲਮਾਂ ਦੀ ਸਾਨੂੰ ਲੋੜ ਹੈ, ਇਸ ਲਈ ਅਸੀਂ ਸਨੀ ਦੀ ਹਨੀ ਫਿਲਮ ਨੂੰ ਜੀਅ ਆਇਆਂ ਆਖਦੇ ਹਾਂ। ਸ਼੍ਰੀ ਲਵਲੀ ਨੇ ਫਿਲਮ ਦੇ ਨਿਰਮਾਤਾ, ਨਿਰਦੇਸ਼ਕ ਅਤੇ ਕਲਾਕਾਰਾਂ ਦੀ ਮਿਹਨਤ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਇਹ ਫਿਲਮ ਨੌਜਵਾਨ ਪੀੜ੍ਹੀ ਨੂੰ ਆਪਣੇ ਮਾਂ-ਬਾਪ ਦੇ ਸਤਿਕਾਰ ਦਾ ਸੁਨੇਹਾ ਦਿੰਦੀ ਹੈ।

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਸਤਬੀਰ ਸਿੰਘ ਗੋਸਲ ਨੇ ਕਿਹਾ ਕਿ ਪੰਜਾਬੀ ਫਿਲਮਾਂ ਦਾ ਇਤਿਹਾਸ ਬਹੁਤ ਅਮੀਰ ਹੈ, ਕਿਉਂਕਿ ਫਿਲਮਾਂ ਨੇ ਸਾਡਾ ਅਮੀਰ ਸੱਭਿਆਚਾਰ ਸੰਭਾਲ ਕੇ ਰੱਖਿਆ ਹੈ। ਡਾ. ਗੋਸਲ ਨੇ ਕਿਹਾ ਕਿ ਇਹ ਫਿਲਮ ਸਨੀ ਦੀ ਹਨੀ ਵੀ ਚੰਗਾ ਸੁਨੇਹਾ ਦੇਣ ਵਿਚ ਕਾਮਯਾਬ ਹੋਈ ਹੈ।

ਜਨਾਬ ਮੁਹੰਮਦ ਸਦੀਕ ਨੇ ਕਿਹਾ ਕਿ ਇਹ ਫਿਲਮ ਦੇਖਕੇ ਖੁਸ਼ੀ ਹੋਈ ਹੈ ਕਿ ਭਵਿੱਖ ਵਿਚ ਸਾਡੇ ਕੋਲ ਚੰਗੇ ਕਲਾਕਾਰ ਹਨ।

ਪ੍ਰੋਫੈਸਰ ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਦੇ ਚੇਅਰਮੈਨ ਗੁਰਨਾਮ ਸਿੰਘ ਧਾਲੀਵਾਲ ਨੇ ਦੱਸਿਆ ਕਿ ਫਾਊਂਡੇਸ਼ਨ ਵੱਲੋਂ ਸ਼ੁਰੂ ਤੋਂ ਕਲਾਕਾਰਾਂ ਨੂੰ ਉਤਸ਼ਾਹਤ ਕੀਤਾ ਜਾਂਦਾ ਹੈ, ਕਿਉਂਕਿ ਸ. ਜਗਦੇਵ ਸਿੰਘ ਜੱਸੋਵਾਲ ਨੇ ਪੰਜਾਬੀ ਸਾਹਿਤ ਅਤੇ ਕਲਾਕਾਰਾਂ ਦੀ ਹਮੇਸ਼ਾ ਸਰਪ੍ਰਸਤੀ ਕੀਤੀ ਹੈ।

ਇਸ ਮੌਕੇ ਸੰਗੀਤ ਨਿਰਦੇਸ਼ਨ ਤੇਜਵੰਤ ਕਿੱਟੂ, ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ, ਸ. ਜਸਮੇਰ ਸਿਮਘ ਢੱਟ, ਸ਼੍ਰੀ ਕ੍ਰਿਸ਼ਨ ਕੁਮਾਰ ਬਾਵਾ, ਪੁਲਿਸ ਕਮਿਸ਼ਨਰ ਸ. ਗੁਰਪ੍ਰੀਤ ਸਿੰਘ ਤੂਰ, ਡਾ. ਚਰਨਜੀਤ ਸਿੰਘ ਔਲਖ, ਡਾ. ਰਿਸ਼ੀ ਇੰਦਰ ਗਿੱਲ, ਡਾ. ਤਜਿੰਦਰ ਸਿੰਘ ਰਿਆੜ, ਡਾ. ਕਮਲਜੀਤ ਸੂਰੀ, ਡਾ. ਪ੍ਰਭਜੋਧ ਸੰਧੂ, ਪ੍ਰੋ. ਨਿਰਮਲ ਜੌੜਾ, ਰਵਿੰਦਰ ਰੰਗੂਵਾਲ, ਪਰਮਵੀਰ ਸਿੰਘ, ਫੋਟੋ ਆਰਟਿਸਟ ਰਣਜੋਧ ਸਿੰਘ, ਫਿਲਮ ਆਰਟਿਸਟ ਭੁਪਿੰਦਰ ਬਰਨਾਲਾ, ਜਸਵਿੰਦਰ ਸਿੰਘ ਵਿਰਕ, ਪ੍ਰਿੰਸੀਪਲ ਧਰਮ ਸਿੰਘ ਸੰਧੂ, ਹਰਪਾਲ ਸਿੰਘ ਮਾਂਗਟ, ਡਾ. ਮੁਕੇਸ਼ ਅਰੋੜਾ ਅਤੇ ਵੱਖ-ਵੱਖ ਕਾਲਜਾਂ ਦੇ ਪ੍ਰਿੰਸੀਪਲ, ਅਧਿਆਪਕ ਅਤੇ ਸ਼ਹਿਰ ਦੇ ਕਲਾਪ੍ਰੇਮੀ ਭਰਵੀਂ ਹਾਜ਼ਰੀ ਵਿਚ ਮੌਜੂਦ ਸਨ।

ਡਾ. ਏ.ਵੀ.ਐੱਮ. ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵੱਲੋਂ ਵਿਸ਼ੇਸ਼ ਤੌਰ 'ਤੇ ਸਮਾਗਮ ਵਿਚ ਸ਼ਿਰਕਤ ਕੀਤੀ ਗਈ। ਜਿਨ੍ਹਾਂ ਵਿਚ ਮੈਡਮ ਮਨੀਸ਼ਾ, ਅਮਿਤਾ ਰਾਜਨ, ਮੁਸਕਾਨ, ਦਮਨਜੀਤ ਕੌਰ, ਤਰਨਜੀਤ ਕੌਰ, ਅਮੀਸ਼ਾ, ਕਵਲੀਨ, ਪੂਨਮ ਕਪੂਰ, ਸੋਨੀਆ, ਨੇਹਾ ਬਜਾਜ, ਬੰਦਨਾ ਸੂਦ, ਕੁਲਦੀਪ ਕੌਰ, ਰੇਨੂ, ਵੇਦਾਂਤ, ਰਾਹੁਲ ਅਤੇ ਨੀਲੂ ਵੀ ਸ਼ਾਮਿਲ ਰਹੇ।

ਪ੍ਰੋਗਰਾਮ ਦਾ ਮੰਚ ਸੰਚਾਲਨ ਡਾ. ਵਿਸ਼ਾਲ ਬੈਕਟਰ ਨੇ ਖੂਬਸੂਰਤ ਤਰੀਕੇ ਨਾਲ ਕੀਤਾ।

# ਸਾਬਕਾ ਡੀ.ਆਈ.ਜੀ. ਭੁੱਲਰ ਮਾਮਲੇ 'ਚ ਹੋਰ ਅਧਿਕਾਰੀਆਂ ਦੀ ਸ਼ਮੂਲੀਅਤ ਦਾ ਸੰਕੇਤ

**ਸੀ.ਬੀ.ਆਈ. ਵੱਲੋਂ ਅਦਾਲਤ 'ਚ ਸਪਲੀਮੈਂਟਰੀ ਚਾਰਜਸ਼ੀਟ ਪੇਸ਼**



**ਚੰਡੀਗੜ੍ਹ, (ਪੰਜਾਬ ਮੇਲ)-** ਸੀ.ਬੀ.ਆਈ. ਨੇ ਚੰਡੀਗੜ੍ਹ ਦੀ ਅਦਾਲਤ ਨੂੰ ਦੱਸਿਆ ਹੈ ਕਿ ਭ੍ਰਿਸ਼ਟਾਚਾਰ ਮਾਮਲੇ ਵਿਚ ਗ੍ਰਿਫ਼ਤਾਰ ਪੰਜਾਬ ਪੁਲਿਸ ਦੇ ਮੁਅੱਤਲ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਅਤੇ ਉਸ ਦੇ ਸਹਾਇਕ ਕ੍ਰਿਸ਼ਨੂ ਸ਼ਾਰਦਾ ਤੋਂ ਜ਼ਬਤ ਕੀਤੇ ਮੋਬਾਈਲਾਂ ਤੋਂ ਮਿਲੇ ਕੁਝ ਅਧਿਕਾਰੀਆਂ ਦੇ ਨਾਵਾਂ, ਚੈਟਾਂ ਅਤੇ ਸ਼ੱਕੀ ਲੈਣ-ਦੇਣ ਦੇ ਰਿਕਾਰਡ ਦੇ ਆਧਾਰ 'ਤੇ ਕਈ ਅਧਿਕਾਰੀਆਂ ਦੀ ਭੂਮਿਕਾ ਦੀ ਸੁਤੰਤਰ ਜਾਂਚ ਕੀਤੀ ਜਾ ਰਹੀ ਹੈ। ਸੀ.ਬੀ.ਆਈ. ਨੇ ਅਦਾਲਤ ਵਿਚ ਪੇਸ਼ ਸਪਲੀਮੈਂਟਰੀ ਚਾਰਜਸ਼ੀਟ ਵਿਚ ਕਿਹਾ ਕਿ ਜਾਂਚ ਦੌਰਾਨ ਭੁੱਲਰ ਦੇ ਦੋ ਮੋਬਾਈਲ ਅਤੇ ਸ਼ਾਰਦਾ ਦਾ ਇੱਕ ਮੋਬਾਈਲ ਜ਼ਬਤ ਕੀਤਾ ਗਿਆ ਸੀ। ਮੋਬਾਈਲ ਡੇਟਾ ਦੀ ਜਾਂਚ ਵਿਚ ਕੁਝ ਅਜਿਹੀ ਗੱਲਬਾਤ ਵੀ ਮਿਲੀ, ਜਿਸ ਤੋਂ ਇਹ ਸੰਕੇਤ ਮਿਲਿਆ ਕਿ ਹੋਰ ਸਰਕਾਰੀ ਮੁਲਾਜ਼ਮਾਂ ਤੇ ਨਿੱਜੀ ਵਿਅਕਤੀਆਂ ਨਾਲ ਸਬੰਧਤ ਗ਼ੈਰ-ਕਾਨੂੰਨੀ ਲਾਭ ਪ੍ਰਾਪਤ ਕਰਨ ਦੇ ਸ਼ੱਕੀ ਮਾਮਲੇ ਹੋ ਸਕਦੇ ਹਨ।

ਮੋਬਾਈਲਾਂ 'ਚੋਂ ਮਿਲਿਆ ਡੇਟਾ ਅਤੇ ਸਬੂਤ- ਜ਼ਬਾਨੀ, ਦਸਤਾਵੇਜ਼ੀ ਤੇ ਇਲੈਕਟ੍ਰਾਨਿਕ ਦੀ ਜਾਂਚ ਕੀਤੀ ਗਈ, ਤਾਂ ਕਿ ਇਹ ਪੁਸ਼ਟੀ ਕੀਤੀ ਜਾ ਸਕੇ ਕਿ ਕੀ ਮੌਜੂਦਾ ਮਾਮਲੇ ਵਿਚ ਕੋਈ ਹੋਰ ਸਰਕਾਰੀ ਕਰਮਚਾਰੀ ਜਾਂ ਨਿੱਜੀ ਵਿਅਕਤੀ ਸ਼ਾਮਲ ਸੀ।

ਵਿਸਤ੍ਰਿਤ ਜਾਂਚ ਤੋਂ ਇਹ ਗੱਲ ਸਾਹਮਣੇ ਆਈ ਕਿ ਕੋਈ ਨਵਾਂ ਜਾਂ ਵਾਧੂ ਸਬੂਤ ਸਿੱਧੇ ਤੌਰ 'ਤੇ ਮੌਜੂਦਾ ਅਪਰਧਾਂ ਨਾਲ ਨਹੀਂ ਜੁੜਿਆ ਸੀ। ਹਾਲਾਂਕਿ, ਡੇਟਾ ਦੀ ਜਾਂਚ ਤੋਂ ਇਹ ਸੰਕੇਤ ਮਿਲਿਆ ਕਿ ਮੁਲਜ਼ਮ ਸ਼ਾਰਦਾ, ਚੰਡੀਗੜ੍ਹ ਵਿਚ ਸੀਨੀਅਰ ਅਧਿਕਾਰੀਆਂ ਤੇ ਸਰਕਾਰੀ ਕਰਮਚਾਰੀਆਂ ਤੋਂ ਗ਼ੈਰ-ਕਾਨੂੰਨੀ ਲਾਭ ਪ੍ਰਾਪਤ ਕਰਨ ਵਿਚ ਸ਼ਾਮਲ ਸੀ ਤੇ ਉਸ ਨੇ ਇਨ੍ਹਾਂ ਕੰਮਾਂ 'ਚ ਮਦਦ ਵੀ ਮੁਹੱਈਆ ਕੀਤੀ ਸੀ। ਭੁੱਲਰ ਦੇ ਮੋਬਾਈਲ ਤੋਂ ਮਿਲੇ ਵਟਸਐਪ ਚੈਟ ਦੀ ਜਾਂਚ ਵਿਚ ਇਹ ਪਤਾ ਲੱਗਾ ਕਿ ਨਿੱਜੀ ਵਿਅਕਤੀਆਂ ਨਾਲ ਸੰਵੇਦਨਸ਼ੀਲ ਗੱਲਬਾਤ ਹੋ ਰਹੀ ਸੀ, ਜਿਸ 'ਚ ਕੇਸ ਨਾਲ ਸਬੰਧਤ ਜਾਣਕਾਰੀ ਸਾਂਝੀ ਕੀਤੀ ਜਾ ਰਹੀ ਸੀ। ਅਦਾਲਤੀ ਕਾਰਵਾਈ 'ਤੇ ਨਜ਼ਰ ਰੱਖੀ ਜਾ ਰਹੀ ਸੀ ਤੇ ਜਾਂਚ ਤੇ ਨਿਆਂਇਕ ਪ੍ਰਕਿਰਿਆਵਾਂ 'ਤੇ ਪ੍ਰਭਾਵ ਪਾਇਆ ਜਾ ਰਿਹਾ ਸੀ।




# ਵਿਆਹ ਸਮਾਗਮ ਵਿਚ 'ਆਪ' ਸਰਪੰਚ ਦਾ ਗੋਲੀਆਂ ਮਾਰ ਕੇ ਕਤਲ

**ਡੀ.ਐੱਸ.ਪੀ. ਪੱਟੀ ਅਤੇ ਐੱਸ.ਐੱਚ.ਓ. ਸਰਹਾਲੀ ਮੁਅੱਤਲ**



ਤਰਨ ਤਾਰਨ, (ਪੰਜਾਬ ਮੇਲ)- ਤਰਨ ਤਾਰਨ ਦੇ ਪਿੰਡ ਠੱਠੀਆਂ ਮਹੰਤਾਂ ਦੇ ਸਰਪੰਚ ਅਤੇ ਆਮ ਆਦਮੀ ਪਾਰਟੀ ਦੇ ਆਗੂ ਹਰਬਰਿੰਦਰ ਸਿੰਘ ਦੇ ਕਤਲ ਤੋਂ ਇੱਕ ਦਿਨ ਬਾਅਦ ਲਖਬੀਰ ਲੰਡਾ ਗਰੋਹ ਨੇ ਸੋਸ਼ਲ ਮੀਡੀਆ 'ਤੇ ਪੋਸਟ ਪਾ ਕੇ ਇਸ ਕਤਲ ਦੀ ਜ਼ਿੰਮੇਵਾਰੀ ਲਈ ਹੈ। ਹਰਬਰਿੰਦਰ ਸਿੰਘ ਨੂੰ ਇੱਕ ਵਿਆਹ ਸਮਾਗਮ ਦੌਰਾਨ ਦੋ ਹਮਲਾਵਰਾਂ ਨੇ ਬਹੁਤ ਨੇੜਿਓਂ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਸੀ। ਪੁਲਿਸ ਮੁਤਾਬਕ ਇਸ ਵਾਰਦਾਤ ਵਿਚ ਏਕੇ-47 ਰਾਈਫਲ ਦੀ ਵਰਤੋਂ ਕੀਤੀ ਗਈ ਸੀ। ਦੱਸਣਯੋਗ ਹੈ ਕਿ ਕਰੀਬ ਇੱਕ ਮਹੀਨਾ ਪਹਿਲਾਂ ਅੰਮ੍ਰਿਤਸਰ ਦੇ ਪਿੰਡ ਵਲਟੋਹਾ ਦੇ ਇੱਕ ਹੋਰ 'ਆਪ' ਸਰਪੰਚ ਝਰਮਲ ਸਿੰਘ ਦਾ ਵੀ ਇੱਕ ਵਿਆਹ ਦੌਰਾਨ ਕਤਲ ਕਰ ਦਿੱਤਾ ਗਿਆ ਸੀ।

ਤਰਨ ਤਾਰਨ ਦੇ ਐੱਸ.ਐੱਸ.ਪੀ. ਸੁਰਿੰਦਰ ਲਾਂਬਾ ਨੇ ਦੱਸਿਆ ਕਿ ਪੁਲਿਸ ਵੱਲੋਂ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਦਾ ਕਹਿਣਾ ਹੈ ਕਿ ਹੁਣ ਤੱਕ ਦੀ ਜਾਂਚ ਵਿਚ ਫਿਰੌਤੀ ਜਾਂ ਧਮਕੀ ਦਾ ਕੋਈ ਮਾਮਲਾ ਸਾਹਮਣੇ ਨਹੀਂ ਆਇਆ ਹੈ, ਸਗੋਂ ਇਹ ਕਤਲ ਪੁਰਾਣੀ ਰੰਜਿਸ਼ ਜਾਂ ਬਦਲੇ ਦੀ ਭਾਵਨਾ ਨਾਲ ਜੁੜਿਆ ਹੋ ਸਕਦਾ ਹੈ। ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਗਰੋਹ ਦੀ ਪੋਸਟ ਦੀ ਵੀ ਪੁਸ਼ਟੀ ਕੀਤੀ ਜਾ ਰਹੀ ਹੈ ਅਤੇ ਹਮਲਾਵਰਾਂ ਦੀ ਭਾਲ ਲਈ ਛਾਪੇਮਾਰੀ ਜਾਰੀ ਹੈ।

ਇਸ ਘਟਨਾ ਤੋਂ ਬਾਅਦ ਪੁਲਿਸ ਪ੍ਰਸ਼ਾਸਨ ਨੇ ਸਖ਼ਤ ਕਾਰਵਾਈ ਕਰਦਿਆਂ ਪੱਟੀ ਦੇ ਡੀ.ਐੱਸ.ਪੀ. ਜਗਬੀਰ ਸਿੰਘ ਅਤੇ ਸਰਹਾਲੀ ਦੇ ਐੱਸ.ਐੱਚ.ਓ. ਗੁਰਵਿੰਦਰ ਸਿੰਘ ਨੂੰ ਡਿਊਟੀ ਵਿਚ ਲਾਪ੍ਰਵਾਹੀ ਅਤੇ ਸੁਰੱਖਿਆ ਪ੍ਰਬੰਧਾਂ ਵਿਚ ਕਮੀ ਦੇ ਦੋਸ਼ ਹੇਠ ਮੁਅੱਤਲ ਕਰ ਦਿੱਤਾ ਹੈ। ਐੱਸ.ਐੱਸ.ਪੀ. ਨੇ ਭਰੋਸਾ ਦਿੱਤਾ ਹੈ ਕਿ ਮੁਲਜ਼ਮਾਂ ਨੂੰ ਜਲਦ ਹੀ ਗ੍ਰਿਫਤਾਰ ਕਰਕੇ ਸਖ਼ਤ ਸਜ਼ਾ ਦਿਵਾਈ ਜਾਵੇਗੀ।

# ਪੰਜਾਬੀ ਗਾਇਕ ਕੇ.ਐੱਸ. ਮੱਖਣ ਅਕਾਲੀ ਦਲ 'ਚ ਹੋਏ ਸ਼ਾਮਲ



ਨਕੋਦਰ, (ਪੰਜਾਬ ਮੇਲ)- ਪੰਜਾਬ ਦੇ ਪ੍ਰਸਿੱਧ ਗਾਇਕ ਅਤੇ ਕੁਸ਼ਤੀ ਖਿਡਾਰੀ ਕੇ.ਐੱਸ. ਮੱਖਣ ਆਪਣੇ ਸੈਂਕੜੇ ਸਾਥੀਆਂ ਸਮੇਤ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਗਏ ਹਨ। ਨਕੋਦਰ ਦੇ ਨੇੜਲੇ ਪਿੰਡ ਸ਼ੰਕਰ ਵਿਖੇ ਹੋਏ ਇੱਕ ਸਮਾਗਮ ਦੌਰਾਨ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਨੂੰ ਪਾਰਟੀ 'ਚ ਸ਼ਾਮਲ ਕੀਤਾ। ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਕੇ.ਐੱਸ. ਮੱਖਣ ਅਤੇ ਉਨ੍ਹਾਂ ਦੇ ਸੈਂਕੜੇ ਸਾਥੀਆਂ ਦਾ ਪਾਰਟੀ ਵਿਚ ਨਿੱਘਾ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਮੱਖਣ ਵਰਗੇ ਮਸ਼ਹੂਰ ਚਿਹਰਿਆਂ ਦੇ ਪਾਰਟੀ ਵਿਚ ਆਉਣ ਨਾਲ ਪਾਰਟੀ ਨੂੰ ਮਜ਼ਬੂਤੀ ਮਿਲੇਗੀ।

ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋਣ ਉਪਰੰਤ ਕੇ.ਐੱਸ. ਮੱਖਣ ਅਤੇ ਉਨ੍ਹਾਂ ਦੇ ਸਮਰਥਕਾਂ ਨੇ ਵਿਸ਼ਵਾਸ ਦਿਵਾਇਆ ਕਿ ਉਹ ਪਾਰਟੀ ਦੀ ਚੜ੍ਹਦੀ ਕਲਾ ਅਤੇ ਮਜ਼ਬੂਤੀ ਲਈ ਦਿਨ-ਰਾਤ ਡੱਟ ਕੇ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਉਹ ਪਹਿਲਾਂ ਦੀ ਤਰ੍ਹਾਂ ਹੀ ਅਕਾਲੀ ਦਲ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਵਿਚ ਅਹਿਮ ਭੂਮਿਕਾ ਨਿਭਾਉਣਗੇ।

# ਪੰਜਾਬ ਸਰਕਾਰ ਨੇ ਹਾਈ ਕੋਰਟ 'ਚ ਐੱਮ.ਪੀ. ਅੰਮ੍ਰਿਤਪਾਲ ਦੀ ਲਗਾਤਾਰ ਨਜ਼ਰਬੰਦੀ ਨੂੰ ਸਹੀ ਠਹਿਰਾਇਆ

**ਕਿਹਾ : ਅੰਮ੍ਰਿਤਪਾਲ ਦੀ ਰਿਹਾਈ ਦੇਸ਼ ਦੀ ਸੁਰੱਖਿਆ ਨੂੰ ਵੱਡਾ ਖਤਰਾ**



ਚੰਡੀਗੜ੍ਹ, (ਪੰਜਾਬ ਮੇਲ)- ਪੰਜਾਬ ਸਰਕਾਰ ਨੇ ਹਾਈ ਕੋਰਟ ਵਿਚ ਖਡੂਰ ਸਾਹਿਬ ਦੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਲਗਾਤਾਰ ਨਜ਼ਰਬੰਦੀ ਨੂੰ ਸਹੀ ਠਹਿਰਾਇਆ ਹੈ। ਸਰਕਾਰ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਅਨੁਪਮ ਗੁਪਤਾ ਨੇ ਕਿਹਾ ਕਿ ਅੰਮ੍ਰਿਤਪਾਲ ਦੀ ਰਿਹਾਈ ਨਾਲ ਦੇਸ਼ ਦੀ ਸੁਰੱਖਿਆ ਨੂੰ ਵੱਡਾ ਖ਼ਤਰਾ ਹੋ ਸਕਦਾ ਹੈ। ਸਰਕਾਰ ਨੇ ਨਜ਼ਰਬੰਦੀ ਦੇ ਦੋ ਮੁੱਖ ਕਾਰਨ ਦੱਸੇ ਹਨ। ਸਰਕਾਰ ਮੁਤਾਬਕ ਇਕ ਲਿਸਟ ਮਿਲੀ ਹੈ, ਜਿਸ ਵਿਚ 15 ਲੋਕਾਂ ਨੂੰ ਨਿਸ਼ਾਨਾ ਬਣਾਉਣ ਦੀ ਗੱਲ ਕਹੀ ਗਈ ਹੈ। ਇਹ ਉਹ ਲੋਕ ਹਨ, ਜੋ ਅੰਮ੍ਰਿਤਪਾਲ ਦੇ ਵਿਰੋਧੀ ਸਨ। ਸਰਕਾਰ ਨੇ ਇਹ ਵੀ ਦਾਅਵਾ ਕੀਤਾ ਕਿ ਅੰਮ੍ਰਿਤਪਾਲ ਦੇ ਅਰਸ਼ ਡੱਲਾ ਵਰਗੇ ਨਾਮੀ ਅੱਤਵਾਦੀਆਂ ਅਤੇ ਗੈਂਗਸਟਰਾਂ ਨਾਲ ਗੂੜ੍ਹੇ ਸਬੰਧ ਹਨ।

ਅਦਾਲਤ ਵਿਚ ਇਹ ਵੀ ਦੱਸਿਆ ਗਿਆ ਕਿ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀ ਗੱਲਬਾਤ ਕਰਨ ਲਈ 'ਜੰਗੀ' ਨਾਂ ਦੀ ਇਕ ਖਾਸ ਐਪ ਦੀ ਵਰਤੋਂ ਕਰਦੇ ਸਨ। ਇਹ ਐਪ ਵ੍ਹਟਸਐਪ ਨਾਲੋਂ ਕਿਤੇ ਜ਼ਿਆਦਾ ਸੁਰੱਖਿਅਤ ਹੈ, ਜਿਸ ਕਾਰਨ ਖੁਫੀਆ ਏਜੰਸੀਆਂ ਲਈ ਵੀ ਇਸ ਨੂੰ ਟਰੈਕ ਕਰਨਾ ਮੁਸ਼ਕਿਲ ਸੀ। ਇਸ ਤੋਂ ਪਹਿਲਾਂ ਅੰਮ੍ਰਿਤਪਾਲ ਸਿੰਘ ਨੇ ਆਪਣੀ ਨਜ਼ਰਬੰਦੀ ਨੂੰ ਗੈਰ-ਕਾਨੂੰਨੀ ਦੱਸਿਆ ਸੀ। ਉਨ੍ਹਾਂ ਦੇ ਵਕੀਲਾਂ ਦੀ ਦਲੀਲ ਹੈ ਕਿ ਸਰਕਾਰ ਕੋਲ ਉਨ੍ਹਾਂ ਵਿਰੁੱਧ ਕੋਈ ਪੁਖਤਾ ਸਬੂਤ ਨਹੀਂ ਹਨ ਅਤੇ ਅਪ੍ਰੈਲ 2023 ਤੋਂ ਉਨ੍ਹਾਂ ਨੂੰ ਬਿਨਾਂ ਵਜ੍ਹਾ ਕੈਦ ਵਿਚ ਰੱਖਣਾ ਸੰਵਿਧਾਨਿਕ ਹੱਕਾਂ ਦੀ ਉਲੰਘਣਾ ਹੈ। ਹਾਈ ਕੋਰਟ ਦੇ ਚੀਫ਼ ਜਸਟਿਸ ਸ਼ੀਲ ਨਾਗੂ ਦੀ ਅਗਵਾਈ ਵਾਲੇ ਬੈਂਚ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ ਜਾਰੀ ਰੱਖਣ ਦੇ ਨਿਰਦੇਸ਼ ਦਿੱਤੇ ਹਨ।




# ਆਤਿਸ਼ੀ ਵੀਡੀਓ ਮਾਮਲਾ: ਦਿੱਲੀ ਵਿਧਾਨ ਸਭਾ ਦੀ ਕਮੇਟੀ ਵੱਲੋਂ ਡੀ.ਜੀ.ਪੀ. ਪੰਜਾਬ ਸਮੇਤ ਕਈ ਅਧਿਕਾਰੀ ਤਲਬ



**ਨਵੀਂ ਦਿੱਲੀ/ਜਲੰਧਰ, (ਪੰਜਾਬ ਮੇਲ)**- ਦਿੱਲੀ ਵਿਧਾਨ ਸਭਾ ਦੀ ਵਿਸ਼ੇਸ਼ ਅਧਿਕਾਰ ਕਮੇਟੀ ਨੇ ਪੰਜਾਬ ਪੁਲਿਸ ਦੇ ਮੁਖੀ (ਡੀ.ਜੀ.ਪੀ.) ਗੌਰਵ ਯਾਦਵ ਸਮੇਤ ਸੂਬੇ ਦੇ ਕਈ ਸੀਨੀਅਰ ਅਧਿਕਾਰੀਆਂ ਨੂੰ ਸੰਮਨ ਜਾਰੀ ਕੀਤੇ ਹਨ। ਇਹ ਕਾਰਵਾਈ ਦਿੱਲੀ ਦੀ ਵਿਰੋਧੀ ਧਿਰ ਦੀ ਨੇਤਾ ਆਤਿਸ਼ੀ ਨਾਲ ਜੁੜੇ ਇਕ ਵੀਡੀਓ ਵਿਵਾਦ ਅਤੇ ਉਸ 'ਤੇ ਪੰਜਾਬ ਪੁਲਿਸ ਵੱਲੋਂ ਕੀਤੀ ਗਈ ਕਾਰਵਾਈ ਨੂੰ ਲੈ ਕੇ ਕੀਤੀ ਗਈ ਹੈ।

ਦਿੱਲੀ ਵਿਧਾਨ ਸਭਾ ਸਕੱਤਰੇਤ ਵੱਲੋਂ ਜਾਰੀ ਕੀਤੇ ਗਏ ਪੱਤਰ ਅਨੁਸਾਰ, ਪੰਜਾਬ ਦੇ ਗ੍ਰਹਿ ਵਿਭਾਗ ਦੇ ਵਧੀਕ ਮੁੱਖ ਸਕੱਤਰ ਆਲੋਕ ਸ਼ੇਖਰ, ਡੀ.ਜੀ.ਪੀ. ਗੌਰਵ ਯਾਦਵ ਅਤੇ ਜਲੰਧਰ ਦੀ ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਨੂੰ 27 ਫਰਵਰੀ ਨੂੰ ਦੁਪਹਿਰ 3 ਵਜੇ ਦਿੱਲੀ ਵਿਧਾਨ ਸਭਾ ਦੇ ਐੱਮ.ਐੱਲ.ਏ. ਲਾਊਂਜ-1 'ਚ ਪੇਸ਼ ਹੋਣ ਲਈ ਕਿਹਾ ਗਿਆ ਹੈ। ਨੋਟਿਸ 'ਚ ਸਪੱਸ਼ਟ ਕੀਤਾ ਗਿਆ ਹੈ ਕਿ ਪੇਸ਼ ਨਾ ਹੋਣ ਦੀ ਸੂਰਤ 'ਚ ਵਿਧਾਨ ਸਭਾ ਦੀ ਮਾਣਹਾਨੀ ਅਤੇ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਦੇ ਤਹਿਤ ਕਾਰਵਾਈ ਕੀਤੀ ਜਾ ਸਕਦੀ ਹੈ।

ਇਹ ਵਿਵਾਦ ਜਲੰਧਰ ਪੁਲਿਸ ਵੱਲੋਂ 9 ਜਨਵਰੀ ਨੂੰ ਦਰਜ ਕੀਤੀ ਗਈ ਇਕ ਐੱਫ.ਆਈ.ਆਰ. ਤੋਂ ਸ਼ੁਰੂ ਹੋਇਆ ਸੀ। ਸ਼ਿਕਾਇਤ 'ਚ ਦੋਸ਼ ਲਾਇਆ ਗਿਆ ਸੀ ਕਿ ਦਿੱਲੀ ਵਿਧਾਨ ਸਭਾ 'ਚ ਆਤਿਸ਼ੀ ਵੱਲੋਂ ਦਿੱਤੇ ਗਏ ਭਾਸ਼ਣ ਦੀ ਇਕ 'ਛੇੜਛਾੜ ਕੀਤੀ ਹੋਈ' ਵੀਡੀਓ ਵਾਇਰਲ ਕੀਤੀ ਗਈ ਹੈ, ਜਿਸ 'ਚ ਸਿੱਖ ਗੁਰੂਆਂ ਬਾਰੇ ਇਤਰਾਜ਼ਯੋਗ ਟਿੱਪਣੀਆਂ ਸਨ। ਦਿੱਲੀ ਵਿਧਾਨ ਸਭਾ ਦਾ ਕਹਿਣਾ ਹੈ ਕਿ ਇਹ ਸਦਨ ਦੀ ਕਾਰਵਾਈ ਨਾਲ ਜੁੜਿਆ ਮਾਮਲਾ ਹੈ ਅਤੇ ਇਸ 'ਤੇ ਬਾਹਰੀ ਪੁਲਿਸ ਦਾ ਕਾਰਵਾਈ ਕਰਨਾ ਵਿਧਾਨ ਸਭਾ ਦੇ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਹੈ।

ਪੰਜਾਬ ਦੇ ਗ੍ਰਹਿ ਵਿਭਾਗ ਨੇ ਇਨ੍ਹਾਂ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਹੈ ਕਿ ਜਲੰਧਰ ਪੁਲਿਸ ਵੱਲੋਂ ਦਰਜ ਐੱਫ.ਆਈ.ਆਰ. ਨਾਲ ਕਿਸੇ ਵਿਸ਼ੇਸ਼ ਅਧਿਕਾਰ ਦੀ ਉਲੰਘਣਾ ਨਹੀਂ ਹੋਈ। ਅੰਡਰ ਸੈਕਟਰੀ (ਗ੍ਰਹਿ) ਕੈਲਾਸ਼ ਗੌਤਮ ਰਾਹੀਂ ਭੇਜੇ ਜਵਾਬ 'ਚ ਪੰਜਾਬ ਸਰਕਾਰ ਨੇ ਤਰਕ ਦਿੱਤਾ ਹੈ ਕਿ ਸੰਵਿਧਾਨ ਦੀ ਧਾਰਾ 194(3) ਤਹਿਤ ਮਿਲੇ ਵਿਸ਼ੇਸ਼ ਅਧਿਕਾਰ ਉਸ ਵੀਡੀਓ 'ਤੇ ਲਾਗੂ ਨਹੀਂ ਹੁੰਦੇ, ਜਿਸ ਨਾਲ ਸਦਨ ਤੋਂ ਬਾਹਰ ਛੇੜਛਾੜ ਕੀਤੀ ਗਈ ਹੋਵੇ ਅਤੇ ਜਿਸ 'ਚ ਵਾਧੂ ਕੈਪਸ਼ਨ ਲਗਾ ਕੇ ਪ੍ਰਚਾਰਿਆ ਗਿਆ ਹੋਵੇ। ਪੰਜਾਬ ਸਰਕਾਰ ਮੁਤਾਬਕ, ਅਜਿਹੀ ਵੀਡੀਓ ਸਦਨ ਦੀ ਸੰਪਤੀ ਨਹੀਂ ਮੰਨੀ ਜਾ ਸਕਦੀ।

ਦਿੱਲੀ ਵਿਧਾਨ ਸਭਾ ਦੀ ਸਖ਼ਤ ਟਿੱਪਣੀ ਦਿੱਲੀ ਵਿਧਾਨ ਸਭਾ ਦੀ ਵਿਸ਼ੇਸ਼ ਅਧਿਕਾਰ ਕਮੇਟੀ ਨੇ ਪੰਜਾਬ ਸਰਕਾਰ ਦੇ ਜਵਾਬਾਂ 'ਤੇ ਅਸੰਤੁਸ਼ਟੀ ਜ਼ਾਹਰ ਕੀਤੀ ਹੈ। ਕਮੇਟੀ ਨੇ ਪੰਜਾਬ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਇਸ ਮਾਮਲੇ 'ਚ ਪੰਜਾਬ ਦੇ ਐਡਵੋਕੇਟ ਜਨਰਲ (ਏ.ਜੀ.) ਦੀ ਕਾਨੂੰਨੀ ਰਾਏ ਲੈ ਕੇ 27 ਫਰਵਰੀ ਤੱਕ ਕਮੇਟੀ ਸਾਹਮਣੇ ਪੇਸ਼ ਕਰਨ। ਕਮੇਟੀ ਦਾ ਮੰਨਣਾ ਹੈ ਕਿ ਪੰਜਾਬ ਸਰਕਾਰ ਦਾ ਮੌਜੂਦਾ ਸਟੈਂਡ ਵਿਧਾਨ ਸਭਾ ਦੀਆਂ ਚਿੰਤਾਵਾਂ ਨੂੰ ਸਹੀ ਢੰਗ ਨਾਲ ਨਹੀਂ ਸਮਝ ਰਿਹਾ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

# ਡਰੱਗ ਸਰਗਨੇ ਅਲ ਮੈਂਚੋ ਦੀ ਹੱਤਿਆ ਮਗਰੋਂ ਮੈਕਸੀਕੋ 'ਚ ਭੜਕੀ ਹਿੰਸਾ

## ■ ਭਾਰਤੀ ਸਫ਼ਾਰਤਖਾਨੇ ਵੱਲੋਂ ਐਡਵਾਈਜ਼ਰੀ ਜਾਰੀ



**ਗੁਆਡਾਲਾਜਾਰਾ (ਮੈਕਸਿਕੋ), (ਪੰਜਾਬ ਮੇਲ)**- ਫੌਜ ਵੱਲੋਂ ਡਰੱਗ ਮਾਫ਼ੀਆ ਜਾਲਿਸਕੋ ਨਿਊ ਜੈਨਰੇਸ਼ਨ ਕਾਰਟੇਲ ਦੇ ਸਰਗਨੇ ਨੀਮੈਸੀਓ ਰੂਬਨ ਓਸੇਗੁਏਰਾ ਸਰਵੈਂਟਸ ਉਰਫ਼ ਅਲ ਮੈਂਚੋ ਦੀ ਹੱਤਿਆ ਮਗਰੋਂ ਮੈਕਸਿਕੋ ਵਿਚ ਹਿੰਸਾ ਭੜਕ ਗਈ। ਮੈਕਸਿਕੋ ਦੇ ਕਈ ਰਾਜਾਂ ਵਿਚ ਸਕੂਲ ਬੰਦ ਕਰ ਦਿੱਤੇ ਗਏ ਹਨ। ਮੁਕਾਮੀ ਸਰਕਾਰ ਅਤੇ ਹੋਰਨਾਂ ਮੁਲਕਾਂ ਨੇ ਆਪਣੇ ਨਾਗਰਿਕਾਂ ਨੂੰ ਘਰਾਂ ਵਿਚ ਰਹਿਣ ਦੀ ਚਿਤਾਵਨੀ ਦਿੱਤੀ ਹੈ।

ਅਲ ਮੈਂਚੋ ਮੈਕਸਿਕੋ ਵਿਚ ਤੇਜ਼ੀ ਨਾਲ ਵਧਦੇ ਅਪਰਾਧਿਕ ਨੈੱਟਵਰਕਾਂ ਦਾ ਸਰਗਨਾ ਸੀ। ਉਹ ਅਮਰੀਕਾ ਨੂੰ ਫੈਂਟਾਨਿਲ, ਮੈਥਾਮਫੇਟਾਮਾਈਨ ਅਤੇ ਕੋਕੀਨ ਦੀ ਤਸਕਰੀ ਵਿਚ ਸ਼ਾਮਲ ਸੀ। ਉਹ ਫੌਜ ਵੱਲੋਂ ਉਸ ਨੂੰ ਕਾਬੂ ਕੀਤੇ ਜਾਣ ਦੀ ਕੋਸ਼ਿਸ਼ ਦੌਰਾਨ ਆਪਣੇ ਗ੍ਰਹਿ ਰਾਜ ਜਾਲਿਸਕੋ ਵਿਚ ਸ਼ੂਟਆਊਟ ਦੌਰਾਨ ਮਾਰਿਆ ਗਿਆ।

ਜਵਾਬ ਵਿਚ ਡਰੱਗ ਮਾਫੀਆ ਦੇ ਮੈਂਬਰਾਂ ਨੇ ਪੂਰੇ ਦੇਸ਼ ਵਿਚ ਹਿੰਸਾ ਕੀਤੀ, ਸੜਕਾਂ ਜਾਮ ਕੀਤੀਆਂ ਅਤੇ ਵਾਹਨਾਂ ਨੂੰ ਅੱਗ ਲਾ ਦਿੱਤੀ। ਰਾਸ਼ਟਰਪਤੀ ਕਲਾਊਡੀਆ ਸ਼ੀਨਬਾਮ ਨੇ ਲੋਕਾਂ ਨੂੰ ਸ਼ਾਂਤੀ ਬਣਾ ਕੇ ਰੱਖਣ ਦੀ ਅਪੀਲ ਕੀਤੀ ਹੈ। ਅਥਾਰਿਟੀਜ਼ ਨੇ ਐਲਾਨ ਕੀਤਾ ਕਿ ਉਨ੍ਹਾਂ ਨੇ 20 ਰਾਜਾਂ ਵਿਚ ਮਾਫੀਏ ਵੱਲੋਂ ਬੰਦ ਕੀਤੀਆਂ ਸੜਕਾਂ ਖੋਲ੍ਹ ਦਿੱਤੀਆਂ ਹਨ।

ਇਸ ਦੌਰਾਨ ਵ੍ਹਾਈਟ ਹਾਊਸ ਨੇ ਪੁਸ਼ਟੀ ਕੀਤੀ ਹੈ ਕਿ ਅਲ ਮੈਂਚੋ ਬਾਰੇ ਖੁਫੀਆ ਜਾਣਕਾਰੀ ਅਮਰੀਕਾ ਨੇ ਮੁਹੱਈਆ ਕੀਤੀ ਸੀ। ਮੈਕਸਿਕੋ ਨੇ ਆਸ ਜਤਾਈ ਕਿ ਡਰੱਗ ਸਰਗਨੇ ਦੀ ਮੌਤ ਨਾਲ ਟਰੰਪ ਪ੍ਰਸ਼ਾਸਨ ਵੱਲੋਂ ਮੈਕਸਿਕੋ 'ਤੇ ਬਣਾਇਆ ਦਬਾਅ ਘਟੇਗਾ। ਟਰੰਪ ਪ੍ਰਸ਼ਾਸਨ ਨੇ ਫਰਵਰੀ 2025 ਵਿਚ ਜੈਲਿਸਕੋ ਕਾਰਟੇਲ ਨੂੰ ਵਿਦੇਸ਼ੀ ਦਹਿਸ਼ਤੀ ਜਥੇਬੰਦੀ ਮਨੋਨੀਤ ਕੀਤਾ ਸੀ।

ਮੈਕਸਿਕੋ ਵਿਚ ਭਾਰਤੀ ਦੂਤਾਵਾਸ ਨੇ ਮੁਲਕ 'ਚ ਰਹਿ ਰਹੇ ਭਾਰਤੀ ਨਾਗਰਿਕਾਂ ਨੂੰ ਚੌਕਸ ਤੇ ਘਰਾਂ ਵਿਚ ਰਹਿਣ ਦੀ ਅਪੀਲ ਕੀਤੀ ਹੈ। ਮੈਕਸਿਕੋ 'ਚ ਭਾਰਤੀ ਸਫ਼ਾਰਤਖਾਨੇ ਨੇ ਐਕਸ 'ਤੇ ਪੋਸਟ 'ਚ ਕਿਹਾ, "ਮੈਕਸਿਕੋ ਵਿਚ ਜਾਰੀ ਸੁਰੱਖਿਆ ਕਾਰਵਾਈਆਂ, ਬੰਦ ਸੜਕਾਂ ਅਤੇ ਅਪਰਾਧਿਕ ਸਰਗਰਮੀਆਂ ਦੇ ਮੱਦੇਨਜ਼ਰ ਮੈਕਸਿਕੋ ਦੇ ਵੱਖ-ਵੱਖ ਹਿੱਸਿਆਂ ਵਿਚ ਰਹਿੰਦੇ ਭਾਰਤੀ ਨਾਗਰਿਕਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਅਗਲੇ ਹੁਕਮਾਂ ਤਹਿਤ ਆਪੋ-ਆਪਣੇ ਟਿਕਾਣਿਆਂ 'ਤੇ ਸੁਰੱਖਿਅਤ ਰਹਿਣ।"




# ਸ੍ਰੀਨਗਰ ’ਚ ਫਰਵਰੀ ਮਹੀਨੇ ਦਾ ਹੁਣ ਤੱਕ ਦਾ ਸਭ ਤੋਂ ਵੱਧ ਤਾਪਮਾਨ ਦਰਜ

**■ ਕਸ਼ਮੀਰ ਦੇ ਕਈ ਹਿੱਸਿਆਂ ’ਚ ਗਰਮ ਹਵਾਵਾਂ ਚੱਲੀਆਂ**




ਸ੍ਰੀਨਗਰ, (ਪੰਜਾਬ ਮੇਲ)- ਸ੍ਰੀਨਗਰ ’ਚ ਫਰਵਰੀ ਮਹੀਨੇ ਦਾ ਹੁਣ ਤੱਕ ਦਾ ਸਭ ਤੋਂ ਵੱਧ 21 ਡਿਗਰੀ ਤਾਪਮਾਨ ਦਰਜ ਕੀਤਾ ਗਿਆ ਹੈ। ਅਧਿਕਾਰੀਆਂ ਮੁਤਾਬਿਕ ਕਸ਼ਮੀਰ ਦੇ ਜ਼ਿਆਦਾਤਰ ਹਿੱਸਿਆਂ ਵਿਚ ਲੂ (ਹੀਟਵੇਵ) ਵਰਗੇ ਹਾਲਾਤ ਬਣੇ ਹੋਏ ਹਨ।

ਵਾਦੀ ਦੇ ਕੁਝ ਮੌਸਮ ਕੇਂਦਰਾਂ ਨੇ ਫਰਵਰੀ ਲਈ ਰਿਕਾਰਡ ਤੋੜ ਵੱਧ ਤੋਂ ਵੱਧ ਤਾਪਮਾਨ ਦਰਜ ਕੀਤਾ। ਉਨ੍ਹਾਂ ਅੱਗੇ ਦੱਸਿਆ ਕਿ ਦਿਨ ਦਾ ਤਾਪਮਾਨ ਮੌਸਮੀ ਔਸਤ ਨਾਲੋਂ 9.5 ਤੋਂ 10 ਡਿਗਰੀ ਸੈਲਸੀਅਸ ਵੱਧ ਰਿਹਾ।

ਅਧਿਕਾਰੀਆਂ ਨੇ ਦੱਸਿਆ ਕਿ ਸ੍ਰੀਨਗਰ ਵਿਚ ਵੱਧ ਤੋਂ ਵੱਧ ਤਾਪਮਾਨ 21 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ, ਜੋ ਸਾਲ ਦੇ ਇਸ ਸਮੇਂ ਦੇ ਆਮ ਤਾਪਮਾਨ ਨਾਲੋਂ 10 ਡਿਗਰੀ ਵੱਧ ਹੈ। ਇਹ ਤਾਪਮਾਨ ਫਰਵਰੀ ਲਈ ਹੁਣ ਤੱਕ ਦਾ ਸਭ ਤੋਂ ਉੱਚਾ ਪੱਧਰ ਹੈ, ਜਿਸ ਨੇ 24 ਫਰਵਰੀ, 2016 ਨੂੰ ਦਰਜ ਕੀਤੇ ਗਏ 20.6 ਡਿਗਰੀ ਸੈਲਸੀਅਸ ਦੇ ਪਿਛਲੇ ਰਿਕਾਰਡ ਨੂੰ ਪਿੱਛੇ ਛੱਡ ਦਿੱਤਾ ਹੈ।

ਉੱਤਰੀ ਕਸ਼ਮੀਰ ਦੇ ਬਾਰਾਮੂਲਾ ਜ਼ਿਲ੍ਹੇ ਵਿਚ ਸਥਿਤ ਪ੍ਰਸਿੱਧ ਸਕੀ ਰਿਜ਼ੌਰਟ ਗੁਲਮਰਗ ਵਿਚ ਵੀ ਫਰਵਰੀ ਦਾ ਹੁਣ ਤੱਕ ਦਾ ਸਭ ਤੋਂ ਵੱਧ ਦਿਨ ਦਾ ਤਾਪਮਾਨ 11.5 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਮੌਸਮੀ ਔਸਤ ਨਾਲੋਂ 9.5 ਡਿਗਰੀ ਵੱਧ ਹੈ। ਅਧਿਕਾਰੀਆਂ ਨੇ ਦੱਸਿਆ ਕਿ ਇਸ ਤੋਂ ਪਹਿਲਾਂ 11 ਫਰਵਰੀ, 1993 ਨੂੰ ਸਭ ਤੋਂ ਵੱਧ ਤਾਪਮਾਨ 11.4 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਸੀ।

ਦੱਖਣੀ ਕਸ਼ਮੀਰ ਵਿਚ, ਕੋਕਰਨਾਗ ਵਿਚ ਫਰਵਰੀ ਦਾ ਦੂਜਾ ਸਭ ਤੋਂ ਵੱਧ ਤਾਪਮਾਨ 18.3 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਇਸ ਸਥਾਨ ਲਈ ਹੁਣ ਤੱਕ ਦਾ ਸਭ ਤੋਂ ਵੱਧ ਤਾਪਮਾਨ 18.4 ਡਿਗਰੀ ਸੈਲਸੀਅਸ ਹੈ, ਜੋ 29 ਫਰਵਰੀ, 2016 ਨੂੰ ਦਰਜ ਕੀਤਾ ਗਿਆ ਸੀ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com**

## ਟੈਰਿਫ ’ਚ ਬਦਲਾਅ ਕਾਰਨ ਭਾਰਤ-ਅਮਰੀਕਾ ਵਪਾਰ ਸਮਝੌਤੇ ’ਤੇ ਬੈਠਕ ਟਲੀ

ਨਵੀਂ ਦਿੱਲੀ, (ਪੰਜਾਬ ਮੇਲ)- ਭਾਰਤ ਅਤੇ ਅਮਰੀਕਾ ਨੇ ਅੰਤਰਿਮ ਵਪਾਰ ਸਮਝੌਤੇ ਦੇ ਖਰੜੇ ਨੂੰ ਅੰਤਿਮ ਰੂਪ ਦੇਣ ਲਈ ਵਾਸ਼ਿੰਗਟਨ ’ਚ ਆਪਣੇ ਮੁੱਖ ਵਾਰਤਾਕਾਰਾਂ ਦੀ ਤਜਵੀਜ਼ਤ ਬੈਠਕ ਨੂੰ ਨਵੇਂ ਸਿਰੇ ਤੋਂ ਤੈਅ ਕਰਨ ਦਾ ਫੈਸਲਾ ਕੀਤਾ ਹੈ। ਸੂਤਰਾਂ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਭਾਰਤੀ ਟੀਮ 23 ਫਰਵਰੀ ਤੋਂ ਤਿੰਨ ਦਿਨਾ ਬੈਠਕ ਸ਼ੁਰੂ ਹੋਣੀ ਸੀ। ਵਣਜ ਮੰਤਰਾਲਾ ’ਚ ਸੰਯੁਕਤ ਸਕੱਤਰ ਦਰਪਣ ਜੈਨ ਇਸ ਸਮਝੌਤੇ ਲਈ ਭਾਰਤ ਵਲੋਂ ਮੁੱਖ ਵਾਰਤਾਕਾਰ ਹਨ।

ਇਕ ਸੂਤਰ ਨੇ ਕਿਹਾ, “ਭਾਰਤ-ਅਮਰੀਕਾ ਵਪਾਰ ਸਮਝੌਤੇ ਲਈ ਭਾਰਤੀ ਵਾਰਤਾਕਾਰਾਂ ਦੀ ਅਮਰੀਕਾ ਯਾਤਰਾ ਦੇ ਸੰਦਰਭ ’ਚ ਦੋਵਾਂ ਧਿਰਾਂ ਦਾ ਮੰਨਣਾ ਹੈ ਕਿ ਹੁਣ ਇਹ ਬੈਠਕ ਉਦੋਂ ਹੋਣੀ ਚਾਹੀਦੀ ਹੈ, ਜਦੋਂ ਦੋਵੇਂ ਧਿਰ ਤਾਜ਼ਾ ਘਟਨਾਚੱਕਰਾਂ ਅਤੇ ਉਸ ਦੇ ਪ੍ਰਭਾਵ ਦਾ ਮੁਲਾਂਕਣ ਕਰ ਲੈਣ। ਇਸ ਲਈ ਦੋਵਾਂ ਧਿਰਾਂ ਨੂੰ ਸਮਾਂ ਚਾਹੀਦਾ ਹੈ। ਹੁਣ ਇਸ ਬੈਠਕ ਦੀ ਤਰੀਕ ਦੋਵਾਂ ਧਿਰਾਂ ਦੀ ਸਹੂਲਤ ਅਨੁਸਾਰ ਨਵੇਂ ਸਿਰਿਓਂ ਤੈਅ ਕੀਤੀ ਜਾਵੇਗੀ।”

ਡੋਨਾਲਡ ਟਰੰਪ ਪ੍ਰਸ਼ਾਸਨ ਦੇ ਪਹਿਲਾਂ ਦੇ ਵੱਡੇ ਟੈਰਿਫ ਦੇ ਖਿਲਾਫ਼ ਅਮਰੀਕਾ ਦੀ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਇਹ ਘਟਨਾਚੱਕਰ ਮਹੱਤਵਪੂਰਨ ਹੋ ਜਾਂਦਾ ਹੈ।

## ਮੈਨੂੰ ਟਕੋਮਾ ਡਿਟੈਨਸ਼ਨ ਸੈਂਟਰ ’ਚ ਜਾਣ ਤੋਂ ਰੋਕਿਆ ਗਿਆ - ਪ੍ਰਮਿਲਾ ਜਯਾਪਾਲ



ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-ਸਦਨ ਦੀ ਇਮੀਗ੍ਰੇਸ਼ਨ, ਇੰਟੈਗਰਿਟੀ, ਸਕਿਉਰਿਟੀ ਅਤੇ ਇਨਫੋਰਸਮੈਂਟ ਸਬ ਕਮੇਟੀ ਦੀ ਅਹਿਮ ਮੈਂਬਰ ਪ੍ਰਮਿਲਾ ਜਯਾਪਾਲ ਨੇ ਕਿਹਾ ਹੈ ਕਿ ਉਸ ਵਲੋਂ ਕੀਤੇ ਉੱਤਰ ਪੱਛਮੀ ਆਈ.ਸੀ.ਈ. ਪ੍ਰੋਸੈਸਿੰਗ ਸੈਂਟਰ ਦੇ ਨਿਰੀਖਣ ਵਿਚ ਰੁਕਾਵਟਾਂ ਪਾਈਆਂ ਗਈਆਂ, ਜਾਣਬੁੱਝ ਕੇ ਕਈ ਘੰਟੇ ਦੇਰੀ ਕੀਤੀ ਗਈ, ਹਾਲਾਂਕਿ ਉਸ ਨੇ ਇਸ ਸਬੰਧੀ ਅਗਾਊਂ ਸੂਚਿਤ ਕੀਤਾ ਸੀ। ਟਕੋਮਾ ਡਿਟੈਨਸ਼ਨ ਸੈਂਟਰ ਦੇ ਦੌਰੇ ਤੋਂ ਬਾਅਦ ਕਾਂਗਰਸ ਮੈਂਬਰ ਜਯਾਪਾਲ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਉਸ ਨੇ ਡਿਟੈਨਸ਼ਨ ਸੈਂਟਰ ਦੇ ਨਿਰੀਖਣ ’ਤੇ ਫੜੇ ਕੁਝ ਲੋਕਾਂ ਲਈ ਰਿਲੀਜ਼ ਫਾਰਮ ਲੈਣ ਵਾਸਤੇ 8 ਦਿਨਾਂ ਦਾ ਨੋਟਿਸ ਦਿੱਤਾ ਸੀ। ਇਸ ਦੇ ਬਾਵਜੂਦ ਅਧਿਕਾਰੀਆਂ ਨੇ ਮੈਨੂੰ ਕਿਹਾ ਕਿ ਉਨ੍ਹਾਂ ਨੂੰ ਕੇਵਲ ਡਿਟੈਨਸ਼ਨ ਸੈਂਟਰ ਦੇ ਦੌਰੇ ਦੀ ਪ੍ਰਵਾਨਗੀ ਦਿੱਤੀ ਗਈ ਹੈ ਤੇ ਉਹ ਫੜੇ ਵਿਅਕਤੀਆਂ ਜਾਂ ਸੀਨੀਅਰ ਸਟਾਫ ਨੂੰ ਨਹੀਂ ਮਿਲ ਸਕਦੇ। ਇਸ ’ਤੇ ਉਸ ਨੇ ਡਿਟੈਨਸ਼ਨ ਸੈਂਟਰ ਵਿਚੋਂ ਜਾਣ ਤੋਂ ਨਾਂਹ ਕਰ ਦਿੱਤੀ ਤੇ ਕਈ ਘੰਟਿਆਂ ਤੋਂ ਬਾਅਦ ਉਸ ਨੂੰ ਇਕ ਵਿਅਕਤੀ ਨੂੰ ਮਿਲਾਇਆ ਗਿਆ, ਜਿਸ ਦਾ ਵਕੀਲ ਵੀ ਉਥੇ ਮੌਜੂਦ ਸੀ। ਉਨ੍ਹਾਂ ਕਿਹਾ ਕਿ ਇਹ ਮੁਲਾਕਾਤ ਵੀ ਵਕੀਲ ਦੇ ਪ੍ਰਾਈਵੇਟ ਕਮਰੇ ਦੀ ਬਜਾਏ ਜਨਤਕ ਆਵਾਜਾਈ ਵਾਲੇ ਖੇਤਰ ਵਿਚ ਕਰਵਾਈ ਗਈ, ਜਦਕਿ ਇਕ ਕਾਂਗਰਸ ਮੈਂਬਰ ਵਜੋਂ ਮੈਨੂੰ ਪਹਿਲਾਂ ਨਿੱਜੀ ਕਮਰੇ ਵਿਚ ਮਿਲਣ ਦੀ ਇਜਾਜ਼ਤ ਦਿੱਤੀ ਗਈ ਸੀ। ਜਯਾਪਾਲ ਨੇ ਕਿਹਾ ਕਿ ਮੇਰਾ ਇਹ ਤਜ਼ਰਬਾ ਬਹੁਤ ਮਾੜਾ ਰਿਹਾ, ਜਦਕਿ ਫੜਿਆ ਗਿਆ ਵਿਅਕਤੀ ਜਿਸ ਨੂੰ ਉਹ ਮਿਲਣ ਗਈ ਸੀ, ਆਪਣੀ 8 ਸਾਲਾ ਅਮਰੀਕੀ ਨਾਗਰਿਕ ਧੀ ਦੀ ਦੇਖਭਾਲ ਕਰਨ ਵਾਲਾ ਇਕੋ-ਇਕ ਵਿਅਕਤੀ ਹੈ। ਇਸ ਵਿਅਕਤੀ ਨੂੰ ਗੰਭੀਰ ਸਿਹਤ ਸਮੱਸਿਆਵਾਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਇਸ ਸਭ ਲਈ ਹੋਮਲੈਂਡ ਸਕਿਉਰਿਟੀ ਵਿਭਾਗ ਦੀ ਅੰਡਰ ਸੈਕਟਰੀ ਕ੍ਰਿਸਟੀ ਨੋਏਮ ਜ਼ਿੰਮੇਵਾਰ ਹੈ। ਜਯਾਪਾਲ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਉਹ ਦੁਬਾਰਾ ਫਿਰ ਡਿਟੈਨਸ਼ਨ ਸੈਂਟਰ ਜਾਵੇਗੀ ਤੇ ਉਹ ਆਪਣੀਆਂ ਜ਼ਿੰਮੇਵਾਰੀਆਂ ਨਿਰੰਤਰ ਨਿਭਾਉਂਦੀ ਰਹੇਗੀ।




# ਕਰਨਾਟਕ ਸਰਕਾਰ ਵੀ ਬੱਚਿਆਂ ਦੇ ਸੋਸ਼ਲ ਮੀਡੀਆ ਚਲਾਉਣ ’ਤੇ ਲਾਏਗੀ ਬੈਨ!




ਕਰਨਾਟਕ, (ਪੰਜਾਬ ਮੇਲ)- ਬੀਤੇ ਕੁਝ ਮਹੀਨਿਆਂ ’ਚ ਆਸਟ੍ਰੇਲੀਆ ਤੇ ਫਰਾਂਸ ਵਰਗੇ ਦੇਸ਼ਾਂ ’ਚ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਸੋਸ਼ਲ ਮੀਡੀਆ ਦੀ ਵਰਤੋਂ ’ਤੇ ਲਗਾਏ ਗਏ ਬੈਨ ਦੀ ਦੁਨੀਆਂ ਭਰ ’ਚ ਤਾਰੀਫ਼ ਹੋ ਰਹੀ ਹੈ। ਇਸ ਫ਼ੈਸਲੇ ਨੂੰ ਸਖ਼ਤੀ ਨਾਲ ਲਾਗੂ ਕਰਨ ਲਈ ਭਾਰਤ ’ਚ ਵੀ ਮੰਗ ਉੱਠੀ ਸੀ, ਜਿਸ ਨੂੰ ਕਰਨਾਟਕ ਸਰਕਾਰ ਨੇ ਗੰਭੀਰਤਾ ਨਾਲ ਲਿਆ ਹੈ।

ਕਰਨਾਟਕ ਸਰਕਾਰ 16 ਸਾਲ ਤੋਂ ਘੱਟ ਉਮਰ ਦੇ ਵਿਦਿਆਰਥੀਆਂ ਲਈ ਮੋਬਾਈਲ ਫੋਨ ਦੀ ਵਰਤੋਂ ’ਤੇ ਪੂਰਨ ਪਾਬੰਦੀ ਲਗਾਉਣ ਦੀ ਗੰਭੀਰਤਾ ਨਾਲ ਯੋਜਨਾ ਬਣਾ ਰਹੀ ਹੈ। ਮੁੱਖ ਮੰਤਰੀ ਸਿੱਧਾਰਮਈਆ ਨੇ ਇਸ ਸਬੰਧੀ ਸਿੱਖਿਆ ਮਾਹਿਰਾਂ, ਵਾਈਸ ਚਾਂਸਲਰਾਂ ਅਤੇ ਮਨੋਵਿਗਿਆਨੀਆਂ ਨਾਲ ਸਲਾਹ-ਮਸ਼ਵਰਾ ਸ਼ੁਰੂ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਆਂਧਰਾ ਪ੍ਰਦੇਸ਼, ਮਹਾਰਾਸ਼ਟਰ, ਗੋਆ ਤੇ ਹਿਮਾਚਲ ਪ੍ਰਦੇਸ਼ ’ਚ ਵੀ ਅਜਿਹੀ ਕਾਰਵਾਈ ਦੀ ਤਿਆਰੀ ਚੱਲ ਰਹੀ ਹੈ।

ਸਰਕਾਰ ਦਾ ਮੰਨਣਾ ਹੈ ਕਿ ਸਮਾਰਟਫੋਨ ਅਤੇ ਸੋਸ਼ਲ ਮੀਡੀਆ ਦੀ ਬਹੁਤ ਜ਼ਿਆਦਾ ਵਰਤੋਂ ਬੱਚਿਆਂ ਦੇ ਦਿਮਾਗੀ ਵਿਕਾਸ ਨੂੰ ਪ੍ਰਭਾਵਿਤ ਕਰ ਰਹੀ ਹੈ ਅਤੇ ਉਨ੍ਹਾਂ ਵਿਚ ਮਾਨਸਿਕ ਤਣਾਅ ਤੇ ਨੀਂਦ ਦੀ ਕਮੀ ਵਰਗੀਆਂ ਸਮੱਸਿਆਵਾਂ ਵਧ ਰਹੀਆਂ ਹਨ। ਮੁੱਖ ਮੰਤਰੀ ਨੇ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰਾਂ ਅਤੇ ਤਕਨੀਕੀ ਮਾਹਿਰਾਂ ਤੋਂ ਰਾਏ ਮੰਗੀ ਹੈ ਕਿ ਕੀ ਇਸ ਪਾਬੰਦੀ ਨੂੰ ਕਾਨੂੰਨੀ ਤੌਰ ’ਤੇ ਲਾਗੂ ਕੀਤਾ ਜਾ ਸਕਦਾ ਹੈ ਅਤੇ ਇਸ ਦੇ ਵਿਦਿਅਕ ਨਤੀਜੇ ਕੀ ਹੋਣਗੇ।

ਜੇਕਰ ਇਹ ਪ੍ਰਸਤਾਵ ਪਾਸ ਹੋ ਜਾਂਦਾ ਹੈ, ਤਾਂ ਸਕੂਲਾਂ ਦੇ ਅੰਦਰ ਅਤੇ ਬਾਹਰ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਕੋਲ ਮੋਬਾਈਲ ਫੋਨ ਰੱਖਣਾ ਗੈਰ-ਕਾਨੂੰਨੀ ਮੰਨਿਆ ਜਾਵੇਗਾ। ਰਿਪੋਰਟਾਂ ਅਨੁਸਾਰ, ਵੱਡੀ ਗਿਣਤੀ ਵਿਚ ਮਾਪਿਆਂ ਅਤੇ ਅਧਿਆਪਕਾਂ ਨੇ ਇਸ ਕਦਮ ਦਾ ਸਮਰਥਨ ਕੀਤਾ ਹੈ, ਹਾਲਾਂਕਿ ਕੁਝ ਲੋਕ ਇਸ ਨੂੰ ਅੱਜ ਦੇ ਡਿਜੀਟਲ ਯੁੱਗ ਵਿਚ ਚੁਣੌਤੀਪੂਰਨ ਮੰਨ ਰਹੇ ਹਨ।

ਸੂਬਾ ਸਰਕਾਰ ਇੱਕ ਵਿਸ਼ੇਸ਼ ਕਮੇਟੀ ਗਠਿਤ ਕਰਨ ਜਾ ਰਹੀ ਹੈ, ਜੋ ਵੱਖ-ਵੱਖ ਸਟੇਕਹੋਲਡਰਾਂ ਨਾਲ ਗੱਲਬਾਤ ਕਰਕੇ ਆਪਣੀ ਰਿਪੋਰਟ ਸੌਂਪੇਗੀ। ਇਸ ਰਿਪੋਰਟ ਦੇ ਆਧਾਰ ’ਤੇ ਹੀ ਅੰਤਿਮ ਨਿਯਮਾਂ ਅਤੇ ਦਿਸ਼ਾ-ਨਿਰਦੇਸ਼ਾਂ ਦਾ ਐਲਾਨ ਕੀਤਾ ਜਾਵੇਗਾ। ਫਿਲਹਾਲ ਇਸ ਫੈਸਲੇ ਨੂੰ ਬੱਚਿਆਂ ਦੇ ਸਰੀਰਕ ਤੇ ਮਾਨਸਿਕ ਵਿਕਾਸ ਦੇ ਪੱਖੋਂ ਕਾਫ਼ੀ ਅਹਿਮ ਮੰਨਿਆ ਜਾ ਰਿਹਾ ਹੈ। ਹੁਣ ਦੇਖਣਾ ਹੋਵੇਗਾ ਕਿ ਇਹ ਫ਼ੈਸਲਾ ਲਾਗੂ ਹੁੰਦਾ ਵੀ ਹੈ ਜਾਂ ਸਿਰਫ਼ ਕਾਗਜ਼ਾਂ ’ਚ ਹੀ ਸੀਮਿਤ ਹੋ ਕੇ ਰਹਿ ਜਾਵੇਗਾ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :
www.punjabmailusa.com

## ਇਰਾਨ ਤੇ ਅਮਰੀਕਾ ਵਿਚਾਲੇ ਜੰਗ ਦੇ ਮਾਹੌਲ ਦਰਮਿਆਨ ਭਾਰਤੀਆਂ ਲਈ ਐਡਵਾਈਜ਼ਰੀ ਜਾਰੀ

ਨਵੀਂ ਦਿੱਲੀ, (ਪੰਜਾਬ ਮੇਲ)- ਇਰਾਨ ਅਤੇ ਅਮਰੀਕਾ ਵਿਚਾਲੇ ਜੰਗ ਦੇ ਬੱਦਲ ਲਗਾਤਾਰ ਗੂੜ੍ਹੇ ਹੁੰਦੇ ਜਾ ਰਹੇ ਹਨ। ਇਸੇ ਟਕਰਾਅ ਦੇ ਮੱਦੇਨਜ਼ਰ ਭਾਰਤ ਸਰਕਾਰ ਨੇ ਭਾਰਤੀ ਨਾਗਰਿਕਾਂ ਲਈ ਇੱਕ ਤਾਜ਼ਾ ਅਤੇ ਸਖ਼ਤ ਐਡਵਾਈਜ਼ਰੀ ਜਾਰੀ ਕੀਤੀ ਹੈ। ਭਾਰਤ ਨੇ ਇਰਾਨ ਵਿਚ ਰਹਿ ਰਹੇ ਆਪਣੇ ਸਾਰੇ ਨਾਗਰਿਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਜਿੰਨੀ ਜਲਦੀ ਹੋ ਸਕੇ, ਉਪਲਬਧ ਹਵਾਈ ਜਾਂ ਹੋਰ ਸਾਧਨਾਂ ਰਾਹੀਂ ਇਰਾਨ ਛੱਡ ਕੇ ਸੁਰੱਖਿਅਤ ਸਥਾਨਾਂ ’ਤੇ ਚਲੇ ਜਾਣ ਜਾਂ ਭਾਰਤ ਵਾਪਸ ਪਰਤ ਆਉਣ। ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ ਇਰਾਨ ਵਿਚ ਸਥਿਤੀ ਬਹੁਤ ਨਾਜ਼ੁਕ ਹੋ ਸਕਦੀ ਹੈ, ਇਸ ਲਈ ਭਾਰਤੀ ਨਾਗਰਿਕਾਂ ਨੂੰ ਉਡੀਕ ਕਰਨ ਦੀ ਬਜਾਏ ਤੁਰੰਤ ਉੱਥੋਂ ਨਿਕਲ ਜਾਣਾ ਚਾਹੀਦਾ ਹੈ। ਭਾਰਤੀ ਨਾਗਰਿਕਾਂ ਨੂੰ ਅਗਲੇ ਹੁਕਮਾਂ ਤੱਕ ਇਰਾਨ ਦੀ ਕਿਸੇ ਵੀ ਤਰ੍ਹਾਂ ਦੀ ਯਾਤਰਾ ਨਾ ਕਰਨ ਦੀ ਸਖ਼ਤ ਹਦਾਇਤ ਦਿੱਤੀ ਗਈ ਹੈ। ਐਡਵਾਈਜ਼ਰੀ ’ਚ ਅੱਗੇ ਕਿਹਾ ਗਿਆ ਹੈ ਕਿ ਜਿਹੜੇ ਭਾਰਤੀ ਇਸ ਸਮੇਂ ਇਰਾਨ ਵਿਚ ਹਨ ਅਤੇ ਕਿਸੇ ਕਾਰਨ ਤੁਰੰਤ ਨਹੀਂ ਨਿਕਲ ਸਕਦੇ, ਉਨ੍ਹਾਂ ਨੂੰ ਤਹਿਰਾਨ ਸਥਿਤ ਭਾਰਤੀ ਦੂਤਾਵਾਸ ਨਾਲ ਤੁਰੰਤ ਸੰਪਰਕ ਕਰਨ ਅਤੇ ਆਪਣੀ ਰਜਿਸਟ੍ਰੇਸ਼ਨ ਕਰਵਾਉਣ ਲਈ ਕਿਹਾ ਗਿਆ ਹੈ, ਤਾਂ ਜੋ ਐਮਰਜੈਂਸੀ ਦੀ ਸਥਿਤੀ ਵਿਚ ਉਨ੍ਹਾਂ ਦੀ ਮਦਦ ਕੀਤੀ ਜਾ ਸਕੇ।

# ਹਰਿਆਣਾ ਸਰਕਾਰ ਦੇ ਬੈਂਕ ਖਾਤਿਆਂ ’ਚ 590 ਕਰੋੜ ਦੀ ਧੋਖਾਧੜੀ

**■ ਧੋਖਾਧੜੀ ਵਿਚ ਬੈਂਕ ਕਰਮਚਾਰੀ ਅਤੇ ਹੋਰਾਂ ਦੀ ਸ਼ਮੂਲੀਅਤ ਦਾ ਖਦਸ਼ਾ**

ਮੁੰਬਈ, (ਪੰਜਾਬ ਮੇਲ)- ਆਈ.ਡੀ.ਐੱਫ.ਸੀ. ਫਸਟ ਬੈਂਕ ਨੇ ਨਿੱਜੀ ਖੇਤਰ ਦੇ ਕਰਜ਼ਦਾਤਿਆਂ ਨਾਲ ਹਰਿਆਣਾ ਸਰਕਾਰ ਦੇ ਖਾਤਿਆਂ ਵਿਚ ਆਪਣੇ ਕਰਮਚਾਰੀਆਂ ਅਤੇ ਕੁੱਝ ਹੋਰ ਵਿਅਕਤੀਆਂ ਵੱਲੋਂ ਕੀਤੀ ਗਈ 590 ਕਰੋੜ ਰੁਪਏ ਦੀ ਧੋਖਾਧੜੀ ਦਾ ਖੁਲਾਸਾ ਕੀਤਾ ਹੈ। ਸ਼ੇਅਰ ਬਾਜ਼ਾਰ ਨੂੰ ਦਿੱਤੀ ਜਾਣਕਾਰੀ ਵਿਚ ਆਈ.ਡੀ.ਐੱਫ.ਸੀ. ਫਸਟ ਬੈਂਕ ਨੇ ਕਿਹਾ ਕਿ ਉਸ ਨੇ ਬੈਂਕਿੰਗ ਰੈਗੂਲੇਟਰ ਨੂੰ ਇਸ ਮਾਮਲੇ ਦੀ ਰਿਪੋਰਟ ਦੇ ਦਿੱਤੀ ਹੈ ਅਤੇ ਪੁਲਿਸ ਕੋਲ ਵੀ ਸ਼ਿਕਾਇਤ ਦਰਜ ਕਰਵਾਈ ਗਈ ਹੈ।

ਬੈਂਕ ਨੇ ਕਿਹਾ, "ਸ਼ੁਰੂਆਤੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਚੰਡੀਗੜ੍ਹ ਦੀ ਇੱਕ ਵਿਸ਼ੇਸ਼ ਸ਼ਾਖਾ ਦੇ ਕੁਝ ਕਰਮਚਾਰੀਆਂ ਨੇ ਹਰਿਆਣਾ ਸਰਕਾਰ ਦੇ ਖਾਤਿਆਂ ਵਿਚ ਅਣਅਧਿਕਾਰਤ ਅਤੇ ਧੋਖਾਧੜੀ ਵਾਲੀਆਂ ਗਤੀਵਿਧੀਆਂ ਕੀਤੀਆਂ, ਜਿਸ ਵਿਚ ਹੋਰ ਵਿਅਕਤੀ/ਸੰਸਥਾਵਾਂ ਵੀ ਸ਼ਾਮਲ ਹੋ ਸਕਦੀਆਂ ਹਨ।" ਆਈ.ਡੀ.ਐੱਫ.ਸੀ. ਫਸਟ ਬੈਂਕ ਨੇ ਕਿਹਾ ਕਿ ਇਸ ਸਮੇਂ 590 ਕਰੋੜ ਰੁਪਏ ਦੀ ਰਕਮ ਦੀ ਧੋਖਾਧੜੀ ਹੋਣ ਦਾ ਅਨੁਮਾਨ ਹੈ। ਉਕਤ ਸ਼ਾਖਾ ਵਿਚ ਪਛਾਣ ਕੀਤੇ ਖਾਤਿਆਂ ਵਿਚ ਕੁੱਲ ਰਕਮ ਲਗਪਗ 590 ਕਰੋੜ ਰੁਪਏ ਹੈ। ਧੋਖਾਧੜੀ ਦਾ ਵੇਰਵਾ ਦਿੰਦਿਆਂ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਹਰਿਆਣਾ ਸਰਕਾਰ ਦਾ ਇੱਕ ਵਿਭਾਗ ਆਈ.ਡੀ.ਐੱਫ.ਸੀ. ਫਸਟ ਬੈਂਕ ਨਾਲ ਬੈਂਕਿੰਗ ਕਰ ਰਿਹਾ ਸੀ ਅਤੇ ਬੈਂਕ ਨੂੰ ਇੱਕ ਅਣਦੱਸੀ ਤਰੀਕ ’ਤੇ ਖਾਤਾ ਬੰਦ ਕਰਨ ਤੇ ਬਾਕੀ ਰਕਮ ਕਿਸੇ ਹੋਰ ਬੈਂਕ ਵਿਚ ਤਬਦੀਲ ਕਰਨ ਦੀ ਬੇਨਤੀ ਪ੍ਰਾਪਤ ਹੋਈ ਸੀ। ਬੈਂਕ ਨੇ ਕਿਹਾ, "ਇਸ ਪ੍ਰਕਿਰਿਆ ਦੌਰਾਨ ਖਾਤੇ ਦੇ ਬੈਲੇਂਸ ਦੇ ਮੁਕਾਬਲੇ ਦੱਸੀ ਗਈ ਰਕਮ ਵਿਚ ਕੁੱਝ ਫ਼ਰਕ ਨਜ਼ਰ ਆਇਆ।" ਨਾਲ ਹੀ ਇਹ ਵੀ ਕਿਹਾ ਗਿਆ ਕਿ ਹਰਿਆਣਾ ਸਰਕਾਰ ਦੀ ਹੋਰ ਕੰਪਨੀਆਂ ਦੇ ਖਾਤਿਆਂ ਵਿਚ ਵੀ ਅਜਿਹੀ ਹੀ ਸਮੱਸਿਆ ਦੇਖੀ ਗਈ, ਜੋ 18 ਫਰਵਰੀ ਮਗਰੋਂ ਬੈਂਕ ਨਾਲ ਜੁੜੀਆਂ ਸਨ। ਬੈਂਕ ਨੇ ਚਾਰ ਅਧਿਕਾਰੀਆਂ ਨੂੰ ਜਾਂਚ ਪੂਰੀ ਹੋਣ ਤੱਕ ਮੁਅੱਤਲ ਕਰ ਦਿੱਤਾ ਹੈ। ਇਸ ਤੋਂ ਇਲਾਵਾ ਬੈਂਕ ਨੇ ਸੁਤੰਤਰ ਬਾਹਰੀ ਏਜੰਸੀ ਰਾਹੀਂ ਫੌਰੈਂਸਿਕ ਆਡਿਟ ਕਰਵਾਉਣ ਦਾ ਫੈਸਲਾ ਕੀਤਾ ਹੈ। ਸ਼ੱਕੀ ਖਾਤਿਆਂ ਵਿਚ ਮੌਜੂਦ ਰਾਸ਼ੀ ਨੂੰ ਫਰੀਜ਼ ਕਰਨ ਲਈ ਸਬੰਧਤ ਬੈਂਕਾਂ ਨੂੰ ਪੈਸੇ ਵਾਪਸ ਮੰਗਣ ਦੀ ਬੇਨਤੀ ਭੇਜੀ ਗਈ ਹੈ। ਬੈਂਕ ਨੇ ਸਪੱਸ਼ਟ ਕੀਤਾ ਕਿ ਇਹ ਮਾਮਲਾ ਸਿਰਫ ਹਰਿਆਣਾ ਸਰਕਾਰ ਨਾਲ ਜੁੜੇ ਖਾਤਿਆਂ ਤੱਕ ਸੀਮਤ ਹੈ।



# ਨਿੱਝਰ ਕਤਲ ਕੇਸ : ਕੈਨੇਡਾ ਨਿਆਂ ਵਿਭਾਗ ਨੇ ਕੌਮੀ ਸੁਰੱਖਿਆ ਨਾਲ ਜੁੜੇ ਸੰਵੇਦਨਸ਼ੀਲ ਸਬੂਤਾਂ ਨੂੰ ਗੁਪਤ ਰੱਖਣ ਦੀ ਇਜਾਜ਼ਤ ਮੰਗੀ

**ਓਟਵਾ, (ਪੰਜਾਬ ਮੇਲ)**-ਭਾਰਤੀ ਏਜੰਟਾਂ ’ਤੇ ਹਰਦੀਪ ਸਿੰਘ ਨਿੱਝਰ ਦੇ ਕਤਲ ਦਾ ਦੋਸ਼ ਲਾਉਣ ਤੋਂ ਬਾਅਦ ਕੈਨੇਡਾ ਦਾ ਨਿਆਂ ਵਿਭਾਗ ਹੁਣ ਉਸ ਦੇ ਮੁਕੱਦਮੇ ਵਿਚ ਕੌਮੀ ਸੁਰੱਖਿਆ ਨਾਲ ਜੁੜੇ ਕੁਝ ਸੰਵੇਦਨਸ਼ੀਲ ਸਬੂਤਾਂ ਨੂੰ ਰੋਕਣ (ਦੱਬਣ) ਦੀ ਕੋਸ਼ਿਸ਼ ਕਰ ਰਿਹਾ ਹੈ। ਸਤੰਬਰ 2023 ਵਿਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਪਹਿਲੀ ਵਾਰ ਜਨਤਕ ਤੌਰ ’ਤੇ ਭਾਰਤ ਦੀ ਸ਼ਮੂਲੀਅਤ ਦਾ ਦੋਸ਼ ਲਾਏ ਜਾਣ ਤੋਂ ਬਾਅਦ ਇਹ ਮਾਮਲਾ ਭਾਰਤ-ਕੈਨੇਡਾ ਸੰਬੰਧਾਂ ਵਿਚ ਇਕ ਵੱਡੀ ਰੁਕਾਵਟ ਬਣਿਆ ਹੋਇਆ ਹੈ।



ਗਲੋਬਲ ਨਿਊਜ਼ ਅਨੁਸਾਰ, ਕੈਨੇਡਾ ਦੇ ਅਟਾਰਨੀ ਜਨਰਲ ਦੀ ਨੁਮਾਇੰਦਗੀ ਕਰਨ ਵਾਲੇ ਸੰਘੀ ਵਕੀਲਾਂ ਨੇ ਫੈਡਰਲ ਕੋਰਟ ਵਿਚ ਇਕ ਅਰਜ਼ੀ ਦਾਇਰ ਕਰਕੇ ਕੁਝ ਖਾਸ ਸਬੂਤਾਂ ਨੂੰ ਦਬਾਉਣ ਦੀ ਇਜਾਜ਼ਤ ਮੰਗੀ ਹੈ, ਅਤੇ ਦਲੀਲ ਦਿੱਤੀ ਕਿ ਇਸਦਾ ਖੁਲਾਸਾ ‘ਅੰਤਰਰਾਸ਼ਟਰੀ ਸੰਬੰਧਾਂ ਅਤੇ ਕੌਮੀ ਸੁਰੱਖਿਆ ਲਈ ਨੁਕਸਾਨਦੇਹ’ ਹੋਵੇਗਾ।

ਇਹ ਅਰਜ਼ੀ ਕੈਨੇਡਾ ਐਵੀਡੈਂਸ ਐਕਟ ਦੀ ਧਾਰਾ 38 ਦੇ ਤਹਿਤ ਦਾਇਰ ਕੀਤੀ ਗਈ ਸੀ। ਗਲੋਬਲ ਨਿਊਜ਼ ਨੇ ਅੱਗੇ ਦੱਸਿਆ ਕਿ ਫੈਡਰਲ ਕੋਰਟ ਵਿਚ ਦਾਇਰ ਅਰਜ਼ੀ ਦੇ ਨੋਟਿਸ ਵਿਚ ਕਿਹਾ ਗਿਆ ਹੈ ਕਿ ਸੰਘੀ ਅਟਾਰਨੀ ਜਨਰਲ ਨੂੰ 2024 ਅਤੇ 2025 ਦੇ ਦੌਰਾਨ ਚਾਰ ਨੋਟਿਸ ਪ੍ਰਾਪਤ ਹੋਏ ਸਨ ਜਿਨ੍ਹਾਂ ਵਿਚ ਕੇਸ ਵਿਚ ਸੰਵੇਦਨਸ਼ੀਲ ਜਾਂ ਸੰਭਾਵੀ ਤੌਰ ’ਤੇ ਨੁਕਸਾਨਦੇਹ ਜਾਣਕਾਰੀ ਬਾਰੇ ਦੱਸਿਆ ਗਿਆ ਸੀ।

ਬੀ. ਸੀ. ਪ੍ਰੋਸੀਕਿਊਸ਼ਨ ਸਰਵਿਸ, ਜੋ ਚਾਰ ਦੋਸ਼ੀਆਂ ਵਿਰੁੱਧ ਕੇਸ ਚਲਾ ਰਹੀ ਹੈ, ਨੇ ਫੈਡਰਲ ਕੋਰਟ ਦੇ ਮਾਮਲੇ ’ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਮਾਮਲਾ ਸੁਣਵਾਈ ਤੋਂ ਪਹਿਲਾਂ ਦੇ ਪੜਾਅ ਵਿਚ ਹੈ ਅਤੇ ਪ੍ਰਕਾਸ਼ਨ ਪਾਬੰਦੀ ਦੇ ਅਧੀਨ ਹੈ। ਜ਼ਿਕਰਯੋਗ ਹੈ ਕਿ ਨਿੱਝਰ ਨੂੰ 18 ਜੂਨ, 2023 ਨੂੰ ਸਰੀ, ਬ੍ਰਿਟਿਸ਼ ਕੋਲੰਬੀਆ ਵਿਚ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਦੇ ਬਾਹਰ ਗੋਲੀ ਮਾਰ ਦਿੱਤੀ ਗਈ ਸੀ, ਉਹ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਨ।

ਕੈਨੇਡੀਅਨ ਮੀਡੀਆ ਰਿਪੋਰਟਾਂ ਅਨੁਸਾਰ ਆਰ. ਸੀ. ਐੱਮ. ਪੀ ਦਾ ਮੰਨਣਾ ਹੈ ਕਿ ਭਾਰਤ ਨੇ ਕਤਲ ਦੀ ਸਾਜ਼ਿਸ਼ ਰਚਣ ਲਈ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਮਦਦ ਲਈ ਸੀ। ਮਈ 2024 ਵਿਚ, ਦੋ ਸ਼ੱਕੀ ਨਿਸ਼ਾਨੇਬਾਜ਼ਾਂ ਅਮਨਦੀਪ ਸਿੰਘ ਅਤੇ ਕਰਨਪ੍ਰੀਤ ਸਿੰਘ, ਕਥਿਤ ਗੇਟਵੇਅ ਡਰਾਈਵਰ ਕਰਨ ਬਰਾੜ ਅਤੇ ਇਕ ਚੌਥੇ ਸ਼ੱਕੀ ਕਮਲਪ੍ਰੀਤ ਸਿੰਘ ਨੂੰ ਅਲਬਰਟਾ ਅਤੇ ਓਨਟਾਰੀਓ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਗਲੋਬਲ ਨਿਊਜ਼ ਨੇ ਪਹਿਲਾਂ ਰਿਪੋਰਟ ਦਿੱਤੀ ਸੀ ਕਿ ਹੱਤਿਆ ਵਿਚ ਉੱਚ ਪੱਧਰੀ ਭਾਰਤੀ ਅਧਿਕਾਰੀਆਂ ਦੀ ਸ਼ਮੂਲੀਅਤ ਬਾਰੇ ਸ਼ੁਰੂਆਤੀ ਸੂਚਨਾ ਯੂਨਾਈਟਿਡ ਕਿੰਗਡਮ ਦੁਆਰਾ ਰੋਕੀ ਗਈ ਗੱਲਬਾਤ ਤੋਂ ਮਿਲੀ ਸੀ ਅਤੇ ਬ੍ਰਿਟਿਸ਼ ਖੁਫੀਆ ਏਜੰਸੀ ਦੁਆਰਾ ਕੈਨੇਡਾ ਨਾਲ ਸਾਂਝੀ ਕੀਤੀ ਗਈ ਸੀ।

ਸਬੂਤਾਂ ਦੇ ਹਿੱਸਿਆਂ ਨੂੰ ਸੀਲ ਕਰਨ ਦੇ ਕਦਮ ਨੇ ਕਾਨੂੰਨੀ ਅਤੇ ਕੂਟਨੀਤਿਕ ਹਲਕਿਆਂ ਵਿਚ ਹੈਰਾਨੀ ਪੈਦਾ ਕੀਤੀ ਹੈ, ਖਾਸ ਕਰਕੇ ਕਿਉਂਕਿ ਭਾਰਤ ਲਗਾਤਾਰ ਇਹ ਕਹਿ ਰਿਹਾ ਹੈ ਕਿ ਓਟਵਾ ਭਾਰਤੀ ਰਾਜ ਦੀ ਸ਼ਮੂਲੀਅਤ ਦੇ ਆਪਣੇ ਦਾਅਵਿਆਂ ਦਾ ਸਮਰਥਨ ਕਰਨ ਲਈ ‘ਖਾਸ ਅਤੇ ਢੁਕਵੇਂ’ ਸਬੂਤ ਪ੍ਰਦਾਨ ਕਰਨ ਵਿਚ ਅਸਫਲ ਰਿਹਾ ਹੈ। ਭਾਰਤ ਨੇ ਨਿੱਝਰ ਦੇ ਕਤਲ ਵਿਚ ਕਿਸੇ ਵੀ ਤਰ੍ਹਾਂ ਦੀ ਸ਼ਮੂਲੀਅਤ ਤੋਂ ਇਨਕਾਰ ਕੀਤਾ ਹੈ।

# ਯੂ.ਕੇ. ਯੂਨੀਵਰਸਿਟੀਆਂ ਵੱਲੋਂ ਪੰਜਾਬ ਤੇ ਹਰਿਆਣਾ ਦੇ ਨੌਜਵਾਨਾਂ ਨੂੰ ਦਾਖਲਾ ਦੇਣ ’ਤੇ ਪਾਬੰਦੀ!

**ਲੰਡਨ, (ਪੰਜਾਬ ਮੇਲ)**- ਯੂ.ਕੇ. ਦੀਆਂ ਕਈ ਨਾਮੀ ਯੂਨੀਵਰਸਿਟੀਆਂ ਨੇ ਇਨ੍ਹਾਂ ਦੋਵਾਂ ਸੂਬਿਆਂ ਦੇ ਵਿਦਿਆਰਥੀਆਂ ਨੂੰ ਦਾਖ਼ਲਾ ਦੇਣ ’ਤੇ ਪਾਬੰਦੀ ਲਗਾ ਦਿੱਤੀ ਹੈ। ਇਸ ਸਖ਼ਤ ਫੈਸਲੇ ਨੇ ਉਨ੍ਹਾਂ ਹਜ਼ਾਰਾਂ ਨੌਜਵਾਨਾਂ ਦੀਆਂ ਮੁਸ਼ਕਲਾਂ ਵਧਾ ਦਿੱਤੀਆਂ ਹਨ, ਜੋ ਪੜ੍ਹਾਈ ਲਈ ਬ੍ਰਿਟੇਨ ਜਾਣ ਦੀ ਤਿਆਰੀ ਕਰ ਰਹੇ ਸਨ।

ਰਿਪੋਰਟਾਂ ਅਨੁਸਾਰ, ਯੂਨੀਵਰਸਿਟੀਆਂ ਨੇ ਦੇਖਿਆ ਹੈ ਕਿ ਪੰਜਾਬ ਅਤੇ ਹਰਿਆਣਾ ਦੇ ਬਹੁਤ ਸਾਰੇ ਵਿਦਿਆਰਥੀ ਵੀਜ਼ਾ ਲੈ ਕੇ ਯੂ.ਕੇ. ਪਹੁੰਚਣ ਤੋਂ ਬਾਅਦ ਪੜ੍ਹਾਈ ਵਿਚ ਦਿਲਚਸਪੀ ਨਹੀਂ ਲੈਂਦੇ ਅਤੇ ਕੋਰਸ ਅੱਧ ਵਿਚਾਲੇ ਛੱਡ ਕੇ ਕੰਮ ਕਰਨ ਲੱਗ ਜਾਂਦੇ ਹਨ। ਇਸ ਨਾਲ ਯੂਨੀਵਰਸਿਟੀਆਂ ਦੀ ‘ਵੀਜ਼ਾ ਕੰਪਲਾਇੰਸ’ ਰੇਟਿੰਗ ਖਰਾਬ ਹੁੰਦੀ ਹੈ।

ਜਾਂਚ ਵਿਚ ਇਹ ਵੀ ਸਾਹਮਣੇ ਆਇਆ ਹੈ ਕਿ ਕਈ ਵਿਦਿਆਰਥੀ ਏਜੰਟਾਂ ਰਾਹੀਂ ਫ਼ਰਜ਼ੀ ਪੜ੍ਹਾਈ ਦੇ ਸਰਟੀਫਿਕੇਟ ਅਤੇ ਗਲਤ ਬੈਂਕ ਸਟੇਟਮੈਂਟਾਂ ਦੀ ਵਰਤੋਂ ਕਰ ਰਹੇ ਸਨ। ਇਸ ਧੋਖਾਧੜੀ ਨੂੰ ਰੋਕਣ ਲਈ ਯੂਨੀਵਰਸਿਟੀਆਂ ਨੇ ਇਨ੍ਹਾਂ ਖੇਤਰਾਂ ਤੋਂ ਆਉਣ ਵਾਲੀਆਂ ਐਪਲੀਕੇਸ਼ਨਾਂ ਨੂੰ ਐਕਸੈਪਟ ਕਰਨਾ ਬੰਦ ਕਰ ਦਿੱਤਾ ਹੈ।

ਇਹ ਪਾਬੰਦੀ ਖਾਸ ਤੌਰ ’ਤੇ ਹਰਿਆਣਾ ਅਤੇ ਪੰਜਾਬ ਦੇ ਉਨ੍ਹਾਂ

**■ ਯੂ.ਕੇ. ਸਰਕਾਰ ਵੱਲੋਂ ਕੋਈ ਕਾਨੂੰਨੀ ਬੈਨ ਨਹੀਂ, ਸਗੋਂ ਯੂਨੀਵਰਸਿਟੀਆਂ ਵੱਲੋਂ ਚੁੱਕਿਆ ਗਿਆ ਹੈ ਕਦਮ**

ਵਿਦਿਆਰਥੀਆਂ ’ਤੇ ਲਗਾਈ ਗਈ ਹੈ, ਜੋ ‘ਹਾਈ ਰਿਸਕ’ ਪ੍ਰੋਫਾਈਲ ਵਿਚ ਆਉਂਦੇ ਹਨ। ਕਈ ਯੂਨੀਵਰਸਿਟੀਆਂ ਨੇ ਆਪਣੇ ਰਿਕਰੂਟਮੈਂਟ ਏਜੰਟਾਂ ਨੂੰ ਵੀ ਸਖ਼ਤ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ ਕਿ ਇਨ੍ਹਾਂ ਸੂਬਿਆਂ ਤੋਂ ਅਰਜ਼ੀਆਂ ਨਾ ਭੇਜੀਆਂ ਜਾਣ।

ਇੱਥੇ ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਇਹ ਯੂ.ਕੇ. ਸਰਕਾਰ ਵੱਲੋਂ ਲਗਾਇਆ ਗਿਆ ਕੋਈ ਕਾਨੂੰਨੀ ਬੈਨ ਨਹੀਂ ਹੈ, ਸਗੋਂ ਯੂਨੀਵਰਸਿਟੀਆਂ ਨੇ ਆਪਣੇ ਪੱਧਰ ’ਤੇ ਇਹ ਕਦਮ ਚੁੱਕਿਆ ਹੈ, ਤਾਂ ਜੋ ਉਨ੍ਹਾਂ ਦੇ ਲਾਇਸੈਂਸ ਨੂੰ ਖ਼ਤਰਾ ਨਾ ਪੈਦਾ ਹੋਵੇ। ਮਾਹਿਰਾਂ ਦਾ ਕਹਿਣਾ ਹੈ ਕਿ ਜਿਹੜੇ ਵਿਦਿਆਰਥੀ ਸੱਚਮੁੱਚ ਪੜ੍ਹਨਾ ਚਾਹੁੰਦੇ ਹਨ, ਉਨ੍ਹਾਂ ਨੂੰ ਹੁਣ ਬਹੁਤ ਜ਼ਿਆਦਾ ਸਾਵਧਾਨ ਰਹਿਣ ਦੀ ਲੋੜ ਹੈ। ਉਹ ਸਿਰਫ਼ ਮਾਨਤਾ ਪ੍ਰਾਪਤ ਯੂਨੀਵਰਸਿਟੀਆਂ ਵਿਚ ਹੀ ਅਪਲਾਈ ਕਰਨ ਅਤੇ ਆਪਣੇ ਸਾਰੇ ਦਸਤਾਵੇਜ਼ ਅਸਲੀ ਰੱਖਣ। ਗਲਤ ਏਜੰਟਾਂ ਦੇ ਝਾਂਸੇ ਵਿਚ ਆ ਕੇ ਫ਼ਰਜ਼ੀ ਕਾਗਜ਼ ਲਗਾਉਣਾ ਤੁਹਾਡੇ ਭਵਿੱਖ ਲਈ ਹਮੇਸ਼ਾ ਲਈ ਰਸਤੇ ਬੰਦ ਕਰ ਸਕਦਾ ਹੈ।

# ਆਪ੍ਰੇਸ਼ਨ ਸੰਧੂਰ: ਭਾਰਤ ਵੱਲੋਂ ਪਾਕਿ ਦੇ ਪ੍ਰਮੁੱਖ ਪ੍ਰਮਾਣੂ ਭੰਡਾਰ ਕਿਰਾਨਾ ਹਿੱਲਸ ’ਤੇ ਕੀਤਾ ਗਿਆ ਸੀ ਹਮਲਾ

**ਅੰਮ੍ਰਿਤਸਰ, (ਪੰਜਾਬ ਮੇਲ)**- ਪਿਛਲੇ ਸਾਲ ਭਾਰਤ ਵੱਲੋਂ ਪਾਕਿਸਤਾਨ ਵਿਰੁੱਧ ਸ਼ੁਰੂ ਕੀਤੇ ਗਏ ‘ਆਪ੍ਰੇਸ਼ਨ ਸੰਧੂਰ’ ਬਾਰੇ ਮਸ਼ਹੂਰ ਆਸਟ੍ਰੇਲੀਆਈ ਹਵਾਬਾਜ਼ੀ ਮਾਹਿਰ ਟੌਮ ਕੂਪਰ ਨੇ ਵੱਡਾ ਦਾਅਵਾ ਕਰਦਿਆਂ ਕਿਹਾ ਹੈ ਕਿ ਭਾਰਤ ਨੇ ਪਾਕਿ ਦੇ ਸਰਗੋਧਾ ਦੀ ਕਿਰਾਨਾ ਹਿਲਸ ’ਚ ਪ੍ਰਮੁੱਖ ਪ੍ਰਮਾਣੂ ਭੰਡਾਰਨ ਸਥਾਨ ’ਤੇ ਹਮਲਾ ਕੀਤਾ ਸੀ। ਇਸ ਤੋਂ ਬਾਅਦ ਹੀ ਪਾਕਿ ਨੇ ਜੰਗਬੰਦੀ ਦੀਆਂ ਮਿੰਨਤਾਂ ਕਰਨੀਆਂ ਸ਼ੁਰੂ ਕੀਤੀਆਂ। ਹਾਲਾਂਕਿ, ਟੌਮ ਕੂਪਰ ਨੇ ਹੈਰਾਨੀ ਵੀ ਪ੍ਰਗਟ ਕੀਤੀ ਕਿ ਭਾਰਤੀ ਹਵਾਈ ਫੌਜ ਨੇ ਅਧਿਕਾਰਤ ਤੌਰ ’ਤੇ ਅਜਿਹੇ ਹਮਲੇ ਤੋਂ ਇਨਕਾਰ ਕਿਉਂ ਕੀਤਾ। ਉਨ੍ਹਾਂ ਅਨੁਸਾਰ ਸਬੂਤ ਇੰਨੇ ਸਪੱਸ਼ਟ ਹਨ ਕਿ ਇਨ੍ਹਾਂ ਤੋਂ ਇਨਕਾਰ ਕਰਨਾ ਸੂਰਜ ਚੜ੍ਹਨ ਤੋਂ ਇਨਕਾਰ ਕਰਨ ਵਾਂਗ ਹੈ ਤੇ ਉਨ੍ਹਾਂ ਕੋਲ ਇਸ ਦੇ ਠੋਸ ਸਬੂਤ ਹਨ। ਕੂਪਰ ਅਨੁਸਾਰ ਭਾਰਤੀ ਹਵਾਈ ਫੌਜ ਨੇ ਪਾਕਿ ਦੇ ਕਿਰਾਨਾ ਹਿਲਸ ਨੂੰ ਨਿਸ਼ਾਨਾ ਬਣਾਇਆ, ਜੋ ਕਿ ਪਾਕਿਸਤਾਨ ਦੇ ਪ੍ਰਮਾਣੂ ਪ੍ਰੋਗਰਾਮ ਲਈ ਮਹੱਤਵਪੂਰਨ ਮੰਨਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਸ ਹਮਲੇ ਤੋਂ ਬਾਅਦ ਪਾਕਿ ਦੀ ਸਥਿਤੀ ਕਾਫ਼ੀ ਕਮਜ਼ੋਰ ਹੋ ਗਈ। ਨਤੀਜੇ ਵਜੋਂ ਪਾਕਿ ਨੇ ਟਕਰਾਅ ਰੋਕਣ ਦੀ ਕੋਸ਼ਿਸ਼ ਕਰਨ ਲਈ ਅਮਰੀਕਾ ਤੇ ਭਾਰਤ ਨਾਲ ਸੰਪਰਕ ਕੀਤਾ। ਕੂਪਰ ਅਨੁਸਾਰ ਇਹ ਹਮਲਾ ਇਕ ਸਪੱਸ਼ਟ ਸੰਦੇਸ਼ ਸੀ ਕਿ ਭਾਰਤ ਕਿਤੇ ਵੀ ਤੇ ਜਦੋਂ ਚਾਹੇ ਹਮਲਾ ਕਰ ਸਕਦਾ ਹੈ। ਉਨ੍ਹਾਂ ਦੱਸਿਆ ਕਿ ਪਾਕਿਸਤਾਨੀ ਨਾਗਰਿਕਾਂ ਦੁਆਰਾ ਬਣਾਏ ਗਏ ਵੀਡੀਓਜ਼ ’ਚ ਪਹਾੜੀਆਂ ਵੱਲ ਜਾਂਦੇ ਮਿਜ਼ਾਈਲਾਂ ਦੇ ਨਿਸ਼ਾਨ (ਕਾਂਟਰੇਲ) ਸਾਫ਼ ਵਿਖਾਈ ਦਿੰਦੇ ਸਨ। ਇਸ



ਤੋਂ ਇਲਾਵਾ ਉੱਥੇ ਰਡਾਰ ਸਟੇਸ਼ਨ ਤੋਂ ਉੱਠਦਾ ਧੂੰਆਂ ਵੀ ਹਮਲੇ ਵੱਲ ਇਸ਼ਾਰਾ ਕਰਦਾ ਸੀ। ਕੂਪਰ ਅਨੁਸਾਰ ਭਾਰਤ ਨੇ ਪਹਿਲਾਂ ਪਾਕਿ ਦੇ ਰਡਾਰ ਸਿਸਟਮ ਨੂੰ ਨਿਸ਼ਾਨਾ ਬਣਾਇਆ ਤਾਂ ਕਿ ਜਵਾਬੀ ਕਾਰਵਾਈ ਕਮਜ਼ੋਰ ਹੋ ਜਾਵੇ। ਇਸ ਤੋਂ ਬਾਅਦ ਭੂਮੀਗਤ ਸਟੋਰੇਜ ਸਹੂਲਤਾਂ ਦੇ ਪ੍ਰਵੇਸ਼ ਦੁਆਰ ’ਤੇ ਹਮਲਾ ਕੀਤਾ ਗਿਆ। ਕੂਪਰ ਨੇ ਇਹ ਵੀ ਕਿਹਾ ਕਿ ਪਾਕਿ ’ਚ ਉਸ ਦੇ ਨਿੱਜੀ ਸੰਪਰਕਾਂ ਨੇ ਸਾਈਟ ’ਤੇ ਹਮਲੇ ਦੀ ਪੁਸ਼ਟੀ ਕੀਤੀ। ਟੌਮ ਕੂਪਰ ਦਾ ਕਹਿਣਾ ਹੈ ਕਿ ਪਾਕਿ ਦਾ ਜਵਾਬੀ ਹਮਲਾ ਅਸਫਲ ਰਿਹਾ। ਉਸ ਦੀਆਂ ਮਿਜ਼ਾਈਲਾਂ ਤੇ ਡਰੋਨਾਂ ਨੂੰ ਭਾਰਤ ਨੇ ਰੋਕ ਦਿੱਤਾ ਤੇ ਕਈ ਪਾਕਿਸਤਾਨੀ ਲੜਾਕੂ ਜਹਾਜ਼ਾਂ ਨੂੰ ਡੇਗ ਦਿੱਤਾ ਗਿਆ। ਇਸ ਤੋਂ ਬਾਅਦ ਭਾਰਤ ਨੇ ਪਾਕਿ ਦੇ ਕਈ ਏਅਰਬੇਸਾਂ ’ਤੇ ਹਮਲਾ ਕੀਤਾ। ਉਨ੍ਹਾਂ ਦਾ ਮੰਨਣਾ ਹੈ ਕਿ ਹਮਲੇ ’ਚ ਬਹੁਤ ਸਾਰੇ ਆਧੁਨਿਕ ਹਥਿਆਰ ਵਰਤੇ ਗਏ ਸਨ। ਇਨ੍ਹਾਂ ’ਚ ਸੁਖੋਈ-30 ਤੋਂ ਬ੍ਰਹਮੋਸ ਮਿਜ਼ਾਈਲ, ਰਾਫੇਲ ਤੋਂ ਸਕੈਲਪ ਮਿਜ਼ਾਈਲ ਤੇ ਜੈਗੁਆਰ ਤੋਂ ਰੈਂਪੇਜ ਮਿਜ਼ਾਈਲ ਵਰਤੀ ਗਈ।

# ਫਰਾਂਸ ਸਰਕਾਰ ਵੱਲੋਂ ਭਾਰਤੀ ਵਿਦਿਆਰਥੀਆਂ ਲਈ ਵੀਜ਼ਾ ਪ੍ਰਕਿਰਿਆ ਆਸਾਨ ਬਣਾਉਣ ਦਾ ਐਲਾਨ

**ਪੈਰਿਸ, (ਪੰਜਾਬ ਮੇਲ)**- ਅਮਰੀਕਾ-ਕੈਨੇਡਾ ਵੱਲੋਂ ਆਪਣੇ ਇਮੀਗ੍ਰੇਸ਼ਨ ਨਿਯਮਾਂ ’ਚ ਸਖਤੀ ਕੀਤੀ ਜਾ ਰਹੀ ਹੈ, ਉੱਥੇ ਹੀ ਫਰਾਂਸ ਸਰਕਾਰ ਵੱਲੋਂ ਭਾਰਤੀ ਵਿਦਿਆਰਥੀਆਂ ਨੂੰ ਆਪਣੇ ਦੇਸ਼ ਵਿਚ ਪੜ੍ਹਾਈ ਕਰਨ ਲਈ ਆਕਰਸ਼ਿਤ ਕਰਨ ਵਾਸਤੇ ਵੀਜ਼ਾ ਪ੍ਰਕਿਰਿਆ ਨੂੰ ਬੇਹੱਦ ਆਸਾਨ ਬਣਾਉਣ ਦਾ ਐਲਾਨ ਕੀਤਾ ਗਿਆ ਹੈ। ਰਾਸ਼ਟਰਪਤੀ ਇਮੈਨੁਅਲ ਮੈਕਰੋਂ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਚਕਾਰ ਹੋਈ ਤਾਜ਼ਾ ਗੱਲਬਾਤ ਤੋਂ ਬਾਅਦ ਇਹ ਸਪੱਸ਼ਟ ਹੋ ਗਿਆ ਹੈ ਕਿ ਫਰਾਂਸ ਹੁਣ ਭਾਰਤੀ ਪ੍ਰਤਿਭਾ ਲਈ ਆਪਣੇ ਵਿੱਦਿਅਕ ਅਦਾਰਿਆਂ ਦੇ ਰਾਹ ਹੋਰ ਸੁਖਾਲੇ ਕਰ ਰਿਹਾ ਹੈ।

ਫਰਾਂਸ ਸਰਕਾਰ ਨੇ ਸਾਲ 2030 ਤੱਕ 30,000 ਭਾਰਤੀ ਵਿਦਿਆਰਥੀਆਂ ਨੂੰ ਫਰੈਂਚ ਯੂਨੀਵਰਸਿਟੀਆਂ ਵਿਚ ਦਾਖਲਾ ਦੇਣ ਦਾ ਟੀਚਾ ਰੱਖਿਆ ਹੈ। ਫਰਾਂਸ ਤੋਂ ਮਾਸਟਰਜ਼ ਜਾਂ ਉਸ ਤੋਂ ਉੱਚੀ ਡਿਗਰੀ ਕਰਨ ਵਾਲੇ ਭਾਰਤੀ ਵਿਦਿਆਰਥੀਆਂ ਨੂੰ ਹੁਣ 5 ਸਾਲ ਦਾ ਲੰਬੀ ਮਿਆਦ ਵਾਲਾ ‘ਪੋਸਟ-ਸਟੱਡੀ’ ਸ਼ੈਨੇਗਨ ਵੀਜ਼ਾ ਦਿੱਤਾ ਜਾਵੇਗਾ, ਜਿਸ ਦਾ ਮਤਲਬ ਹੈ ਕਿ ਪੜ੍ਹਾਈ ਖ਼ਤਮ ਹੋਣ ਤੋਂ ਬਾਅਦ ਵੀ ਵਿਦਿਆਰਥੀ ਉੱਥੇ ਰਹਿ ਕੇ ਕੰਮ ਕਰ ਸਕਣਗੇ ਅਤੇ ਯੂਰਪੀ ਯੂਨੀਅਨ ਦੇ ਹੋਰ ਦੇਸ਼ਾਂ ਵਿਚ ਵੀ ਜਾ ਸਕਣਗੇ।

ਵੀਜ਼ਾ ਅਰਜ਼ੀਆਂ ਦੇ ਨਿਪਟਾਰੇ ਲਈ ਸਮੇਂ ਨੂੰ ਘਟਾਇਆ ਗਿਆ ਹੈ ਅਤੇ ਕਾਗਜ਼ੀ ਕਾਰਵਾਈ ਨੂੰ ਡਿਜੀਟਲ ਤੇ ਤੇਜ਼ ਬਣਾਇਆ ਗਿਆ ਹੈ। ਫਰਾਂਸ ਨੇ ਵਿਸ਼ੇਸ਼ ਤੌਰ ’ਤੇ ਭਾਰਤੀ ਵਿਦਿਆਰਥੀਆਂ ਲਈ ‘ਇੰਟਰਨੈਸ਼ਨਲ ਕਲਾਸਾਂ’ ਸ਼ੁਰੂ ਕੀਤੀਆਂ ਹਨ। ਇਨ੍ਹਾਂ ਕਲਾਸਾਂ ਵਿਚ ਵਿਦਿਆਰਥੀਆਂ ਨੂੰ ਪਹਿਲਾਂ ਫਰੈਂਚ ਭਾਸ਼ਾ ਸਿਖਾਈ ਜਾਵੇਗੀ ਅਤੇ ਹੋਰ ਜ਼ਰੂਰੀ ਟ੍ਰੇਨਿੰਗ ਦਿੱਤੀ ਜਾਵੇਗੀ, ਤਾਂ ਜੋ ਉਨ੍ਹਾਂ ਨੂੰ ਕੋਰਸ ਦੌਰਾਨ ਕੋਈ ਦਿੱਕਤ ਨਾ ਆਵੇ।

Editorial Board

Chief Editor
Gurjatinder S. Randhawa

Distributor
Jai Singh

Website
Madhu Shardha


Sub Editors
Sandeep Kumar
Amit
Ishu Hallan
Vijay
Surbhi Sharma
Ranjit Singh

Punjab Mail USA
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਅਫ਼ਗਾਨਿਸਤਾਨ ਵੱਲੋਂ ਪਾਕਿਸਤਾਨ ਨੂੰ ਏਅਰਸਟ੍ਰਾਈਕ ਦਾ ਬਦਲਾ ਲੈਣ ਦੀ ਚਿਤਾਵਨੀ

**ਕਾਬੁਲ/ਇਸਲਾਮਾਬਾਦ, (ਪੰਜਾਬ ਮੇਲ)-** ਅਫ਼ਗਾਨ ਤਾਲਿਬਾਨ ਪ੍ਰਸ਼ਾਸਨ ਨੇ ਐਤਵਾਰ ਨੂੰ ਕਿਹਾ ਕਿ ਉਹ ਪਾਕਿਸਤਾਨ ਦੇ ਹਵਾਈ ਹਮਲਿਆਂ ਦਾ ਮੁਲਾਂਕਣ ਕਰ ਰਿਹਾ ਹੈ ਅਤੇ ਬਦਲਾ ਲੈਣ ਦੀ ਚੇਤਾਵਨੀ ਦਿੱਤੀ ਹੈ। ਇਸ ਘਟਨਾ ਤੋਂ ਬਾਅਦ ਅਫ਼ਗਾਨ-ਪਾਕਿਸਤਾਨ ਸਰਹੱਦ 'ਤੇ ਤਣਾਅ ਇੱਕ ਵਾਰ ਫਿਰ ਵਧਦਾ ਜਾ ਰਿਹਾ ਹੈ। ਇੱਕ ਬਿਆਨ ਵਿਚ ਅਫ਼ਗਾਨ ਤਾਲਿਬਾਨ ਸਰਕਾਰ ਦੇ ਬੁਲਾਰੇ ਜ਼ਬੀਉੱਲਾ ਮੁਜਾਹਿਦ ਨੇ ਪਾਕਿਸਤਾਨ 'ਤੇ ਅਫਗਾਨ ਪ੍ਰਭੂਸੱਤਾ ਦੀ ਉਲੰਘਣਾ ਕਰਨ ਅਤੇ ਮਾਸੂਮ ਨਾਗਰਿਕਾਂ 'ਤੇ ਹਮਲਾ ਕਰਨ ਦਾ ਦੋਸ਼ ਲਗਾਇਆ।






# ਕੈਨੇਡਾ ਨੇ 2025 'ਚ ਨਿਯਮਾਂ ਦੀ ਉਲੰਘਣਾ ਕਾਰਨ 18 ਹਜ਼ਾਰ ਤੋਂ ਵੱਧ ਲੋਕਾਂ ਨੂੰ ਦੇਸ਼ 'ਚੋਂ ਕੱਢਿਆ

**ਨਵੀਂ ਦਿੱਲੀ, (ਪੰਜਾਬ ਮੇਲ)-** ਕੈਨੇਡਾ ਨੇ 2025 ਦੇ ਪਹਿਲੇ 10 ਮਹੀਨਿਆਂ ਵਿਚ 18,500 ਤੋਂ ਵੱਧ ਲੋਕਾਂ ਨੂੰ ਦੇਸ਼ ਵਿਚੋਂ ਬਾਹਰ ਕੱਢਿਆ ਹੈ। ਇਸ ਵਿਚ ਸਭ ਤੋਂ ਵੱਧ 3,972 ਲੋਕ ਮੈਕਸੀਕੋ ਦੇ ਸਨ। ਜਦਕਿ ਦੂਜੇ ਨੰਬਰ 'ਤੇ ਭਾਰਤ ਰਿਹਾ, 2025 ਅਕਤੂਬਰ ਤੱਕ ਕੈਨੇਡਾ ਤੋਂ 2,831 ਭਾਰਤੀ ਨਾਗਰਿਕਾਂ ਨੂੰ ਕੱਢਿਆ ਗਿਆ।

ਦਰਅਸਲ, ਇਹ ਅੰਕੜਾ ਕੈਨੇਡੀਅਨ ਬਾਰਡਰ ਸਰਵਿਸਿਜ਼ ਏਜੰਸੀ (ਸੀ.ਬੀ.ਐੱਸ.ਏ.) ਵੱਲੋਂ ਜਾਰੀ ਕੀਤਾ ਗਿਆ ਹੈ। ਕੈਨੇਡਾ ਵਿਚੋਂ ਕੱਢੇ ਗਏ ਲੋਕਾਂ ਵਿਚੋਂ ਵੱਡੀ ਗਿਣਤੀ ਵਿਚ ਅਜਿਹੇ ਲੋਕ ਸਨ, ਜਿਨ੍ਹਾਂ ਵਿਰੁੱਧ ਅਪਰਾਧਿਕ ਮਾਮਲੇ ਦਰਜ ਸਨ। ਪਰ ਇਸ ਵਿਚ ਦੇਸ਼ ਨਿਕਾਲਾ ਦਿੱਤੇ ਜਾਣ ਦਾ ਸਭ ਤੋਂ ਵੱਡਾ ਕਾਰਨ ਸ਼ਰਨਾਰਥੀ ਬਿਨੈਕਾਰਾਂ ਵੱਲੋਂ ਨਿਯਮਾਂ ਦੀ ਪਾਲਣਾ ਨਾ ਕਰਨਾ ਰਿਹਾ।

ਕੈਨੇਡਾ ਨੇ ਹੁਣ ਤੱਕ 2,831 ਭਾਰਤੀ ਨਾਗਰਿਕਾਂ ਨੂੰ ਦੇਸ਼ ਵਿਚੋਂ ਕੱਢ ਦਿੱਤਾ ਹੈ। ਇੰਨਾ ਹੀ ਨਹੀਂ, ਕੈਨੇਡਾ ਵੱਲੋਂ ਅਜੇ ਵੀ 29,542 ਹੋਰ ਲੋਕਾਂ ਨੂੰ ਕੱਢਣ ਦੀ ਪ੍ਰਕਿਰਿਆ ਜਾਰੀ ਹੈ, ਜਿਨ੍ਹਾਂ ਵਿਚ 6,515 ਭਾਰਤੀ ਵੀ ਸ਼ਾਮਲ ਹਨ। ਭਾਵ ਕੁੱਲ ਮਿਲਾ ਕੇ ਆਉਣ ਵਾਲੇ ਸਮੇਂ ਵਿਚ ਹੋਰ ਵੀ ਭਾਰਤੀਆਂ 'ਤੇ ਕਾਰਵਾਈ ਹੋ ਸਕਦੀ ਹੈ।

ਇਮੀਗ੍ਰੇਸ਼ਨ ਨਿਯਮਾਂ ਤਹਿਤ, ਕੈਨੇਡਾ 'ਚ ਤਿੰਨ ਤਰੀਕਿਆਂ ਨਾਲ ਲੋਕਾਂ ਨੂੰ ਦੇਸ਼ ਨਿਕਾਲਾ ਦਿੱਤਾ ਜਾਂਦਾ ਹੈ: ਡਿਪਾਰਚਰ ਆਰਡਰ, ਐਕਸਕਲੂਜ਼ਨ ਆਰਡਰ ਅਤੇ ਡਿਪੋਰਟੇਸ਼ਨ ਆਰਡਰ। ਸਾਲ 2025 ਵਿਚ, ਕੈਨੇਡਾ ਨੇ ਡਿਪਾਰਚਰ ਆਰਡਰ ਰਾਹੀਂ 3,982 ਲੋਕਾਂ ਨੂੰ, ਐਕਸਕਲੂਜ਼ਨ ਆਰਡਰ ਰਾਹੀਂ 5,821 ਲੋਕਾਂ ਨੂੰ ਅਤੇ ਡਿਪੋਰਟੇਸ਼ਨ ਆਰਡਰ ਰਾਹੀਂ 8,982 ਲੋਕਾਂ ਨੂੰ ਬਾਹਰ ਕੱਢਿਆ।




ਡਿਪਾਰਚਰ ਆਰਡਰ ਜਿਸ ਵਿਅਕਤੀ 'ਤੇ ਲਾਗੂ ਹੁੰਦਾ ਹੈ, ਉਸ ਨੂੰ 30 ਦਿਨਾਂ ਦੇ ਅੰਦਰ ਕੈਨੇਡਾ ਛੱਡਣਾ ਪੈਂਦਾ ਹੈ। ਜੇਕਰ ਉਹ ਇਸ ਸਮੇਂ ਦੌਰਾਨ ਦੇਸ਼ ਨਹੀਂ ਛੱਡਦਾ, ਤਾਂ ਇਹ ਹੁਕਮ ਆਪਣੇ ਆਪ 'ਡਿਪੋਰਟੇਸ਼ਨ ਆਰਡਰ' ਵਿਚ ਬਦਲ ਜਾਂਦਾ ਹੈ। ਐਕਸਕਲੂਜ਼ਨ ਆਰਡਰ ਜਿਸ ਵਿਅਕਤੀ 'ਤੇ ਲਾਗੂ ਹੁੰਦਾ ਹੈ, ਉਸ ਨੂੰ ਇਕ ਸਾਲ ਤੱਕ ਕੈਨੇਡਾ ਵਾਪਸ ਆਉਣ ਦੀ ਇਜਾਜ਼ਤ ਨਹੀਂ ਹੁੰਦੀ। ਜੇਕਰ ਮਾਮਲਾ ਗਲਤ ਜਾਣਕਾਰੀ ਦੇਣ ਨਾਲ ਸਬੰਧਤ ਹੋਵੇ, ਤਾਂ ਵਾਪਸੀ 'ਤੇ 5 ਸਾਲ ਤੱਕ ਦੀ ਪਾਬੰਦੀ ਲੱਗ ਸਕਦੀ ਹੈ।

ਇਹ ਕੈਨੇਡਾ ਦਾ ਸਭ ਤੋਂ ਸਖ਼ਤ ਹੁਕਮ ਹੁੰਦਾ ਹੈ। ਜਿਸ 'ਤੇ ਇਹ ਲਾਗੂ ਹੁੰਦਾ ਹੈ, ਉਸ ਦੇ ਕੈਨੇਡਾ ਵਾਪਸ ਆਉਣ 'ਤੇ ਸਥਾਈ ਤੌਰ 'ਤੇ ਪਾਬੰਦੀ ਲੱਗ ਜਾਂਦੀ ਹੈ। ਦੁਬਾਰਾ ਆਉਣ ਲਈ ਵਿਸ਼ੇਸ਼ ਲਿਖਤੀ ਇਜਾਜ਼ਤ ਲੈਣੀ ਜ਼ਰੂਰੀ ਹੁੰਦੀ ਹੈ।

ਸਫਾ 1 ਦਾ ਬਾਕੀ

## ਸ਼੍ਰੋਮਣੀ ਕਮੇਟੀ ਨੇ ਪਾਕਿਸਤਾਨ ਜਾਣ ...

ਉਨ੍ਹਾਂ ਕਿਹਾ ਕਿ ਜਥੇ ਵਿਚ ਜਾਣ ਦੇ ਚਾਹਵਾਨ ਸ਼ਰਧਾਲੂ ਆਪਣੇ ਪਾਸਪੋਰਟਾਂ ਦੇ ਨਾਲ ਮੈਂਬਰ ਸ਼੍ਰੋਮਣੀ ਕਮੇਟੀ ਦੀ ਸਿਫਾਰਸ਼ ਸਹਿਤ ਆਪਣਾ ਪਛਾਣ ਪੱਤਰ ਵੀ ਜਮ੍ਹਾਂ ਕਰਵਾਉਣ। ਪਛਾਣ ਪੱਤਰ ਲਈ ਰਾਸ਼ਨ ਕਾਰਡ, ਆਧਾਰ ਕਾਰਡ ਜਾਂ ਵੋਟਰ ਕਾਰਡ ਦੀ ਕਾਪੀ ਦਿੱਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਸ਼ਰਧਾਲੂ ਆਪਣੇ ਪਾਸਪੋਰਟ ਸਮੇਂ ਸਿਰ ਜਮ੍ਹਾਂ ਕਰਵਾਉਣ, ਤਾਂ ਜੋ ਅਗਲੀ ਕਾਰਵਾਈ ਲਈ ਭੇਜੇ ਜਾ ਸਕਣ।

ਸਫਾ 1 ਦਾ ਬਾਕੀ

## ਏ.ਐੱਸ.ਆਈ. ਅਤੇ ਹੋਮਗਾਰਡ ...

ਹਾਲਾਂਕਿ, ਸੋਸ਼ਲ ਮੀਡੀਆ 'ਤੇ 'ਤਹਿਰੀਕ-ਏ-ਤਾਲੀਬਾਨ ਹਿੰਦੁਸਤਾਨ' (ਟੀ.ਟੀ.ਐੱਚ.) ਨਾਮਕ ਸੰਗਠਨ ਨੇ ਇਸ ਹਮਲੇ ਦੀ ਜ਼ਿੰਮੇਵਾਰੀ ਲਈ ਸੀ ਪਰ ਪੁਲਿਸ ਅਤੇ ਸੁਰੱਖਿਆ ਏਜੰਸੀਆਂ ਫਿਲਹਾਲ ਇਸ ਦਾਅਵੇ ਨੂੰ ਸ਼ੱਕੀ ਮੰਨ ਰਹੀਆਂ ਹਨ।

ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਆਦੀਆ ਨੇੜੇ ਇੱਕ ਪੁਲਸ ਚੌਕੀ 'ਤੇ ਦੋ ਪੁਲਸ ਅਧਿਕਾਰੀਆਂ ਦੇ ਹਾਲ ਹੀ 'ਚ ਹੋਏ ਕਤਲ ਨੇ ਪੂਰੇ ਖੇਤਰ ਵਿੱਚ ਹੜਕੰਪ ਮਚਾ ਦਿੱਤਾ। ਹੋਮ ਗਾਰਡ ਜਵਾਨ ਅਸ਼ੋਕ ਕੁਮਾਰ ਅਤੇ ਪੰਜਾਬ ਪੁਲਸ ਦੇ ਏਐੱਸਆਈ ਗੁਰਨਾਮ ਸਿੰਘ ਦੀ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ।




# ਦੱਖਣ, ਪੂਰਬੀ ਰਾਜਾਂ ਵਿੱਚ ਚੋਣਾਂ ਦਾ ਘਮਸਾਣ

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA



ਭਾਰਤ ਦੇ ਪੂਰਬੀ ਹਿੱਸੇ ਦੇ ਮਹੱਤਵਪੂਰਣ ਸੂਬੇ ਪੱਛਮੀ ਬੰਗਾਲ ਵਿਚ ਸਿਆਸੀ ਧਿਰ ਤ੍ਰਿਣਮੂਲ ਕਾਂਗਰਸ ਦੀ ਤਿੰਨ ਵਾਰ ਚੁਣੀ ਗਈ ਮੁੱਖ ਮੰਤਰੀ ਚੋਣ ਮੋਰਚੇ 'ਤੇ ਅਡਿੱਗ ਖੜ੍ਹੀ ਦਿਖਾਈ ਦੇ ਰਹੀ ਹੈ, ਜਦਕਿ ਦੇਸ਼ ਦੇ ਦੱਖਣੀ ਸੂਬੇ ਤਮਿਲਨਾਡੂ 'ਚ ਡੀ.ਐੱਮ.ਕੇ. ਅਤੇ ਅੰਨਾ.ਡੀ.ਐੱਮ.ਕੇ. ਵਿਚਕਾਰ ਸਖ਼ਤ ਟੱਕਰ ਹੈ। ਭਾਜਪਾ ਬੰਗਾਲ ਵਿਚ ਕਿਸੇ ਮਜ਼ਬੂਤ ਚਿਹਰੇ ਦੀ ਤਲਾਸ਼ ਵਿਚ ਹੈ।

ਬੰਗਾਲ ਦੀ ਸਿਆਸੀ ਹਵਾ ਵਿਚ ਮਹਿਲਾ, ਮੁਸਲਿਮ, ਮਸਜ਼ਿਦ, ਮੰਦਰ, ਮਟਨ, ਮੱਛਲੀ, ਮਨੀ ਪਾਵਰ, ਮਸਲ ਪਾਵਰ, ਮਮਤਾ ਅਤੇ ਮੋਦੀ ਹਾਵੀ ਹਨ। ਤ੍ਰਿਣਮੂਲ ਕਾਂਗਰਸ ਦੀ ਕੋਸ਼ਿਸ਼ ਚੋਣਾਂ ਵਿਚ ਦੀਦੀ ਬਨਾਮ ਮੋਦੀ ਬਣਾਉਣ ਦੀ ਹੈ, ਜਦਕਿ ਮੁੱਖ ਮੁਕਾਬਲੇ ਵਿਚ ਖੜ੍ਹੀ ਭਾਜਪਾ ਚੋਣਾਂ, ਹਿੰਦੂ-ਮਸਲਿਮ ਘੁਸਪੈਠ ਅਤੇ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਲੜਨ ਦੀ ਚਾਹਵਾਨ ਹੈ।

ਦੱਖਣ ਦੇ ਮਹੱਤਵਪੂਰਨ ਸੂਬੇ ਤਾਮਿਲਨਾਡੂ 'ਚ ਪਿਛਲੇ ਪੰਜ ਦਹਾਕਿਆਂ ਤੋਂ ਕੋਈ ਵੀ ਰਾਸ਼ਟਰ ਪਾਰਟੀ ਸੂਬਾ ਸਰਕਾਰ ਨਾ ਬਣਾ ਸਕੀ ਅਤੇ ਨਾ ਹੀ ਕਿਸੇ ਗਠਬੰਧਨ ਦੇ ਬਾਵਜੂਦ ਸੱਤਾ 'ਚ ਸ਼ਾਮਲ ਹੋ ਸਕੀ ਹੈ। ਡੀ.ਐੱਮ.ਕੇ. ਅਤੇ ਅੰਨਾ ਡੀ.ਐੱਮ.ਕੇ. 'ਚ ਸੂਬੇ ਦੀ ਸੱਤਾ ਲਈ ਲੜਾਈ ਹੁੰਦੀ ਰਹੀ ਹੈ।

ਮਈ 2026 ਵਿਚ ਦੱਖਣੀ ਸੂਬਿਆਂ ਕੇਰਲਾ ਅਤੇ ਤਾਮਿਲਨਾਡੂ 'ਚ ਵਿਧਾਨ ਸਭਾ ਚੋਣ ਹੈ। ਕੇਰਲ ਵਿਚ ਖੱਬੀ ਲੋਕਤੰਤਰਿਕ ਧਿਰ ਅਤੇ ਤਾਮਿਲਨਾਡੂ 'ਚ ਡੀ.ਐੱਮ.ਕੇ., ਦਾ ਰਾਜ-ਭਾਗ ਹੈ। ਪੂਰਬੀ ਸੂਬੇ ਬੰਗਾਲ ਵਿਚ ਚੋਣਾਂ ਮਈ 'ਚ ਤਹਿ ਹਨ। ਉੱਤਰੀ ਪੂਰਬੀ ਸੂਬੇ ਅਸਾਮ ਅਤੇ ਪਾਂਡੀਚੇਰੀ 'ਚ ਵਿਧਾਨ ਸਭਾ ਚੋਣਾਂ ਮਈ 2026 'ਚ ਨਿਰਧਾਰਤ ਹਨ। ਅਸਾਮ 'ਚ ਭਾਜਪਾ ਅਤੇ ਪਾਂਡੀਚੇਰੀ 'ਚ ਆਲ ਇੰਡੀਆ ਐੱਨ.ਆਰ. ਕਾਂਗਰਸ ਅਤ ਭਾਜਪਾ ਭਾਈਵਾਲੀ ਨਾਲ ਰਾਜ ਕਰ ਰਹੇ ਹਨ।

ਭਾਰਤੀ ਚੋਣ ਕਮਿਸ਼ਨ ਵੱਲੋਂ ਐੱਸ.ਆਈ.ਆਰ. ਕਾਰਨ ਸਿਆਸੀ ਪਾਰਾ ਵਧਦਾ ਰਿਹਾ। ਸੂਬੇ ਦਾ ਪੱਖ ਪੇਸ਼ ਕਰਨ ਲਈ ਮੁੱਖ ਮੰਤਰੀ ਮਮਤਾ ਬੈਨਰਜੀ ਦੇਸ਼ ਦੀ ਸਰਵਉੱਚ ਅਦਾਲਤ ਸੁਪਰੀਮ ਕੋਰਟ ਵਿਚ ਨਿੱਜੀ ਤੌਰ 'ਤੇ ਪੇਸ਼ ਹੋਈ, ਕਿਉਂਕਿ ਭਾਜਪਾ ਵੱਲੋਂ ਤ੍ਰਿਣਮੂਲ ਕਾਂਗਰਸ ਨੂੰ ਪ੍ਰੇਸ਼ਾਨ ਕਰਨ ਲਈ ਅਤੇ ਰਾਜ ਸ਼ਕਤੀ ਪ੍ਰਾਪਤ ਕਰਨ ਲਈ ਪੂਰਾ ਤਾਣ ਲਗਾਇਆ ਜਾ ਰਿਹਾ ਹੈ। ਇਸ ਵੇਲੇ ਟੱਕਰ ਵੀ ਤ੍ਰਿਣਮੂਲ ਕਾਂਗਰਸ ਅਤੇ ਭਾਜਪਾ ਵਿਚਕਾਰ ਹੈ। ਕਦੇ ਇਹ ਟੱਕਰ ਕਾਂਗਰਸ ਅਤੇ ਖੱਬੀਆਂ ਧਿਰਾਂ ਦਰਮਿਆਨ ਹੋਇਆ ਕਰਦੀ ਸੀ। ਖੱਬੀਆਂ ਧਿਰਾਂ ਨੇ ਬੰਗਾਲ 'ਚ 34 ਸਾਲ ਰਾਜ ਕੀਤਾ। ਖੱਬੀ ਧਿਰ ਦਾ ਰਾਜ ਖ਼ਤਮ ਕਰਕੇ ਮਮਤਾ ਬੈਨਰਜੀ ਡੇਢ ਦਹਾਕੇ ਤੋਂ ਸੱਤਾ 'ਚ ਹੈ। ਕੁੱਲ ਮਿਲਾਕੇ 294 ਸੀਟਾਂ ਵਿਚੋਂ 213 ਸੀਟਾਂ 'ਤੇ ਕਾਬਜ਼ ਹੈ।

ਸਾਲ 2021 ਵਿਧਾਨ ਸਭਾ ਚੋਣ ਸਮੇਂ ਟੀ.ਐੱਮ.ਸੀ. ਨੇ 48.5 ਫ਼ੀਸਦੀ ਵੋਟ ਲਈ ਅਤੇ ਭਾਜਪਾ ਨੇ 38.5 ਫ਼ੀਸਦੀ ਵੋਟ ਪ੍ਰਾਪਤ ਕਰਕੇ 77 ਸੀਟਾਂ ਜਿੱਤੀਆਂ, ਕਾਂਗਰਸ ਅਤੇ ਖੱਬੀ ਧਿਰ ਨੂੰ ਕੋਈ ਵੀ ਸੀਟ ਨਾ ਮਿਲੀ। ਕਾਂਗਰਸ ਨੂੰ ਤਿੰਨ ਫ਼ੀਸਦੀ ਅਤੇ ਖੱਬੀ ਧਿਰ ਨੂੰ 2.7 ਫ਼ੀਸਦੀ ਵੋਟ ਮਿਲੇ ਸਨ।

ਮਮਤਾ ਬੈਨਰਜੀ ਸਰਕਾਰ ਦੇ ਸਾਹਮਣੇ ਇਸ ਵੇਲੇ ਵੱਡੀਆਂ ਚੁਣੌਤੀਆਂ ਹਨ। ਉਸਦੇ ਕਈ ਮੰਤਰੀ ਭ੍ਰਿਸ਼ਟਾਚਾਰ, ਭਰਤੀ ਘੁਟਾਲੇ ਕਾਰਨ ਵੱਡੀ ਚਰਚਾ 'ਚ ਹੈ। ਪਰ ਐੱਸ.ਆਈ.ਆਰ. ਦੇ ਮੁੱਦੇ 'ਤੇ ਤ੍ਰਿਣਮੂਲ ਕਾਂਗਰਸ ਦੇ ਵਰਕਰ ਪਿੰਡਾਂ, ਸ਼ਹਿਰਾਂ 'ਚ ਪੂਰੀ ਤਰ੍ਹਾਂ ਸਰਗਰਮ ਹਨ। ਉੱਧਰ ਭਾਜਪਾ ਵਰਕਰ ਪੂਰੀ ਤੇਜ਼ੀ ਨਾਲ ਹੁਣੇ ਤੋਂ ਹੀ ਵੋਟਰਾਂ ਕੋਲ ਘਰ-ਘਰ ਜਾ ਕੇ ਪ੍ਰਚਾਰ ਆਰੰਭ ਕਰ ਚੁੱਕੇ ਹਨ। ਭਾਵੇਂ ਤ੍ਰਿਣਮੂਲ ਕਾਂਗਰਸ ਅਤੇ ਭਾਜਪਾ ਸਿੱਧੀ ਟੱਕਰ ਵਿਚ ਹਨ, ਪਰ ਲੋਕ ਸਭਾ ਚੋਣਾਂ ਵੇਲੇ ਕਾਂਗਰਸ ਨੂੰ ਐੱਮ.ਪੀ. ਦੀ ਇੱਕ ਸੀਟ ਮਿਲੀ ਸੀ ਅਤੇ ਪੂਰੇ ਰਾਜ ਵਿਚ ਉਸ ਦੀ ਵੋਟ ਪ੍ਰਤੀਸ਼ਤ 15.7 ਹੋ ਗਈ। ਜਦਕਿ ਟੀ.ਐੱਮ.ਸੀ. 46.2 ਫ਼ੀਸਦੀ ਅਤੇ ਭਾਜਪਾ 39.1 ਫ਼ੀਸਦੀ ਵੋਟ ਪ੍ਰਾਪਤ ਕਰ ਸਕੀ। ਟੀ.ਐੱਮ.ਸੀ. ਨੇ 29 ਲੋਕ ਸਭਾ ਸੀਟਾਂ, ਭਾਜਪਾ ਨੇ 12 ਸੀਟਾਂ ਅਤੇ ਕਾਂਗਰਸ ਨੇ ਇੱਕ ਸੀਟ ਜਿੱਤੀ। ਲੋਕ ਸਭਾ ਦੀਆਂ ਬੰਗਾਲ 'ਚ ਕੁੱਲ 42 ਸੀਟਾਂ ਹਨ।

> **ਸਾਲ 2021 ਵਿਧਾਨ ਸਭਾ ਚੋਣ ਸਮੇਂ ਟੀ.ਐੱਮ.ਸੀ. ਨੇ 48.5 ਫ਼ੀਸਦੀ ਵੋਟ ਲਈ ਅਤੇ ਭਾਜਪਾ ਨੇ 38.5 ਫ਼ੀਸਦੀ ਵੋਟ ਪ੍ਰਾਪਤ ਕਰਕੇ 77 ਸੀਟਾਂ ਜਿੱਤੀਆਂ, ਕਾਂਗਰਸ ਅਤੇ ਖੱਬੀ ਧਿਰ ਨੂੰ ਕੋਈ ਵੀ ਸੀਟ ਨਾ ਮਿਲੀ। ਕਾਂਗਰਸ ਨੂੰ ਤਿੰਨ ਫ਼ੀਸਦੀ ਅਤੇ ਖੱਬੀ ਧਿਰ ਨੂੰ 2.7 ਫ਼ੀਸਦੀ ਵੋਟ ਮਿਲੇ ਸਨ। ਮਮਤਾ ਬੈਨਰਜੀ ਸਰਕਾਰ ਦੇ ਸਾਹਮਣੇ ਇਸ ਵੇਲੇ ਵੱਡੀਆਂ ਚੁਣੌਤੀਆਂ ਹਨ। ਉਸਦੇ ਕਈ ਮੰਤਰੀ ਭ੍ਰਿਸ਼ਟਾਚਾਰ, ਭਰਤੀ ਘੁਟਾਲੇ ਕਾਰਨ ਵੱਡੀ ਚਰਚਾ 'ਚ ਹੈ। ਪਰ ਐੱਸ.ਆਈ.ਆਰ. ਦੇ ਮੁੱਦੇ 'ਤੇ ਤ੍ਰਿਣਮੂਲ ਕਾਂਗਰਸ ਦੇ ਵਰਕਰ ਪਿੰਡਾਂ, ਸ਼ਹਿਰਾਂ 'ਚ ਪੂਰੀ ਤਰ੍ਹਾਂ ਸਰਗਰਮ ਹਨ।**

ਦੂਜੇ ਪਾਸੇ ਦੱਖਣੀ ਰਾਜ ਤਾਮਿਲਨਾਡੂ 'ਚ ਡੀ.ਐੱਮ.ਕੇ. ਅਤੇ ਅੰਨਾ ਡੀ.ਐੱਮ.ਕੇ. ਦੇ ਦਰਮਿਆਨ ਜਦੋਂ 2021 'ਚ ਵਿਧਾਨ ਸਭਾ ਚੋਣ ਯੁੱਧ ਹੋਇਆ, ਤਾਂ ਡੀ.ਐੱਮ.ਕੇ. 133, ਅੰਨਾ ਡੀ.ਐੱਮ.ਕੇ. 66 ਸੀਟਾਂ ਲਿਜਾ ਸਕੀ। ਡੀ.ਐੱਮ.ਕੇ. ਨੇ 37.70 ਫ਼ੀਸਦੀ ਅਤੇ ਅੰਨਾ ਡੀ.ਐੱਮ.ਕੇ. ਨੇ 33.23 ਫ਼ੀਸਦੀ ਵੋਟ ਪ੍ਰਾਪਤ ਕੀਤੇ, ਜਦਕਿ ਕਾਂਗਰਸ 18 ਸੀਟਾਂ ਲੈ ਕੇ 4.27 ਫ਼ੀਸਦੀ, ਭਾਜਪਾ 04 ਸੀਟਾਂ ਲੈ ਕੇ 2.62 ਫ਼ੀਸਦੀ ਵੋਟ ਲਿਜਾ ਸਕੀ ਸੀ। ਲੋਕ ਸਭਾ ਦੀਆਂ 39 ਸੀਟਾਂ ਵਿਚ 22 ਡੀ.ਐੱਮ.ਕੇ., ਕਾਂਗਰਸ 09, ਸੀ.ਪੀ.ਐੱਮ. 02, ਅਤੇ ਹੋਰ 06 ਸੀਟਾਂ ਪ੍ਰਾਪਤ ਕਰ ਸਕੇ ਪਰ ਅੰਨਾ ਡੀ.ਐੱਮ.ਕੇ. 20.7 ਫ਼ੀਸਦੀ ਵੋਟ ਬੈਂਕ ਲੈ ਕੇ ਵੀ ਕੋਈ ਸੀਟ ਨਾ ਜਿੱਤ ਸਕੀ। ਵਿਧਾਨ ਸਭਾ ਚੋਣਾਂ 'ਚ ਏ.ਆਈ.ਡੀ.ਐੱਮ.ਕੇ. ਅਤੇ ਭਾਜਪਾ ਇਕੱਠਿਆਂ ਚੋਣ ਲੜੇਗੀ। ਜਦਕਿ ਡੀ.ਐੱਮ.ਕੇ. ਅਤੇ ਕਾਂਗਰਸ ਦਾ ਗੱਠਜੋੜ ਸੀਟਾਂ ਦੀ ਆਪਸੀ ਵੰਡ ਨਾਲ ਚੋਣ ਲੜੇਗਾ। ਸੂਬੇ ਵਿਚ ਅੰਨਾ ਡੀ.ਐੱਮ.ਕੇ. ਤੇ ਭਾਜਪਾ ਭ੍ਰਿਸ਼ਟਾਚਾਰ, ਰੁਜ਼ਗਾਰ, ਪਰਿਵਾਰਵਾਦ ਦੋਸ਼ ਲਗਾ ਰਹੇ ਹਨ, ਜਦਕਿ ਸੱਤਾ ਧਿਰ ਡੀ.ਐੱਮ.ਕੇ. ਆਪਣੀ ਲੋਕ-ਹਿਤੈਸ਼ੀ ਸਕੀਮ ਅਤੇ ਕੇਂਦਰ ਵੱਲੋਂ ਸੂਬੇ ਵਿਚ ਹਿੰਦੀ ਨੂੰ ਜ਼ਬਰੀ ਥੋਪਣ, ਐੱਸ.ਆਈ.ਆਰ. ਅਤੇ ਸੂਬੇ ਨਾਲ ਲਗਾਤਾਰ ਵਿਤਕਰਿਆਂ ਨੂੰ ਚੋਣ ਮੁੱਦਾ ਬਣਾ ਰਹੀ ਹੈ।

ਤਾਮਿਲਨਾਡੂ ਉਹ ਰਾਜ ਹੈ, ਜਿੱਥੇ ਫਿਲਮੀ ਅਦਾਕਾਰਾ ਜੈ ਲਲਿਤਾ ਨੇ ਲੰਮਾ ਸਮਾਂ ਰਾਜ ਕੀਤ। ਤਾਮਿਲਨਾਡੂ 'ਚ ਇਸ ਵਾਰ ਇੱਕ ਤੀਜੀ ਧਿਰ ਦੋ ਸਾਲ ਪੁਰਾਣੀ ਟੀ.ਵੀ.ਕੇ. ਅਦਾਕਾਰ ਥਲਾਪਤੀ ਵਿਜੈ ਦੀ ਅਗਵਾਈ 'ਚ ਚੋਣ ਚੁਣੌਤੀ ਪੇਸ਼ ਕਰ ਰਹੀ ਹੈ, ਜਿਸ ਨਾਲ ਤਿਕੋਣਾ ਮੁਕਾਬਲਾ ਹੋਣ ਦੀ ਸੰਭਾਵਨਾਵਾਂ ਬਣੀਆਂ ਹੋਈਆਂ ਹਨ। ਭਾਵੇਂ ਕਿ ਰਜਨੀਕਾਂਤ ਅਤੇ ਕਮਲ ਹਸਨ ਦੀਆਂ ਕੋਸ਼ਿਸ਼ਾਂ ਸਫ਼ਲ ਨਹੀਂ ਹੋਈਆਂ, ਪਰ ਅਦਾਕਾਰ ਥਲਾਪਤੀ ਵਿਜੈ ਦੀ ਵੱਡੀ ਚਰਚਾ ਅਤੇ ਲੋਕਪ੍ਰਿਯਤਾ ਹੈ।

ਤਾਮਿਲਨਾਡੂ 'ਚ ਕਰੂਰ ਰੈਲੀ 'ਚ 41 ਲੋਕਾਂ ਦੀ ਥਲਾਪਤੀ ਵਿਜੈ ਦੀ ਬਹਿਤ ਵੱਡੀ ਰੈਲੀ 'ਚ ਭਗਦੜ ਕਾਰਨ ਮੌਤ ਹੋ ਗਈ, ਪਰ ਲੋਕ ਇਸ ਹਾਦਸੇ 'ਚ ਡੀ.ਐੱਮ.ਕੇ. ਸਰਕਾਰ ਦੀ ਗ਼ੈਰ-ਜ਼ਿੰਮੇਵਾਰੀ ਮਨ ਰਹੇ ਹਨ। ਉਂਞ ਦੱਖਣੀ ਤਾਮਿਲਨਾਡੂ ਅਤੇ ਨੌਜਵਾਨਾਂ 'ਚ ਟੀ.ਵੀ.ਕੇ. ਦਾ ਪ੍ਰਭਾਵ ਹੈ ਅਤੇ ਉਸ ਵੱਲੋਂ 15 ਫ਼ੀਸਦੀ ਵੋਟਾਂ ਲੈ ਜਾਣ ਦੀ ਸੰਭਾਵਨਾ ਹੈ।

ਦੱਖਣੀ ਰਾਜ ਕੇਰਲਾ 'ਚ ਰਾਜ-ਭਾਗ ਸੀ.ਪੀ.ਐੱਮ. ਅਤੇ ਖੱਬੇ ਫਰੰਟ ਦੇ ਕੋਲ ਹੈ। 2021 'ਚ 140 ਵਿਚ 99 ਸੀਟਾਂ ਇਸ ਫਰੰਟ ਨੇ ਜਿੱਤੀਆਂ। 2024 ਦੀਆਂ ਲੋਕ ਸਭਾ ਚੋਣਾਂ 'ਚ ਇੰਡੀਆ ਫਰੰਟ, ਜਿਸ ਵਿਚ ਕਾਂਗਰਸ ਤੇ ਖੱਬੀਆਂ ਧਿਰਾਂ ਸ਼ਾਮਲ ਸਨ। ਕੁੱਲ 20 ਲੋਕ ਸਭਾ ਸੀਟਾਂ ਵਿਚੋਂ 19 ਸੀਟਾਂ ਜਿੱਤੀਆਂ ਅਤੇ ਐੱਨ.ਡੀ.ਏ. ਨੇ ਸਿਰਫ਼ ਇੱਕ। ਕਾਂਗਰਸ ਨੇ 14, ਸੀ.ਪੀ.ਐੱਮ. ਇੱਕ ਤੇ ਹੋਰ ਭਾਈਵਾਲ ਚਾਰ ਸੀਟਾਂ ਜਿੱਤੇ, ਜਦਕਿ ਭਾਜਪਾ ਇੱਕ ਸੀਟ ਹੀ ਲੈ ਜਾ ਸਕੀ।

ਕੇਰਲ 'ਚ ਮੁਕਾਬਲਾ ਖੱਬੀਆਂ ਧਿਰਾਂ ਫਰੰਟ, ਜਿਸ ਵਿਚ ਸੀ.ਪੀ.ਐੱਮ., ਸੀ.ਪੀ.ਆਈ., ਕੇਰਲਾ ਕਾਂਗਰਸ ਦਰਮਿਆਨ ਅਤੇ ਯੂਨਾਈਟਿਡ ਡੈਮੋਕਰੇਟਿਕ ਫਰੰਟ ਦਰਮਿਆਨ ਹੈ, ਜਿਸ ਵਿਚ ਕਾਂਗਰਸ, ਆਰ.ਐੱਸ.ਪੀ., ਇੰਡੀਅਨ ਯੂਨੀਅਨ ਮੁਸਲਿਮ ਦਰਮਿਆਨ ਹੈ। ਜਦਕਿ ਐੱਨ.ਡੀ.ਏ. ਜਿਸ ਵਿਚ ਭਾਰਤੀ ਜਨਤਾ ਪਾਰਟੀ ਸ਼ਾਮਲ ਹੈ, ਵੀ ਇੱਕ ਧਿਰ ਹੈ। ਚੋਣਾਂ 'ਚ ਬੇਰਜ਼ੁਗਾਰੀ, ਭ੍ਰਿਸ਼ਟਾਚਾਰ ਘੱਟ ਗਿਣਤੀਆਂ ਦੇ ਹਿੱਤ ਮੁੱਖ ਮੁੱਦੇ ਹਨ। ਇਸ ਸੂਬੇ 'ਚ ਭਾਜਪਾ ਦਾ ਖ਼ਾਸ ਅਧਾਰ ਵੇਖਣ ਨੂੰ ਨਹੀਂ ਮਿਲਦਾ।

ਅਸਾਮ 'ਚ ਭਾਜਪਾ ਅਤੇ ਏ.ਐੱਸ.ਓ.ਐੱਮ. ਵਿਚਕਾਰ ਟੱਕਰ ਰਹਿੰਦੀ ਹੈ। ਇਸ ਸਮੇਂ ਰਾਜ ਭਾਜਪਾ ਦਾ ਹੈ। ਪਾਂਡੀਚੇਰੀ ਵਿਚ ਐੱਨ.ਡੀ.ਏ. ਜਿਸ ਵਿਚ ਭਾਜਪਾ ਅਤੇ ਏ.ਆਈ.ਐੱਨ.ਆਰ.ਸੀ. ਸ਼ਾਮਲ ਹਨ ਅਤੇ ਐੱਸ.ਪੀ.ਏ., ਜਿਸ ਵਿਚ ਡੀ.ਐੱਮ.ਕੇ. ਅਤੇ ਕਾਂਗਰਸ ਸ਼ਾਮਲ ਹਨ, ਵਿਚ ਮੁਕਾਬਲਾ ਹੋਏਗਾ। ਭਾਵੇਂ ਕਿ ਨਵੀਂ ਪਾਰਟੀ ਟੀ.ਵੀ.ਕੇ. ਪਾਰਟੀ ਦਾ ਐਕਟਰ ਵਿਜੈ ਦੋਹਾਂ ਫਰੰਟਾਂ ਦੇ ਵਿਚਕਾਰ ਆਪਣੀ ਭੂਮਿਕਾ ਨਿਭਾਉਣ ਲਈ ਤਿਆਰ ਹੈ।

ਇਨ੍ਹਾਂ ਪੰਜਾਂ ਰਾਜਾਂ ਵਿਚ ਕੇਰਲਾ ਨੂੰ ਛੱਡਕੇ ਭਾਜਪਾ ਆਪਣੀ ਵਿਸ਼ੇਸ਼ ਭੂਮਿਕਾ 'ਚ ਹੈ। ਭਾਜਪਾ ਉੱਤੇ ਦੋਸ਼ ਲੱਗ ਰਹੇ ਹਨ ਕਿ ਉਹ ਭਾਰਤੀ ਚੋਣ ਕਮਿਸ਼ਨ ਨੂੰ ਆਪਣੇ ਹਿੱਤ ਵਿਚ ਵਰਤਕੇ ਕਿਸੇ ਵੀ ਹੀਲੇ ਖ਼ਾਸ ਕਰਕੇ ਪੱਛਮੀ ਬੰਗਾਲ ਦੀ ਖਾੜਕੂ ਨੇਤਾ ਮਮਤਾ ਬੈਨਰਜੀ ਨੂੰ ਹਰਾਉਣਾ ਚਾਹੁੰਦਾ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਬੰਗਾਲ ਦੌਰਿਆਂ ਦਰਮਿਆਨ ਚੋਣ ਮਾਹੌਲ ਭੱਖਵਾਂ ਦਿਖਦਾ ਹੈ।

ਚੋਣਾਂ ਜਿੱਤਣ ਲਈ ਹਰ ਸੱਤਾਧਾਰੀ ਧਿਰ, ਹਰ ਹਰਵਾ ਵਰਤ ਰਹੀ ਹੈ। ਵਿਰੋਧੀ ਧਿਰਾਂ ਸੁਤੰਤਰ ਤੇ ਨਿਰਪੱਖ ਚੋਣਾਂ ਦੀ ਮੰਗ ਕਰ ਰਹੀਆਂ ਹਨ, ਜਿਸਦਾ ਖ਼ਦਸ਼ਾ ਲਗਾਤਾਰ ਬਣਿਆ ਦਿਖਾਈ ਦਿੰਦਾ ਹੈ। ਪਿਛਲੇ ਦਿਨਾਂ 'ਚ ਬਿਹਾਰ 'ਚ ਸੱਤਾ ਧਿਰ ਨੇ ਕਿਵੇਂ ਵਿਟਰਾਂ ਲਈ ਕੈਸ਼ ਟਰਾਂਸਫ਼ਰ ਕੀਤਾ ਅਤੇ ਭਾਰਤੀ ਚੋਣ ਕਮਿਸ਼ਨ ਵੱਲੋਂ ਇਸ "ਭ੍ਰਿਸ਼ਟਾਚਾਰ" ਨੂੰ ਨਜ਼ਰਅੰਦਾਜ਼ ਕੀਤਾ ਗਿਆ। ਹੈਰਾਨੀ ਦੀ ਗੱਲ ਤਾਂ ਇਹ ਵੀ ਰਹੀ ਕਿ ਜਦੋਂ ਪ੍ਰਸ਼ਾਂਤ ਕਿਸ਼ੋਰ ਦੀ ਜਨ ਪਾਰਟੀ (ਜੇ.ਐੱਸ.ਪੀ.) ਵੱਲੋਂ ਸੁਪਰੀਮ ਕੋਰਟ 'ਚ ਇਸ ਸੰਬੰਧੀ ਪਟੀਸ਼ਨ ਦਾਇਰ ਕੀਤੀ ਗਈ, ਤਾਂ ਇਸ ਮਾਮਲੇ ਨੂੰ ਸੁਪਰੀਮ ਕੋਰਟ ਵੱਲੋਂ ਵੀ ਅਣਦੇਖਿਆ ਕੀਤਾ ਗਿਆ। ਕੇ.ਐੱਸ.ਪੀ. ਨੇ ਇਕ ਪਟੀਸ਼ਨ ਦਾਇਰ ਕੀਤੀ ਸੀ। ਉਸ ਵਿਚ ਦੋਸ਼ ਲਗਾਇਆ ਗਿਆ ਸੀ ਕਿ "ਮੁੱਖ ਮੰਤਰੀ ਨੇ ਮਹਿਲਾ ਰੁਜ਼ਗਾਰ ਯੋਜਨਾ" ਤਹਿਤ ਮਹਿਲਾ ਲਾਭਪਾਤਰੀਆਂ ਨੂੰ 10,000 ਰੁਪਏ ਟਰਾਂਸਫ਼ਰ ਕਰਕੇ ਆਦਰਸ਼ ਚੋਣ ਜਾਬਤਾ ਦੀ ਉਲੰਘਣਾ ਕੀਤੀ ਹੈ, ਜਿਸਦੀ ਸ਼ੁਰੂਆਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ ਵਰਚੁਆਲੀ ਕੀਤੀ ਗਈ। ਕੀ ਇਸ ਕਿਸਮ ਦਾ "ਮਨੀ ਟ੍ਰਾਂਸਫ਼ਰ" ਪਾਂਡੀਚੇਰੀ ਅਤੇ ਅਸਾਮ ਵਿਚ ਨਹੀਂ ਹੋਏਗਾ, ਜਿੱਥੇ ਭਾਜਪਾ ਸਰਕਾਰ ਹੈ?

ਭਾਵੇਂ ਕਿ ਪਿਛਲੇ ਦਿਨੀਂ ਸੁਪਰੀਮ ਕੋਰਟ ਨੇ ਵੋਟਾਂ ਪ੍ਰਾਪਤ ਕਰਨ ਲਈ ਮੁਫ਼ਤ ਰਿਉੜੀਆਂ ਵੰਡਣ ਉੱਤੇ ਨਾ ਖ਼ੁਸ਼ੀ ਪ੍ਰਗਟ ਕੀਤੀ ਹੈ, ਪਰ ਇਹ ਚਲਨ ਦੇਸ਼ ਵਿਚ ਲਗਾਤਾਰ ਜਾਰੀ ਹੈ। ਉਸ ਤੋਂ ਉੱਪਰ ਭਾਰਤੀ ਚੋਣ ਕਮਿਸ਼ਨ ਦੀ ਐੱਸ.ਆਈ.ਆਰ. ਨੇ ਭਾਰਤੀ ਵੋਟਰਾਂ ਲਈ ਖ਼ਦਸ਼ੇ ਪ੍ਰਗਟ ਕੀਤੇ ਹਨ। ਕਾਬਜ਼ ਸਰਕਾਰੀ ਧਿਰਾਂ ਵੱਲੋਂ ਬੇਵਜ੍ਹਾ ਵੋਟਾਂ ਵੋਟਰ ਸੂਚੀਆਂ ਵਿਚੋਂ ਕੱਟੀਆਂ ਗਈਆਂ ਹਨ, ਜਿਸ ਨਾਲ ਲੋਕਾਂ ਵਿਚ ਲੋਕਤੰਤਰੀ ਵੋਟ ਪ੍ਰਕਿਰਿਆ ਸੁਖਾਵੀਂ ਬਣਾਈ ਰੱਖਣ ਲਈ ਰੁਕਾਵਟ ਪੈਦਾ ਹੋਈ ਹੈ।

ਜਿਵੇਂ ਦੇਸ਼ ਦੀ ਮੁੱਖ ਹਾਕਮ ਧਿਰ ਵੱਲੋਂ ਸੁਤੰਤਰ ਤੇ ਨਿਰਪੱਖ ਚੋਣਾਂ ਦੀ ਯੋਜਨਾਬੱਧ ਉਲੰਘਣਾ, ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਕਰਕੇ ਕੀਤੀ ਜਾ ਰਹੀ ਹੈ ਅਤੇ ਜਿਵੇਂ ਵੋਟਰਾਂ ਨੂੰ ਵਿਆਪਕ ਪ੍ਰੇਰਨਾ ਜਾਂ ਰਿਸ਼ਵਤਖੋਰੀ ਨਾਲ ਪ੍ਰਭਾਵਤ ਕੀਤੇ ਜਾਣ ਦੇ ਅਮਲ ਜਾਰੀ ਹਨ, ਉਹ ਭਾਰਤ ਦੇ ਸੰਵਿਧਾਨ ਦੇ ਮੂਲ ਢਾਂਚੇ ਲਈ ਸਿੱਧਾ ਖੋਰਾ ਹਨ।

ਦੱਖਣ, ਪੂਰਬੀ ਰਾਜਾਂ ਦੇ ਸੂਝਵਾਨ ਵੋਟਰ ਆਪਣੇ ਵਿਵੇਕ ਅਤੇ ਬੁੱਧੀ ਨਾਲ ਕੀ ਉਨ੍ਹਾਂ ਸਾਰੇ ਗ਼ਲਤ ਅਮਲਾਂ ਨੂੰ ਪਿਛਾੜ ਦੇਣਗੇ, ਜਿਸ ਦਾ ਹਮਲਾ ਉਹ ਆਉਣ ਵਾਲੇ ਦਿਨਾਂ 'ਚ ਆਪਣੇ 'ਤੇ ਝੱਲਣਗੇ? ਸਾਮ, ਦਾਮ, ਦੰਡ ਅਤੇ ਧੂੰਆਧਾਰ ਫ਼ਿਰਕੂ ਪ੍ਰਚਾਰ ਉਨ੍ਹਾਂ ਦੇ ਇਰਾਦਿਆਂ ਨੂੰ ਕੀ ਦ੍ਰਿੜ ਰੱਖ ਸਕੇਗਾ ਜਾਂ ਫਿਰ ਮੁੱਠੀ ਭਰ "ਸਿੱਧੀ ਨਕਦੀ ਰਕਮ" ਦੇ ਵਹਾਅ ਵਿਚ ਵਹਿ ਕੇ ਉਹ ਦੇਸ਼ ਦੀ ਸੰਵਿਧਾਨਕ ਲੋਕਤੰਤਰੀ ਤਾਕਤ ਨੂੰ ਖੇਰੂ-ਖੇਰੂ ਕਰਨ ਵਾਲਿਆਂ ਦੇ ਪੱਖ 'ਚ ਖੜ੍ਹੋ ਜਾਣਗੇ?

- ਜਤਿੰਦਰ ਪਨੂੰ
ਪੰਜਾਬ ਮੇਲ USA



# ਭਵਿੱਖ ਬਚਾਉਣਾ ਹੈ ਤਾਂ ਲੋਕਾਂ ਨੂੰ ਛੋਟਾਂ ਲਈ 'ਨਹੀਂ' ਕਹਿਣ ਦੀ ਜਾਚ ਸਿਖਾਉਣੀ ਪਵੇਗੀ

**ਆਪਣੇ ਆਪ ਨੂੰ ਦੁਨੀਆ ਦੀ ਮਹਾਂ-ਸ਼ਕਤੀ ਮੰਨ ਕੇ ਚੱਲਣ ਵਾਲਾ ਅਮਰੀਕਾ ਦੇਸ਼ ਇਸ ਵਕਤ ਡੋਨਾਲਡ ਟਰੰਪ ਨਾਂਅ ਦੇ ਵਿਅਕਤੀ ਦੀਆਂ ਖਾਹਿਸ਼ਾਂ ਅਤੇ ਮਨਆਈਆਂ ਦਾ ਮੁਥਾਜ਼ ਹੋਇਆ ਪਿਆ ਹੈ। ਉਹ ਕਿਸੇ ਅੰਦਰੂਨੀ ਤੇ ਬਾਹਰੀ ਆਵਾਜ਼ ਨੂੰ ਸੁਣਨ ਦਾ ਸਮਾਂ ਜ਼ਾਇਆ ਨਹੀਂ ਕਰਦਾ, ਨੱਕ ਦੀ ਸੇਧ ਵਿੱਚ ਚੱਲੀ ਜਾਂਦਾ ਹੈ ਤੇ ਬੀਤੇ ਦਿਨੀਂ ਜਿੱਦਾਂ ਉਸ ਨੇ ਵੱਖ-ਵੱਖ ਦੇਸ਼ਾਂ ਅਤੇ ਸੰਸਾਰ ਪੱਧਰ ਦੀਆਂ ਸ਼ਖਸੀਅਤਾਂ ਦੀ ਅਣਖ ਨੂੰ ਵੰਗਾਰਨ ਦਾ ਵਿਹਾਰ ਕੀਤਾ ਤੇ ਕਿਸੇ ਦੇ ਰੋਸ ਦੀ ਪ੍ਰਵਾਹ ਨਹੀਂ ਕੀਤੀ, ਉਹ ਨੋਟ ਕਰਨ ਵਾਲਾ ਹੈ।**



ਅਗਲਾ ਸਾਲ ਚੜ੍ਹਨ ਤੱਕ ਦੇਸ਼ ਕਿਹੋ ਜਿਹਾ ਹੋਵੇਗਾ ਅਤੇ ਪੰਜਾਬ ਕਿੱਦਾਂ ਨਜ਼ਰ ਆਵੇਗਾ, ਇਹ ਗੱਲ ਬਥੇਰੇ ਲੋਕ ਸੋਚਦੇ ਹਨ, ਪਰ ਉਹ ਇਹ ਨਹੀਂ ਸੋਚਦੇ ਕਿ ਪੰਜਾਬ ਜਾਂ ਭਾਰਤ ਜਿੱਦਾਂ ਦਾ ਵੀ ਹੋਵੇਗਾ, ਇਹ ਗੱਲ ਸੰਸਾਰ ਹਾਲਾਤ ਨਾਲ ਪੱਕੀ ਤਰ੍ਹਾਂ ਜੁੜੀ ਹੋਈ ਹੈ ਅਤੇ ਸੰਸਾਰ ਦੇ ਹਾਲਾਤ ਦੇ ਅਗਲੇ ਵਹਿਣ ਦਾ ਹੀ ਕਿਸੇ ਨੂੰ ਪਤਾ ਨਹੀਂ। ਬੀਤਿਆ ਸਾਲ ਵੀ ਤੇ ਬੀਤਿਆ ਮਹੀਨਾ ਵੀ ਬਥੇਰੇ ਸੰਕੇਤ ਦੇਣ ਵਾਲੇ ਮੰਨੇ ਜਾਂਦੇ ਸਨ, ਪਰ ਇਸ ਵੇਲੇ ਚੱਲ ਰਿਹਾ ਫਰਵਰੀ ਦਾ ਮਹੀਨਾ ਸਭਨਾਂ ਨਾਲੋਂ ਵੱਡੇ ਤੇ ਦੂਰ ਦੇ ਅਸਰ ਵਾਲੇ ਸੰਕੇਤ ਦੇਂਦਾ ਜਾਪਦਾ ਹੈ। ਇਹ ਸੰਕੇਤ ਭਾਰਤ ਦੇ ਅੰਦਰੋਂ ਮਿਲਣ ਦਾ ਸਿਲਸਿਲਾ ਵੀ ਜਾਰੀ ਹੈ ਤੇ ਸੰਸਾਰ ਨੂੰ ਆਪਣੀ ਪੂਛ ਨਾਲ ਬੱਝਾ ਮੰਨ ਕੇ ਚੱਲਣ ਵਾਲੇ ਅਮਰੀਕਾ ਤੋਂ ਵੀ। ਪੰਜਾਬ ਜਦੋਂ ਅੱਜ ਅਗਲੀਆਂ ਚੋਣਾਂ ਦੇ ਸਾਲ ਵਿੱਚ ਦਾਖਲ ਹੋ ਚੁੱਕਾ ਹੈ, ਉਸ ਦੀ ਰਾਜਨੀਤੀ ਉਨ੍ਹਾਂ ਚੋਣਾਂ ਤੋਂ ਵੱਧ ਕੁਝ ਸੋਚਣ ਵਾਲੀ ਦਿੱਸਣੀ ਹੀ ਨਹੀਂ, ਪਰ ਜਿਹੜੇ ਸੰਕੇਤ ਇਸ ਵਕਤ ਦੇਸ਼ ਜਾਂ ਸੰਸਾਰ ਪੱਧਰ ਦੇ ਹਨ, ਉਨ੍ਹਾਂ ਦਾ ਅਸਰ ਵੀ ਏਥੇ ਪੈਣਾ ਲਾਜ਼ਮੀ ਹੈ।

ਆਪਣੇ ਆਪ ਨੂੰ ਦੁਨੀਆ ਦੀ ਮਹਾਂ-ਸ਼ਕਤੀ ਮੰਨ ਕੇ ਚੱਲਣ ਵਾਲਾ ਅਮਰੀਕਾ ਦੇਸ਼ ਇਸ ਵਕਤ ਡੋਨਾਲਡ ਟਰੰਪ ਨਾਂਅ ਦੇ ਵਿਅਕਤੀ ਦੀਆਂ ਖਾਹਿਸ਼ਾਂ ਅਤੇ ਮਨਆਈਆਂ ਦਾ ਮੁਥਾਜ਼ ਹੋਇਆ ਪਿਆ ਹੈ। ਉਹ ਕਿਸੇ ਅੰਦਰੂਨੀ ਤੇ ਬਾਹਰੀ ਆਵਾਜ਼ ਨੂੰ ਸੁਣਨ ਦਾ ਸਮਾਂ ਜ਼ਾਇਆ ਨਹੀਂ ਕਰਦਾ, ਨੱਕ ਦੀ ਸੇਧ ਵਿੱਚ ਚੱਲੀ ਜਾਂਦਾ ਹੈ ਤੇ ਬੀਤੇ ਦਿਨੀਂ ਜਿੱਦਾਂ ਉਸ ਨੇ ਵੱਖ-ਵੱਖ ਦੇਸ਼ਾਂ ਅਤੇ ਸੰਸਾਰ ਪੱਧਰ ਦੀਆਂ ਸ਼ਖਸੀਅਤਾਂ ਦੀ ਅਣਖ ਨੂੰ ਵੰਗਾਰਨ ਦਾ ਵਿਹਾਰ ਕੀਤਾ ਤੇ ਕਿਸੇ ਦੇ ਰੋਸ ਦੀ ਪ੍ਰਵਾਹ ਨਹੀਂ ਕੀਤੀ, ਉਹ ਨੋਟ ਕਰਨ ਵਾਲਾ ਹੈ। ਇਸ ਦੇ ਬਾਅਦ ਭਵਿੱਖ ਦੇ ਅਮਰੀਕਾ ਜਾਂ ਡੋਨਾਲਡ ਟਰੰਪ ਦੇ ਭਵਿੱਖੀ ਸੁਫਨੇ ਬਾਰੇ ਓਹਲਾ ਨਹੀਂ ਰਹਿ ਜਾਂਦਾ। ਬਾਕੀ ਦੇਸ਼ਾਂ ਨੂੰ ਛੱਡੋ, ਨਾਟੋ ਵਰਗੇ ਫੌਜੀ ਗੱਠਜੋੜ ਵਿੱਚ ਬੱਝੇ ਅਤੇ ਦੂਜੀ ਸੰਸਾਰ ਜੰਗ ਮਗਰੋਂ ਅਮਰੀਕਾ ਦੇ ਪੱਕੇ ਸਾਥੀ ਮੰਨੇ ਜਾਂਦੇ ਰਹੇ ਦੇਸ਼ ਵੀ ਅੱਜ ਉਸ ਦੇ ਵਿਹਾਰ ਤੋਂ ਨਾਰਾਜ਼ ਹੋਣ ਲਈ ਮਜਬੂਰ ਦਿੱਸਦੇ ਹਨ ਤੇ ਕੁਝ ਗੱਲਾਂ ਵਿੱਚ ਸਿਰ ਫੇਰਨ ਦਾ ਯਤਨ ਕਰਨ ਲੱਗੇ ਹਨ। ਬੀਤੇ ਦਿਨੀਂ ਡੋਨਾਲਡ ਟਰੰਪ ਨੇ ਜਦੋਂ ਬ੍ਰਿਟੇਨ ਤੋਂ ਉਸ ਦੇ ਹਵਾਈ ਅੱਡੇ ਵਰਤਣ ਦੀ ਸਹਿਮਤੀ ਮੰਗੀ ਤਾਂ ਉਨ੍ਹਾਂ ਨੇ ਹਾਂ ਨਹੀਂ ਕੀਤੀ। ਡੋਨਾਲਡ ਟਰੰਪ ਨੂੰ ਇਸ ਨਾਲ ਵੀ ਕੋਈ ਫਰਕ ਨਹੀਂ ਪਿਆ ਜਾਪਦਾ, ਉਹ ਬ੍ਰਿਟੇਨ ਦੀ ਬਜਾਏ ਨਵੇਂ ਸਾਥੀ ਲੱਭਣ ਰੁਝ ਗਿਆ ਹੈ।

ਐਨ ਇਹੋ ਜਿਹੇ ਮੌਕੇ ਡੋਨਾਲਡ ਟਰੰਪ ਲਈ ਭਾਰਤ-ਪਾਕਿਸਤਾਨ ਸੰਬੰਧਾਂ ਦੀ ਕੁੜੱਤਣ ਇੱਕ ਨਵੀਂ ਰਣਨੀਤਕ ਖੇਡ ਲਈ ਸੁਖਾਵਾਂ ਮੋੜ ਜਾਪਣ ਲੱਗ ਪਈ ਹੈ। ਕਦੀ ਭਾਰਤ ਦੇ ਪੱਖ ਵਿੱਚ ਇੱਕ ਗੱਲ ਕਹਿ ਕੇ ਉਸ ਨੂੰ ਖੁਸ਼ ਕੀਤਾ ਅਤੇ ਫਿਰ ਅਚਾਨਕ ਸੰਸਾਰ ਪੱਧਰ ਦੀ ਮੀਟਿੰਗ ਵਿੱਚ ਪਾਕਿਸਤਾਨ ਦਾ ਪੱਖ ਲੈਣ ਲੱਗ ਪਿਆ। ਇਹ ਵੀ ਇੱਕ ਦਾਅ ਹੈ। ਭਾਰਤ ਤੇ ਪਾਕਿਸਤਾਨ ਦੋਵਾਂ ਦੇ ਹਾਕਮ ਇਸ ਦਾਅ ਨੂੰ ਸਮਝਣ ਤੋਂ ਅਸਮਰੱਥ ਹਨ ਅਤੇ ਵਗਦੇ ਵਹਿਣ ਨਾਲ ਵਗਦੇ ਜਾਂਦੇ ਹਨ ਤੇ ਦੋਵਾਂ ਦੀ ਦੌੜ ਟਰੰਪ ਨੇੜੇ ਜਾਣ ਵਾਸਤੇ ਦੂਜੇ ਨੂੰ ਪਛਾੜਨ ਦੀ ਹੈ, ਆਪਣੇ ਸਵੈ-ਮਾਣ ਦੀ ਨਹੀਂ। ਪਿਛਲੇ ਹਫਤੇ ਉਸ ਨੇ ਫਿਰ ਇਹ ਗੱਲ ਕਹਿ ਦਿੱਤੀ ਅਤੇ ਪਤਾ ਨਹੀਂ ਕਿੰਨੀ ਵਾਰ ਪਹਿਲਾਂ ਕਹਿ ਚੁੱਕਾ ਹੈ ਕਿ ਭਾਰਤ-ਪਾਕਿਸਤਾਨ ਵਿਚਾਲੇ ਜੰਗ ਰੁਕਦੀ ਨਾ ਵੇਖ ਕੇ ਜਦੋਂ ਉਸ ਨੇ ਦੋ ਸੌ ਫੀਸਦੀ ਟੈਰਿਫ ਲਾ ਦੇਣ ਦੀ ਧਮਕੀ ਦਿੱਤੀ ਤਾਂ ਦੋਵਾਂ ਸਰਕਾਰਾਂ ਦੇ ਮੁਖੀਆਂ ਨੇ ਤੁਰੰਤ ਜੰਗਬੰਦੀ ਦੀ ਰਮਜ਼ ਪ੍ਰਵਾਨ ਕਰ ਲਈ ਸੀ। ਪਾਕਿਸਤਾਨ ਤਾਂ ਆਪਣੀ ਸਥਾਪਨਾ ਦੇ ਦਿਨੋਂ ਹੀ ਅਮਰੀਕਾ ਦੀ ਮੁਥਾਜ਼ੀ ਕਰਦਾ ਅਤੇ ਉਸ ਦੀ ਹਰ ਮਰਜ਼ੀ ਨੂੰ ਆਗਿਆਕਾਰੀ ਬੱਚੇ ਵਾਂਗ ਪ੍ਰਵਾਨ ਕਰਦਾ ਰਿਹਾ ਸੀ, ਅੱਜਕੱਲ੍ਹ ਭਾਰਤ ਦੀ ਵਿਦੇਸ਼ ਨੀਤੀ ਵੀ ਓਸੇ ਪਾਸੇ ਚੱਲ ਰਹੀ ਜਾਪਦੀ ਹੈ। ਡੋਨਾਲਡ ਟਰੰਪ ਜਦੋਂ ਜੰਗਬੰਦੀ ਬਾਰੇ ਕਹਿੰਦਾ ਹੈ ਕਿ ਟੈਰਿਫ ਵਧਾ ਦੇਣ ਦੇ ਉਸ ਦੇ ਇਸ ਦਬਕੇ ਅੱਗੇ ਭਾਰਤ ਝੁਕ ਗਿਆ ਸੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਾਰੇ ਇਹੋ ਜਿਹੇ ਇਸ਼ਾਰੇ ਕਰਦਾ ਹੈ ਤਾਂ ਭਾਰਤ ਦੇ ਪ੍ਰਧਾਨ ਮੰਤਰੀ ਨੇ ਇੱਕ ਵਾਰ ਵੀ ਉਸ ਦੀ ਗੱਲ ਦਾ ਖੰਡਨ ਨਹੀਂ ਕੀਤਾ। ਉਲਟਾ ਹੋਇਆ ਇਹ ਕਿ ਜਿਹੜਾ ਭਾਰਤ ਸਾਲਾਂਬੱਧੀ ਅਮਰੀਕਾ ਦੀਆਂ ਨੀਤੀਆਂ ਅਤੇ ਪੈਂਤੜਿਆਂ ਤੋਂ ਫਾਸਲਾ ਰੱਖਦਾ ਆ ਰਿਹਾ ਸੀ, ਉਹ ਅੱਜ ਅਮਰੀਕੀ ਦੇ ਕੰਟਰੋਲ ਵਾਲੇ ਅਦਾਰਿਆਂ ਵਿੱਚ ਸ਼ਾਮਲ ਹੋਣ ਵਾਸਤੇ ਬੜੇ ਆਰਾਮ ਨਾਲ ਤਿਆਰ ਹੋਈ ਜਾਂਦਾ ਹੈ।

ਅਜੋਕੇ ਸਮੇਂ ਦੀ ਨਵੀ ਖਾਸ ਲੱਭਤ 'ਏ ਆਈ' (ਆਰਟੀਫੀਸ਼ੀਅਲ ਇੰਟੈਲੀਜੈਂਸ) ਬੜੇ ਕੰਮ ਦੀ ਖੋਜ ਹੈ ਤੇ ਇਸ ਸਮੇਂ ਦਾ ਆਧੁਨਿਕ ਕਿਸਮ ਦੇ ਚਿੱਟ-ਕੱਪੜੀਏ ਅਪਰਾਧ ਸੰਸਾਰ ਲਈ ਪਾਪ ਕਰਨ ਦਾ ਸਭ ਤੋਂ ਵੱਡਾ ਹਥਿਆਰ ਵੀ ਬਣੀ ਜਾਂਦੀ ਹੈ। ਅਮਰੀਕਾ ਨੇ ਬੀਤੇ ਦਿਨੀਂ 'ਪੈਕਸ ਸਿਲਿਕਾ' ਨਾਂਅ ਦੀ ਇੱਕ ਪਹਿਲਕਦਮੀ ਸੰਸਾਰ ਅੱਗੇ ਰੱਖੀ ਤੇ ਸਹਿਮਤੀ ਜੋੜਨੀ ਆਰੰਭ ਕੀਤੀ ਤਾਂ ਭਾਰਤ ਉਸ ਨਾਲ ਜਾ ਜੁੜਿਆ ਹੈ। ਇਹ ਪਹਿਲ ਅਮਰੀਕਾ ਦੇ ਵਿਦੇਸ਼ ਵਿਭਾਗ ਵੱਲੋਂ ਆਧੁਨਿਕ ਖੋਜਾਂ ਤੇ ਲੱਭਤਾਂ ਅਤੇ ਇਸ ਨਾਲ ਜੁੜੇ ਕਾਰੋਬਾਰ ਅਤੇ ਉਸ ਕਾਰੋਬਾਰ ਲਈ ਵਰਤੇ ਜਾਂਦੇ ਸਾਮਾਨ ਬਾਰੇ ਸੰਸਾਰ ਦੇ ਦੇਸ਼ਾਂ ਵਿਚਾਲੇ ਤਾਲਮੇਲ ਦੀ ਗੱਲ ਕਰਦੀ ਹੈ, ਪਰ ਅਸਲ ਵਿੱਚ ਇਸ ਤਾਲਮੇਲ ਦੀ ਪ੍ਰਕਿਰਿਆ ਦੌਰਾਨ ਸੰਬੰਧਤ ਦੇਸ਼ਾਂ ਨੂੰ ਆਪਣੇ ਮੱਕੜ-ਜਾਲ ਵਿੱਚ ਫਸਾਉਣ ਦੀ ਚਾਲ ਹੈ। ਭਾਰਤ ਵੱਲੋਂ ਇਸ ਅਮਰੀਕੀ ਪ੍ਰਕਿਰਿਆ ਦਾ ਅੰਗ ਬਣਨ ਨੇ ਇਸ ਦੇ ਕਈ ਸ਼ੁਭਚਿੰਤਕਾਂ ਦੇ ਮੱਥੇ ਉੱਤੇ ਸੋਚ ਦੀਆਂ ਤਿਊੜੀਆਂ ਗੂੜ੍ਹੀਆਂ ਕਰ ਦਿੱਤੀਆਂ ਹਨ। ਇਸ ਤੋਂ ਉਲਟ ਪਾਕਿਸਤਾਨ ਸਰਕਾਰ ਨੂੰ ਇਸ ਤੋਂ ਕੋਈ ਚਿੰਤਾ ਕਰਨ ਦੀ ਲੋੜ ਨਹੀਂ ਲੱਭਦੀ, ਕਿਉਂਕਿ ਉਨ੍ਹਾਂ ਦੇ ਪ੍ਰਧਾਨ ਮੰਤਰੀ ਨੇ ਪਿਛਲੇ ਦਿਨੀਂ ਇਹ ਹਾਲਤ ਦੇਸ਼ ਸਾਹਮਣੇ ਰੱਖ ਦਿੱਤੀ ਸੀ ਕਿ ਹਰ ਵਿਦੇਸ਼ ਦੌਰੇ ਮੌਕੇ ਹਰ ਦੇਸ਼ ਤੋਂ ਮੰਗਣ ਵਾਸਤੇ ਜਾਣਾ ਪੈਂਦਾ ਹੈ ਅਤੇ ਸ਼ਰਮ ਬੜੀ ਆਉਂਦੀ ਹੈ, ਪਰ ਇਸ ਦੇ ਬਾਵਜੂਦ ਇਹ ਸਭ ਕਰਨਾ ਪੈ ਰਿਹਾ ਹੈ। ਭਾਰਤ ਦੀ ਸਥਿਤੀ ਹਾਲੇ ਇਹੋ ਜਿਹੀ ਨਹੀਂ। ਬਹੁਤ ਸਾਰੀਆਂ ਕਮਜ਼ੋਰੀਆਂ ਦੇ ਬਾਵਜੂਦ ਭਾਰਤ ਆਪਣਾ ਡੰਗ ਸਾਰ ਸਕਦਾ ਹੈ, ਕਿਸੇ ਮੂਹਰੇ ਹੱਥ ਅੱਡਣ ਦੀ ਲੋੜ ਨਹੀਂ।

ਇਹੋ ਜਿਹੇ ਸਮੇਂ ਜਦੋਂ ਸੰਸਾਰ ਪੱਧਰ ਉੱਤੇ ਬਹੁਤ ਬਚ ਕੇ ਚੱਲਣ ਤੇ ਭਾਰਤ ਦੀਆਂ ਕੇਂਦਰ ਤੇ ਰਾਜ ਸਰਕਾਰਾਂ ਦੇ ਆਪਸੀ ਤਾਲਮੇਲ ਨਾਲ ਚੱਲਣ ਦੀ ਲੋੜ ਹੈ, ਹਰ ਪਾਸੇ ਆਪਸੀ ਆਢਾ ਲੱਗਾ ਨਜ਼ਰ ਪੈਂਦਾ ਹੈ। ਕੇਂਦਰ ਦੀ ਸਰਕਾਰ ਚਲਾ ਰਹੀ ਪਾਰਟੀ ਦਾ ਸਿਆਸੀ ਮੱਤਭੇਦ ਰੱਖਦੀ ਹਰ ਪਾਰਟੀ ਦੀ ਅਗਵਾਈ ਹੇਠਲੀ ਸਰਕਾਰ ਨਾਲ ਰੱਫੜ ਪੈਣ ਤੇ ਇਸ ਤੋਂ ਬਾਅਦ ਸੁਪਰੀਮ ਕੋਰਟ ਵਿੱਚ ਮੁਕੱਦਮੇਬਾਜ਼ੀ ਦਾ ਸਿਲਸਿਲਾ ਕਦੀ ਵੀ ਰੁਕਿਆ ਨਹੀਂ। ਹਾਲਤ ਬੇਸ਼ੱਕ ਹਰ ਰਾਜ ਦੀ ਵੀ 'ਲਾਹੌਰ ਦੇ ਸ਼ੌਕੀਨ ਤੇ ਬੋਝੇ ਵਿੱਚ ਗਾਜਰਾਂ' ਵਾਲੀ ਹੈ ਤੇ ਕੇਂਦਰ ਸਰਕਾਰ ਵੀ ਕਰਜ਼ੇ ਦੇ ਬੋਝ ਵਿੱਚ ਦੱਬੀ ਹੋਈ ਹੈ, ਪਰ ਇੱਕ-ਦੂਸਰੇ ਨਾਲ ਜੁੜੇ ਵੋਟਰਾਂ ਨੂੰ ਆਪਣੇ ਵੱਲ ਖਿੱਚਣ ਦੀ ਜ਼ੋਰ-ਅਜ਼ਮਾਈ ਚੱਲਦੀ ਰਹਿੰਦੀ ਹੈ। ਲੋਕਾਂ ਨੂੰ ਇਹ ਦੱਸਣ ਦਾ ਕੋਈ ਯਤਨ ਨਹੀਂ ਹੁੰਦਾ ਕਿ ਦੇਸ਼ ਦੇ ਭਲੇ ਭਵਿੱਖ ਲਈ ਆਹ ਕੰਮ ਕਰਨੇ ਹਨ, ਇਸ ਦੀ ਬਜਾਏ ਸਾਰਾ ਜ਼ੋਰ ਮੁਫਤ ਦੀਆਂ ਰਿਉੜੀਆਂ ਵੰਡਣ ਦੀ ਮੁਕਾਬਲੇਬਾਜ਼ੀ ਉੱਤੇ ਲੱਗਦਾ ਰਹਿੰਦਾ ਹੈ। ਪੰਜਾਬ ਜਦੋਂ ਅਗਲੀ ਵਿਧਾਨ ਸਭਾ ਚੋਣ ਦੇ ਦੌਰ ਵਿੱਚ ਦਾਖਲ ਹੋ ਚੁੱਕਾ ਹੈ, ਇਸ ਵਿੱਚ ਹਰ ਧਿਰ ਸਿਆਸੀ ਗਾਹ ਪਾਉਂਦੀ ਨਜ਼ਰ ਪੈਂਦੀ ਹੈ, ਪਰ ਇਹ ਗੱਲ ਕੋਈ ਨਹੀਂ ਸੋਚਦਾ ਜਾਂ ਉਹ ਸੋਚਦੇ ਵੀ ਹਨ ਤਾਂ ਲੋਕਾਂ ਮੂਹਰੇ ਮੰਨਦੇ ਨਹੀਂ ਕਿ ਏਦਾਂ ਦੋਵੀਂ ਹੱਥੀਂ ਨੋਟਾਂ ਦਾ ਖਿਲਾਰਾ ਪਾਉਣ ਦੇ ਕੰਮ ਜੇ ਹਰ ਕੋਈ ਧਿਰ ਲੱਗੀ ਰਹੀ ਤਾਂ ਪੰਜਾਬ ਦਾ ਬਣੇਗਾ ਕੀ! ਏਦਾਂ ਦਾ ਕੋਈ ਨੇਤਾ ਪੰਜਾਬ ਦੇ ਕੋਲ ਦਿਖਾਈ ਨਹੀਂ ਦੇਂਦਾ, ਜਿਹੜਾ ਆਪਣੇ ਅਤੇ ਆਪਣੀ ਧਾੜ ਦੇ ਰਾਜਸੀ ਹਿੱਤਾਂ ਤੋਂ ਅੱਗੇ ਸੋਚਣ ਵਾਲਾ ਕਹਿ ਸਕੀਏ।

ਸਾਡੇ ਪੰਜਾਬ ਦੀ ਧਰਤੀ ਹੇਠ ਏਦਾਂ ਦਾ ਖਜ਼ਾਨਾ ਕੋਈ ਨਹੀਂ, ਜਿਹੋ ਜਿਹੇ ਅਰਬ ਦੇਸ਼ਾਂ ਵਿੱਚ ਤੇਲ ਅਤੇ ਭਾਰਤ ਦੇ ਕੁਝ ਰਾਜਾਂ ਕੋਲ ਧਾਤਾਂ ਦੇ ਖਜ਼ਾਨੇ ਹਨ। ਮੁੱਢਾਂ ਤੋਂ ਖੇਤੀ ਆਸਰੇ ਅਤੇ ਕਿਰਤ ਕਰਨ ਦੇ ਸੱਭਿਆਚਾਰ ਸਦਕਾ ਨਾ ਸਿਰਫ ਵੱਸਦੇ ਆਏ, ਸਗੋਂ ਹਮਲਾਵਰਾਂ ਨਾਲ ਭੇੜ ਵੀ ਭਿੜਦੇ ਆਏ ਅਤੇ ਹਰ ਵਾਰੀ ਹੋਏ ਨੁਕਸਾਨ ਪਿੱਛੋਂ ਸੰਭਲਦੇ ਰਹੇ ਪੰਜਾਬ ਦੀ ਹਾਲਤ ਅੱਜ ਵਿਗੜਦੀ ਜਾਂਦੀ ਹੈ। ਵਿਦੇਸ਼ੀ ਹਮਲਾਵਰਾਂ ਨਾਲ ਮੁਕਾਬਲੇ ਵਾਲੇ ਸਿਰੜ ਵਿੱਚੋਂ ਇੱਕ ਮੁਹਾਵਰਾ ਬਣਿਆ ਸੀ, 'ਖਾਧਾ-ਪੀਤਾ ਲਾਹੇ ਦਾ, ਬਾਕੀ ਅਹਿਮਦ ਸ਼ਾਹੇ ਦਾ', ਅਰਥਾਤ ਜਿੰਨਾ ਖਾ-ਪੀ ਲਿਆ, ਉਹ ਆਪਣਾ ਹੈ ਅਤੇ ਬਾਕੀ ਸਭ ਕੁਝ ਅਹਿਮਦ ਸ਼ਾਹ ਅਬਦਾਲੀ ਨੇ ਲੁੱਟ ਕੇ ਲੈ ਜਾਣਾ ਹੈ। ਬਹੁਤ ਲੰਮਾ ਸਮਾਂ ਉਸ ਦੌਰ ਨੂੰ ਗੁਜ਼ਰ ਚੁੱਕਾ ਹੈ। ਪੰਜਾਬ ਅੱਜ ਅਬਦਾਲੀਆਂ ਦੇ ਲਸ਼ਕਰਾਂ ਦੀ ਮਾਰ ਹੇਠ ਬੇਸ਼ੱਕ ਨਹੀਂ ਆਵੇਗਾ, ਪਰ ਨਵੇਂ ਦੌਰ ਵਿੱਚ ਇਸ ਦੇ ਅੰਦਰੋਂ ਅਬਦਾਲੀ ਵਾਂਗ ਲੁੱਟ-ਖਸੁੱਟ ਕਰਨ ਵਾਲੇ ਲਸ਼ਕਰ ਜਿਹੇ ਉੱਠ ਖੜੋਤੇ ਹਨ। ਇਹ ਅਜੋਕੇ ਲੁਟੇਰੇ ਲਸ਼ਕਰ ਆਪਣੇ ਮਕਸਦ ਵਾਸਤੇ ਰਾਜਨੀਤੀ ਨੂੰ ਲਸ਼ਕਰਾਂ ਵਾਲੀ ਇਸ ਮਾਨਸਿਕਤਾ ਨਾਲ ਵਰਤਦੇ ਹਨ ਕਿ ਪਿੱਛਾ ਕਰਦੇ ਕਾਫਲਿਆਂ ਦਾ ਧਿਆਨ ਵੰਡਾਉਣ ਲਈ ਕੁਝ ਨਾ ਕੁਝ ਮੋਹਰਾਂ ਖਿਲਾਰਦੇ ਜਾਓ, ਅਰਥਾਤ ਲੋਕ ਉਨ੍ਹਾਂ ਦੀ ਕਿਸੇ ਲੁੱਟ ਦਾ ਜ਼ਿਕਰ ਕਰਨ ਜੋਗੇ ਨਾ ਰਹਿ ਜਾਣ, ਇਸ ਲਈ ਹਰ ਚੋਣ ਮੌਕੇ ਉਨ੍ਹਾਂ ਅੱਗੇ ਸ਼ਾਹੀ ਮੋਹਰਾਂ ਵਰਗੀਆਂ ਉਨ੍ਹਾਂ ਛੋਟਾਂ ਦਾ ਛੱਟਾ ਦੇਣ ਲੱਗੇ ਰਹੋ, ਜਿਸ ਦਾ ਸਮੁੱਚਾ ਖਰਚ ਸਰਕਾਰੀ ਖਜ਼ਾਨੇ ਵਿੱਚੋਂ ਹੋਣ ਮਗਰੋਂ ਪੰਜਾਬੀਆਂ ਨੂੰ ਟੈਕਸ ਦੇ ਕੇ ਉਸ ਦੀ ਪੂਰਤੀ ਵੀ ਕਰਨੀ ਪੈ ਜਾਂਦੀ ਹੈ।

ਸਰਕਾਰੀ ਖਜ਼ਾਨੇ ਵਿੱਚੋਂ ਮੁਫਤ ਅਨਾਜ ਮਹਾਰਾਜਾ ਰਣਜੀਤ ਸਿੰਘ ਨੇ ਵੀ ਵੰਡਿਆ ਸੀ, ਹੋਰ ਸਰਕਾਰਾਂ ਵੀ ਸੰਕਟ ਦੇ ਸਮੇਂ ਵੰਡਦੀਆਂ ਹਨ, ਪਰ ਸੰਕਟ ਦੇ ਬਿਨਾਂ ਸਿਰਫ ਸਿਆਸੀ ਲਾਭ ਲੈਣ ਲਈ ਛੋਟਾਂ ਦੇਣ ਤੇ ਪੂਰੇ ਨਾ ਹੋ ਸਕਣ ਵਾਲੇ ਲਾਰੇ ਲਾਉਣ ਦਾ ਜਿਹੜਾ ਕੰਮ ਅੱਜਕੱਲ੍ਹ ਹੁੰਦਾ ਹੈ, ਉਹ ਸਰਕਾਰਾਂ ਇਹ ਕੁਝ ਨਹੀਂ ਸਨ ਕਰਦੀਆਂ। ਅੱਜ ਵੀ ਵਿਕਸਤ ਦੇਸ਼ਾਂ ਦੀਆਂ ਸਰਕਾਰਾਂ ਆਪਣੇ ਅੜੇ-ਥੁੜੇ ਨਾਗਰਿਕਾਂ ਨੂੰ ਜ਼ਿੰਦਗੀ ਦੀ ਗੱਡੀ ਚੱਲਦੀ ਰੱਖਣ ਲਈ ਸਹੂਲਤਾਂ ਦੇਂਦੀਆਂ ਹਨ ਤੇ ਦੇਣੀਆਂ ਵੀ ਚਾਹੀਦੀਆਂ ਹਨ, ਪਰ ਰਾਜ ਵਿੱਚ ਹਰ ਕਿਸੇ ਲਈ ਛੋਟਾਂ ਦੇਣ ਸਮੇਂ ਉਨ੍ਹਾਂ ਨੂੰ ਵੀ ਦੇਣੀਆਂ ਠੀਕ ਨਹੀਂ, ਜਿਨ੍ਹਾਂ ਕੋਲ ਇਸ ਤਰ੍ਹਾਂ ਦੀ ਸਮਰੱਥਾ ਹੈ ਅਤੇ ਉਨ੍ਹਾਂ ਨੂੰ ਇਸ ਦੀ ਲੋੜ ਨਹੀਂ, ਇਹ ਰਾਹ ਠੀਕ ਨਹੀਂ। ਅਗਲੀ ਚੋਣ ਲਈ ਜਿਹੜਾ ਸਾਲ ਤੋਂ ਕੁਝ ਘੱਟ ਵਕਤ ਰਹਿੰਦਾ ਹੈ, ਉਸ ਦੌਰਾਨ ਅਸੀਂ ਪੰਜਾਬ ਦੇ ਲੋਕਾਂ ਨੇ ਇਹੋ ਕੁਝ ਸੁਣਦੇ ਰਹਿਣਾ ਅਤੇ ਨਾਲ ਦੀ ਨਾਲ ਇਹ ਸੋਚਦੇ ਰਹਿਣਾ ਹੈ ਕਿ ਲੀਡਰਾਂ ਨੇ ਪੰਜਾਬ ਦੇ ਲੋਕਾਂ ਨੂੰ ਮੰਗਤੇ ਬਣਾ ਛੱਡਿਆ ਹੈ।

ਉਹ ਵਕਤ ਆ ਚੁੱਕਾ ਹੈ, ਜਦੋਂ ਕੁਝ ਸੁਹਿਰਦ ਧਿਰਾਂ ਜਾਂ ਕੁਝ ਸੁਹਿਰਦ ਸ਼ਖਸੀਅਤਾਂ ਨੂੰ ਲੋਕਾਂ ਕੋਲ ਜਾ ਕੇ ਇਹ ਕਹਿਣਾ ਚਾਹੀਦਾ ਹੈ ਕਿ ਸਿਆਸੀ ਲੋੜਾਂ ਖਾਤਰ ਦਿੱਤੀਆਂ ਜਾ ਰਹੀਆਂ ਇਹ ਛੋਟਾਂ ਤੁਹਾਡੀ ਅਗਲੀ ਪੀੜ੍ਹੀ ਦਾ ਸੱਤਿਆਨਾਸ ਕਰ ਦੇਣਗੀਆਂ, ਇਨ੍ਹਾਂ ਨੂੰ ਸੁਣ ਕੇ ਤਾੜੀਆਂ ਮਾਰਨ ਦੀ ਥਾਂ 'ਨਹੀਂ-ਨਹੀਂ' ਕਹਿਣ ਦੀ ਜਾਚ ਸਿੱਖੋ। ਬਦਕਿਸਮਤੀ ਨਾਲ ਅਜੇ ਤੱਕ ਏਨੀ ਗੱਲ ਕਹਿ ਸਕਣ ਦੀ ਜੁਰਅੱਤ ਵਾਲਾ ਕੋਈ ਸ਼ਖਸ ਮੂਹਰੇ ਨਹੀਂ ਆ ਰਿਹਾ। ਬਹੁਤ ਸਾਰੇ ਲੋਕ ਮਹਿਸੂਸ ਕਰਦੇ ਹਨ ਕਿ ਪੰਜਾਬ ਦੀ ਅਗਲੀ ਪੀੜ੍ਹੀ ਦਾ ਭਵਿੱਖ ਬਚਾਉਣ ਲਈ ਲੋਕਾਂ ਨੂੰ ਨਾਂਹ ਕਰਨੀ ਸਿਖਾਉਣ ਲਈ ਉਨ੍ਹਾਂ ਕੋਲ ਜਾਣਾ ਚਾਹੀਦਾ ਹੈ, ਪਰ ਖੁਦ ਕਰਨ ਦੀ ਥਾਂ ਕਿਸੇ ਏਦਾਂ ਦੇ ਰਹਿਬਰ ਦੀ ਉਡੀਕ ਵਿੱਚ ਅੱਖਾਂ ਵਿਛਾਈ ਬੈਠੇ ਹਨ, ਜਿਹੜਾ ਆਣ ਕੇ ਅਗਵਾਈ ਕਰਨ ਲਈ ਝੰਡਾ ਗੱਡ ਸਕੇ। ਇੱਕ-ਦੋ ਚਿੰਤਕਾਂ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਇਸ ਸੋਚ ਦਾ ਹੁੰਗਾਰਾ ਭਰਿਆ, ਪਰ ਨਾਲ ਹੀ ਕਿਹਾ ਕਿ ਕੰਮ ਬਿਨਾਂ ਸ਼ੱਕ ਨੇਕ ਹੈ, ਪਰ ਜਿਹੜਾ ਵੀ ਏਦਾਂ ਕਰਨ ਲਈ ਤੁਰੇਗਾ, ਸਾਰੇ ਰੰਗਾਂ ਦੇ ਸਿਆਸੀ ਆਗੂਆਂ ਦੇ ਅੱਖਾਂ ਵਿੱਚ ਰੜਕਣ ਲੱਗ ਸਕਦਾ ਹੈ। ਜਿਸ ਕਿਸੇ ਨੇ ਪੰਜਾਬ ਦਾ ਭਲਾ ਸੋਚਣਾ ਹੈ, ਏਦਾਂ ਦੇ ਰਿਸਕ ਤਾਂ ਉਸ ਨੂੰ ਲੈਣੇ ਹੀ ਪੈਣਗੇ। ਕੀ ਕੋਈ ਨਿੱਤਰੇਗਾ ਇਹ ਝੰਡੀ ਚੁੱਕਣ ਵਾਲਾ?

# ਰੰਗਾਂ ਵਿਚ ਹੈ ਪਿਆਰ ਕਿ ਹੋਲੀ ਆਈ ਰੇ

ਬਲਵਿੰਦਰ ਬਾਲਮ
ਉਂਕਾਰ ਨਗਰ, ਗੁਰਦਾਸਪੁਰ (ਪੰਜਾਬ)
ਮੋ: 98156-25409
ਪੰਜਾਬ ਮੇਲ USA





ਅਗਰ ਜ਼ਿੰਦਗੀ ਵਿਚ, ਕੁਦਰਤ ਵਿਚ ਸੁੰਦਰ ਰੰਗਾਂ ਦੀ ਹੋਂਦ ਨਾ ਹੁੰਦੀ, ਤਾਂ ਸ਼ਾਇਦ ਸਾਰੀ ਦੁਨੀਆਂ, ਸਾਰੀ ਜ਼ਿੰਦਗੀ ਨਿਰਰਥਕ ਹੁੰਦੀ। ਵੱਖ-ਵੱਖ ਰੰਗਾਂ ਦੀ ਦਿਲਕਸ਼ ਦਿੱਖ ਵੀ ਪ੍ਰਾਣੀਆਂ ਦੇ ਦਿਲ-ਦਿਮਾਗ ਅਤੇ ਜਿਸਮ ਦੇ ਉਪਰ ਗਹਿਰਾ ਪ੍ਰਭਾਵ ਛੱਡਦੇ ਹਨ। ਰੰਗ ਨਾ ਹੁੰਦੇ ਤਾਂ ਜੀਵਨ ਵਿਚ ਮਿਠਾਸ ਨਾ ਹੁੰਦੀ, ਜੀਵਨ ਫਿੱਕਾ-ਫਿੱਕਾ ਹੁੰਦਾ। ਰੰਗਾਂ ਵਿਚ ਮੋਹ-ਪਿਆਰ ਹੁੰਦਾ ਹੈ। ਰੰਗਾਂ ਵਿਚ ਭਗਵਾਨ ਵੱਸਦੇ ਹਨ। ਰੰਗਾਂ ਵਿਚ ਹੀ ਅਲੌਕਿਕਤਾ ਹੈ।

ਹੋਲੀ ਦੇ ਤਿਉਹਾਰ ਸਾਰੇ ਭਾਰਤ ਹੀ ਨਹੀਂ, ਬਲਕਿ ਵਿਦੇਸ਼ਾਂ ਵਿਚ ਵੀ ਧੂਮਧਾਮ ਤੇ ਸ਼ਰਧਾ ਭਾਵ ਨਾਲ ਮਨਾਇਆ ਜਾਂਦਾ ਹੈ। ਰੰਗਾਂ ਦੀ ਮਰਿਆਦਾ ਵਿਚ ਉਤਸ਼ਾਹ ਦੇ ਨਜ਼ਾਰੇ ਸੱਤਰੰਗੀ ਪਰਿਭਾਸ਼ਾ ਛੱਡਦੇ ਹਨ। ਖ਼ੁਸ਼ੀ, ਉਮੰਗ, ਤਰੰਗ, ਉਤਸ਼ਾਹ, ਭਾਈਚਾਰਾ, ਦੇਸ਼ ਭਗਤੀ ਅਤੇ ਰੰਗ-ਰੂਪ, ਜਾਤ-ਪਾਤ ਤੋਂ ਉਪਰ ਉਠਕੇ ਇਹ ਤਿਉਹਾਰ ਮਨਾਇਆ ਜਾਂਦਾ ਹੈ।

ਇਹ ਤਿਉਹਾਰ ਫੱਗਣ ਦੀ ਪੂਰਨਮਾਸ਼ੀ ਨੂੰ ਮਨਾਇਆ ਜਾਂਦਾ ਹੈ। ਇਸ ਦਿਨ ਸਾਰੇ ਆਦਮੀ, ਔਰਤਾਂ ਅਤੇ ਬੱਚੇ ਬੁੱਢੇ ਹੋਲੀ ਦਾ ਪੂਜਣ ਕਰਦੇ ਹਨ। ਪੂਜਾ ਅਰਚਨਾ ਤੋਂ ਬਾਅਦ ਹੋਲੀਕਾ ਨੂੰ ਜਲਾਇਆ ਜਾਂਦਾ ਹੈ। ਇਸ ਦਿਨ ਵਰਤ ਰੱਖਣੇ ਸ਼ੁੱਭ ਮੰਨੇ ਜਾਂਦੇ ਹਨ। ਇਸ ਦਿਨ ਹਨੂੰਮਾਨ ਜੀ, ਭੈਰੋਂ ਜੀ ਆਦਿ ਦੇਵਤਿਆਂ ਦੀ ਵੀ ਪੂਜਾ ਕੀਤੀ ਜਾਂਦੀ ਹੈ। ਜਿਨ੍ਹਾਂ ਸਥਾਨਾਂ ਉਪਰ ਭਗਵਾਨ ਦੀਆਂ ਲੀਲਾ ਪ੍ਰਸੰਗ ਕਿਰਿਆਵਾਂ ਹੋਈਆਂ, ਉਥੇ ਉਥੇ ਮੰਦਿਰ ਸਥਾਪਤ ਹੋਏ, ਜੋ ਕਿ ਤੀਰਥ ਸਥਾਨ ਦਾ ਰੂਪ ਬਣ ਗਏ। ਹੋਲੀ ਇਸ ਇਤਿਹਾਸ ਨਾਲ ਵੀ ਜੁੜੀ ਹੋਈ ਹੈ। ਵੈਸੇ ਤਾਂ ਹੋਲੀ ਦਾ ਮੰਗਲਾਚਰਣ ਬਸੰਤ ਰੁੱਤ ਵਿਚ ਹੀ ਹੋ ਜਾਂਦਾ ਹੈ। ਸਾਰਾ ਬਰਜ (ਕ੍ਰਿਸ਼ਨ ਸਥਾਨ) ਅਲੌਕਿਕਤਾ ਨਾਲ ਭਰ ਜਾਂਦਾ ਹੈ। ਜਗ੍ਹਾ-ਜਗ੍ਹਾ ਉਪਰ ਗੁਲਾਲ ਦੀ ਹੋਲੀ ਸ਼ੁਰੂ ਹੋ ਜਾਂਦੀ ਹੈ। ਧਰਤੀ ਦਾ ਕਣ-ਕਣ ਹੋਲੀਮਏ ਹੋ ਜਾਂਦਾ ਹੈ।

ਸ਼੍ਰੀ ਕ੍ਰਿਸ਼ਨ ਦੀ ਲੀਲਾ ਸਬਲੀ ਬਰਜ ਦੀ ਹੋਲੀ ਦਾ ਨਜ਼ਾਰਾ ਹੀ ਕੁਝ ਹੋਰ ਹੁੰਦਾ ਹੈ। ਬਰਜ ਦੇ ਵਰਸਾਨਾ ਮੰਥੁਰਾ, ਵ੍ਰਿੰਦਾਵਨ ਅਤੇ ਨੰਦਗਾਵ ਦੀ ਹੋਲੀ ਦੀ ਪ੍ਰਸਿੱਧਤਾ ਹਾਸ-ਵਿਲਾਸ, ਸ਼੍ਰੀ ਕ੍ਰਿਸ਼ਨ, ਰਾਧਾ ਦੀ ਰਾਸ ਲੀਲਾ ਅਤੇ ਨਾਚ-ਭੰਗੜੇ ਭਜਨ-ਸੰਗੀਤ, ਹੱਸੀ-ਠੇਠਲੀਆਂ, ਖੁਸ਼ੀਆਤਮਿਕ ਸ਼ੋਰ-ਸ਼ਰਾਬਾ ਅਤੇ ਮਨੋਰੰਜਨ ਦਾ ਇਕ ਵੱਖਰਾ ਨੂਰ ਝਲਕਦਾ ਹੈ।

ਅਗਰ ਜ਼ਿੰਦਗੀ ਵਿਚ, ਕੁਦਰਤ ਵਿਚ ਸੁੰਦਰ ਰੰਗਾਂ ਦੀ ਹੋਂਦ ਨਾ ਹੁੰਦੀ, ਤਾਂ ਸ਼ਾਇਦ ਸਾਰੀ ਦੁਨੀਆਂ, ਸਾਰੀ ਜ਼ਿੰਦਗੀ ਨਿਰਰਥਕ ਹੁੰਦੀ। ਵੱਖ-ਵੱਖ ਰੰਗਾਂ ਦੀ ਦਿਲਕਸ਼ ਦਿੱਖ ਵੀ ਪ੍ਰਾਣੀਆਂ ਦੇ ਦਿਲ-ਦਿਮਾਗ ਅਤੇ ਜਿਸਮ ਦੇ ਉਪਰ ਗਹਿਰਾ ਪ੍ਰਭਾਵ ਛੱਡਦੇ ਹਨ। ਰੰਗ ਨਾ ਹੁੰਦੇ ਤਾਂ ਜੀਵਨ ਵਿਚ ਮਿਠਾਸ ਨਾ ਹੁੰਦੀ, ਜੀਵਨ ਫਿੱਕਾ-ਫਿੱਕਾ ਹੁੰਦਾ। ਰੰਗਾਂ ਵਿਚ ਮੋਹ-ਪਿਆਰ ਹੁੰਦਾ ਹੈ। ਰੰਗਾਂ ਵਿਚ ਭਗਵਾਨ ਵੱਸਦੇ ਹਨ। ਰੰਗਾਂ ਵਿਚ ਹੀ ਅਲੌਕਿਕਤਾ ਹੈ। ਰੰਗ ਹੀ ਸੁੰਦਰਤਾ ਦੇ ਅਰਥ ਦੱਸਦੇ ਹੋਏ ਜੰਨਤ ਦੇ ਰਸਤੇ ਖੋਲ੍ਹਦੇ ਹਨ। ਸੁੰਦਰ ਦ੍ਰਿਸ਼ ਹੀ ਜੰਨਤ ਦੇ ਪਰਾਏਵਾਚੀ ਹਨ। ਰੰਗਾਂ ਦਾ ਪ੍ਰਭਾਵ ਜ਼ਿੰਦਗੀ ਦੇ ਹਰ ਇਕ ਕਾਰਜ ਉਪਰ ਪੈਂਦਾ ਹੈ। ਜਿਸ ਦੇ ਨਤੀਜੇ ਪ੍ਰਭਾਵ ਪੂਰਵਕ ਹੁੰਦੇ ਹਨ। ਰੰਗਾਂ ਦੀ ਸੁੰਦਰਤਾ ਹੀ ਕੁਦਰਤ ਦਾ ਨਾਂਅ ਹੈ। ਰੰਗਾਂ ਦੇ ਸਮੂਹ ਨੂੰ ਹੀ ਕੁਦਰਤ ਕਿਹਾ ਜਾਂਦਾ ਹੈ। ਅੱਖਾਂ ਵਿਚ ਉਭਰਦੇ ਰੰਗਾਂ ਦੇ ਪ੍ਰਤੀਬਿੰਬ ਦਿਮਾਗ, ਹਿਰਦੇ ਨੂੰ ਤਾਜ਼ਗੀ ਅਤੇ ਸ਼ਾਂਤੀ ਬਖ਼ਸ਼ਦੇ ਹਨ। ਰੰਗ ਤਾਂ ਕਰੂਪ ਨੂੰ ਵੀ ਸਰੂਪ ਬਣਾ ਦਿੰਦੇ ਹਨ। ਦੁਨੀਆਂ ਵਿਚ ਜਿੰਨੀਆਂ ਵੀ ਖ਼ੂਬਸੂਰਤ ਚੀਜ਼ਾਂ ਹਨ, ਸਭ ਰੰਗਾਂ ਦੀ ਬਦੌਲਤ ਹੀ ਤਾਂ ਹਨ। ਰੰਗਾਂ ਵਿਚ ਹੀ ਸਾਰਾ ਸੰਸਾਰ ਸੁੰਦਰ ਲੱਗਦਾ ਹੈ। ਸੁਹਣਾ ਲੱਗਦਾ ਹੈ। ਚਾਹੇ ਰੰਗ ਸੰਜੀਵ ਹਨ ਜਾਂ ਨਿਰਜੀਵ। ਰੰਗ ਆਕਰਸ਼ਣ ਪੈਦਾ ਕਰਦੇ ਹਨ। ਰੰਗ ਪਿਆਰ-ਮੁਹੱਬਤ ਉਤਪੰਨ ਕਰਦੇ ਹਨ। ਰੰਗ ਮਿਲਾਪ-ਮੇਲ ਵਧਾਉਂਦੇ ਹਨ। ਹਰ ਇਕ ਦੇਸ਼ ਰੰਗਾਂ ਦੀ ਪਹਿਚਾਣ ਨਾਲ ਹੀ ਜਾਣਿਆ ਜਾਂਦਾ ਹੈ। ਰੰਗ ਦੇਸ਼ ਦੀ ਅਗਵਾਈ ਕਰਦੇ ਹਨ। ਰੰਗ ਨਾ ਹੁੰਦੇ ਤਾਂ ਜ਼ਿੰਦਗੀ ਦੇ ਢੰਗ ਵੀ ਨਾ ਹੁੰਦੇ। ਹਿਰਦੇ-ਮਸਤਕ ਨੂੰ ਰੰਗ ਹੀ ਜਚਦੇ ਹਨ, ਜਿਸ ਦੇ ਕਾਰਨ ਮਨੁੱਖ ਆਪਣੀ ਅੰਦਰੂਨੀ-ਬਾਹਰੀ ਸ਼ਕਤੀ ਨੂੰ ਤੋਲਦਾ ਹੈ। ਰੰਗਾਂ ਕਰਕੇ ਹੀ 'ਤੂੰ ਅਤੇ ਮੈਂ' ਦੀ ਹੋਂਦ ਹੈ। ਰੰਗਾਂ ਕਰਕੇ ਹੀ ਪਿਆਰ ਪਨਪਦਾ ਹੈ। ਰੰਗਾਂ ਕਰਕੇ ਹੀ ਉਪਲਭਦੀਆਂ, ਉਪਾਧੀਆਂ, ਆਦੀਆ-ਵਾਦੀਆਂ ਹਨ।

ਹੋਲੀ ਦੇ ਤਿਉਹਾਰ ਨਾਲ ਅਨੇਕ ਹੀ ਇਤਿਹਾਸਕ, ਮਿਥਿਹਾਸਿਕ, ਵਿਸ਼ਵਾਸ ਮੱਤ, ਪ੍ਰੇਰਕ ਪ੍ਰਸੰਗ, ਦੰਦ ਕਥਾਵਾਂ ਜੁੜੀਆਂ ਹੋਈਆਂ ਹਨ। ਵਿਸ਼ਵਾਸ ਮੱਤ ਹੈ ਕਿ ਇਕ ਸਮੇਂ ਦੀ ਗੱਲ ਹੈ ਕਿ ਭਾਰਤ ਵਰਸ਼ ਵਿਚ ਇਕ ਹਿਰਣੇਕਸ਼ਪ ਨਾਮ ਦਾ ਰਾਕਸ਼ ਰਾਜ ਕਰਦਾ ਸੀ। ਉਸ ਦਾ ਇਕ ਪੁੱਤਰ ਪ੍ਰਹਿਲਾਦ ਸੀ, ਜੋ ਭਗਵਾਨ ਵਿਚ ਅਥਾਹ ਵਿਸ਼ਵਾਸ਼ ਰੱਖਦਾ ਸੀ। ਉਸਦਾ ਪਿਤਾ ਭਗਵਾਨ ਨੂੰ ਨਹੀਂ ਸੀ ਮੰਨਦਾ। ਉਹ ਆਪਣੇ ਆਪ ਨੂੰ ਖ਼ੁਦ ਹੀ ਭਗਵਾਨ ਸਮਝਦਾ ਸੀ। ਉਹ ਆਪਣੇ ਰਾਜ ਵਿਚ ਭਗਵਾਨ ਦਾ ਨਾਮ ਨਹੀਂ, ਕੇਵਲ ਆਪਣਾ ਹੀ ਨਾਮ ਜੱਪਣ ਨੂੰ ਕਹਿੰਦਾ। ਪਰ ਪ੍ਰਹਿਲਾਦ ਭਗਵਾਨ ਵਿਚ ਵਿਸ਼ਵਾਸ ਰੱਖਦਾ ਸੀ। ਉਹ ਦਿਨ-ਰਾਤ ਭਗਵਾਨ ਦੀ ਪੂਜਾ ਕਰਦਾ ਸੀ ਪਰ ਉਸ ਦੇ ਪਾਪੀ ਪਿਤਾ ਨੂੰ ਇਹ ਸਭ ਕੁਝ ਚੰਗਾ ਨਹੀਂ ਸੀ ਲੱਗਦਾ। ਉਹ ਪ੍ਰਹਿਲਾਦ ਨੂੰ ਭਗਵਾਨ ਦਾ ਨਾਮ ਜੱਪਣ ਤੋਂ ਰੋਕਦਾ ਸੀ ਪਰ ਪ੍ਰਹਿਲਾਦ ਟੱਸ ਤੋਂ ਮੱਸ ਨਾ ਹੋਇਆ, ਤਾਂ ਉਸ ਨੇ ਪ੍ਰਹਿਲਾਦ ਉਪਰ ਕਈ ਅੱਤਿਆਚਾਰ ਕੀਤੇ। ਜਾਨੋਂ ਮਾਰਨ ਦੀ ਵੀ ਕੋਸ਼ਿਸ ਕੀਤੀ ਪਰ ਪ੍ਰਹਿਲਾਦ ਦਾ ਵਾਲ ਵਿੰਗਾ ਨਾ ਹੋਇਆ। ਅੰਤ ਵਿਚ ਉਸਦਾ ਪਿਤਾ ਬੋਲਿਆ ਕਿ ਮੇਰੀ ਭੈਣ ਹੋਲੀਕਾ ਨੂੰ ਬੁਲਾਓ ਅਤੇ ਉਸ ਨੂੰ ਕਹੋ ਕਿ ਪ੍ਰਹਿਲਾਦ ਨੂੰ ਅੱਗ ਵਿਚ ਲੈ ਕੇ ਬੈਠ ਜਾਵੇ, ਜਿਸ ਨਾਲ ਪ੍ਰਹਿਲਾਦ ਤਾਂ ਸੜ ਕੇ ਮਰ ਜਾਵੇਗਾ ਅਤੇ ਹੋਲੀਕਾ ਦਾ ਅੱਗ ਵੀ ਕੁਝ ਨਹੀਂ ਵਿਗਾੜ ਸਕਦੀ ਕਿਉਂਕਿ ਹੋਲੀਕਾ ਨੂੰ ਇਹ ਵਰਦਾਨ ਸੀ ਕਿ ਉਸ ਨੂੰ ਅੱਗ ਨਹੀਂ ਸਾੜ ਸਕਦੀ। ਆਖ਼ਿਰ ਹੋਲੀਕਾ ਨੂੰ ਬੁਲਾਇਆ ਗਿਆ। ਉਸਨੇ ਆਪਣੇ ਭਰਾ ਦੀ ਗੱਲ ਮੰਨੀ ਅਤੇ ਅੱਗ ਦੇ ਭਾਂਬੜ ਵਿਚ ਉਹ ਪ੍ਰਹਿਲਾਦ ਲੈ ਕੇ ਬੈਠ ਗਈ। ਪ੍ਰਹਿਲਾਦ ਨੂੰ ਕੁਝ ਨਾ ਹੋਇਆ। ਉਹ ਜੀਵਿਤ ਰਿਹਾ। ਉਸ ਦਿਨ ਤੋਂ ਇਹ ਹੋਲੀਕਾ ਜਲਾਈ (ਸਾੜੀ) ਜਾਂਦੀ ਹੈ। ਭਗਵਾਨ ਆਪਣੇ ਭਗਤਾਂ ਦੀ ਹਰ ਹਾਲ ਰੱਖਿਆ ਕਰਦਾ ਹੈ, ਭਾਵ ਕਿ ਸੱਚਾਈ ਅਤੇ ਨਿਮਰਤਾ ਦੀ ਹੀ ਜਿੱਤ ਹੁੰਦੀ ਹੈ।

ਹੋਲੀ ਦੇ ਦਿਨ ਢੋਲ, ਨਗਾਰੇ, ਨਾਚ, ਗਿੱਧੇ, ਭੰਗੜੇ ਪਾਏ ਜਾਂਦੇ ਹਨ। ਇਸ ਦਿਨ ਦੁਸ਼ਮਣ ਵੀ ਮਿੱਤਰ ਬਣੇ ਜਾਂਦੇ ਹਨ। ਰੰਗਾਂ ਦੀ ਬਰਸਾਤ ਹੁੰਦੀ ਹੈ। ਖ਼ੁਸ਼ੀ ਪੱਬਾਂ ਭਾਰ ਹੋ ਕੇ ਨੱਚਦੀ ਹੈ। ਇਸ ਦਿਨ ਪੂਜਾ ਅਰਚਨਾ ਦੇ ਬਾਅਦ ਜਲ, ਰੋਲੀ (ਹਲਦੀ ਚੂਨੇ ਨਾਲ ਬਣੀ ਹੋਈ ਲਾਲ ਰੰਗ ਦੀ ਬੁਕਤੀ ਜਿਸ ਦਾ ਤਿਲਕ ਲਗਾਇਆ ਜਾਂਦਾ ਹੈ) ਮੋਲੀ, ਚੌਲ, ਫੁੱਲ, ਪ੍ਰਸ਼ਾਦ, ਗੁਲਾਲ, ਚੰਦਨ, ਨਾਰੀਅਲ ਆਦਿ ਚੜ੍ਹਾਏ ਜਾਂਦੇ ਹਨ। ਥਾਲ ਵਿਚ ਰੱਖੇ ਦੀਵਿਆਂ ਨਾਲ ਆਰਤੀ ਕਰਕੇ ਡੰਡੌਤ ਕਰਨਾ ਸ਼ੁੱਭ ਮੰਨਿਆਂ ਜਾਂਦਾ ਹੈ, ਤਾਂ ਕਿ ਮਨੁੱਖ ਵਿਚ ਨਿਮਰਤਾ ਬਣੀ ਰਹੇ। ਫਿਰ ਸਭ ਦੇ ਰੋਲੀ ਨਾਲ ਤਿਲਕ ਲਗਾਇਆ ਜਾਂਦਾ ਹੈ। ਵੱਖ-ਵੱਖ ਢੰਗਾਂ-ਮਰਿਆਦਾ ਨਾਲ ਹੋਲੀ ਦੀ ਪੂਜਾ ਕੀਤੀ ਜਾਂਦੀ ਹੈ। ਹੋਲੀ ਵਿਚ ਅੱਗ ਲਗਾਉਂਦੇ ਹੀ ਉਸ ਡੰਡੇ ਜਾਂ ਲੱਕੜੀ ਨੂੰ ਬਾਹਰ ਕੱਢ ਲਿਆ ਜਾਂਦਾ ਹੈ। ਉਸ ਲੱਕੜੀ ਨੂੰ ਭਗਤ ਪ੍ਰਹਿਲਾਦ ਮੰਨਿਆ ਜਾਂਦਾ ਹੈ।

ਖਿਡੌਣੇ ਰੂਪ ਪਿਚਕਾਰੀਆਂ, ਬਾਲਟੀਆਂ ਆਦਿ ਨਾਲ ਰੰਗਾਂ ਦਾ ਸੰਵਾਦ, ਅਦਾਨ-ਪ੍ਰਦਾਨ ਹੁੰਦਾ ਹੈ। ਇਕ ਮੁਕੰਮਲ ਮਜ਼ਾ। ਖ਼ੁਸ਼ੀ ਦੀ ਅਭਿਵਿਅਕਤੀ ਇਸ ਦਿਨ ਵਧੀਆ ਪਕਵਾਨ, ਮਿਸ਼ਠਾਣ, ਭੋਜਨ, ਨਮਕੀਨ, ਫਲ ਆਦਿ ਦਾ ਸੇਵਨ ਕੀਤਾ ਜਾਂਦਾ ਹੈ। ਮਹਿਮਾਨ ਨਿਵਾਜ਼ੀ ਅਤੇ ਜਜਮਾਨੀ ਦੇ ਆਦਰਸ਼ਕ ਤੌਰ ਤਰੀਕੇ ਅਪਣਾਏ ਜਾਂਦੇ ਹਨ।

ਹੋਲੀ ਦਾ ਤਿਉਹਾਰ ਸ੍ਰੀ ਆਨੰਦਪੁਰ ਸਾਹਿਬ (ਪੰਜਾਬ) ਵਿਚ ਵੀ ਧੂਮ-ਧਾਮ ਅਤੇ ਸ਼ਰਧਾ ਨਾਲ ਮਨਾਇਆ ਜਾਂਦਾ ਹੈ। ਖੇਡ-ਕਿਰਿਆਵਾਂ, ਘੋੜ ਕਿਰਿਆਵਾਂ ਅਤੇ ਭਾਰੀ ਮੇਲਾ ਲੱਗਦਾ ਹੈ। ਲੱਖਾਂ ਦੀ ਤਾਦਾਦ ਵਿਚ ਸ਼ਰਧਾਲੂ ਪਹੁੰਚਦੇ ਹਨ। ਕਈ ਰਾਜਨੀਤਿਕ, ਧਾਰਮਿਕ ਪਾਰਟੀਆਂ ਦੇ ਮੰਚ ਵੀ ਲੱਗਦੇ ਹਨ। ਕਥਾ, ਕੀਰਤਨ, ਸ਼ਬਦ ਗਾਇਨ, ਢਾਡੀ ਜੱਥੇ ਵਿਖਿਆਨ ਅਤੇ ਭਾਸ਼ਣ ਹੁੰਦੇ ਹਨ। ਸਾਰਾ ਆਨੰਦਪੁਰ ਸਾਹਿਬ ਹੋਲੀ ਦੇ ਰੰਗ ਵਿਚ ਰੰਗਿਆ ਜਾਂਦਾ ਹੈ। ਖ਼ਾਲਸੇ ਦਾ ਜਲੌਂ ਅਲੌਕਿਕ ਅਤੇ ਲੌਕਿਕ ਰੂਪ ਵੇਖਣ ਨੂੰ ਮਿਲਦਾ ਹੈ। ਲੱਖਾਂ ਰੰਗ-ਬਿਰੰਗੀਆਂ ਪਗੜੀਆਂ ਹੋਲੀ ਦੇ ਰੰਗ ਵਿਚ ਰੰਗ ਕੇ ਸੁੰਦਰਤਾ ਦੇ ਦ੍ਰਿਸ਼ ਬਿਖੇਰਦੀਆਂ ਹਨ।

ਫਿਰ ਵੀ ਇਸ ਦਿਨ ਕੁਝ ਲੋਕ ਨਸ਼ਾ ਕਰਦੇ ਹਨ, ਜੂਆ ਖੇਡਦੇ ਹਨ, ਜੋ ਬੁਰੀ ਗੱਲ ਹੈ। ਸਮਾਜ ਨੂੰ ਗਲਤ ਦਿਸ਼ਾ ਮਿਲਦੀ ਹੈ। ਫਿਰ ਵੀ ਹੋਲੀ ਦਾ ਤਿਉਹਾਰ ਰੰਗਾਂ ਦੇ ਜ਼ਰੀਏ ਮਾਨਵਤਾ ਦਾ ਸੰਦੇਸ਼ ਦਿੰਦਾ ਰਹੇਗਾ।



# ਹੋਲਾ ਮਹੱਲਾ: ਖਾਲਸਾਈ ਜਾਹੋ ਜਲਾਲ ਦਾ ਪ੍ਰਤੀਕ

ਪ੍ਰਮਿੰਦਰ ਸਿੰਘ
'ਪ੍ਰਵਾਨਾ'
ਕੈਲੀਫੋਰਨੀਆ
510-415-9377
ਪੰਜਾਬ ਮੇਲ USA





**ਹੋਲਾ ਅਰਬੀ ਭਾਸ਼ਾ ਦਾ ਸ਼ਬਦ 'ਹੂਲ' ਭਾਵ ਕੰਮ ਲਈ ਜੂਝਣਾ, ਸੀਸ ਤਲੀ 'ਤੇ ਧਰ ਕੇ ਲੜਨਾ ਤਲਵਾਰ ਦੀ ਧਾਰ 'ਤੇ ਚੱਲਣਾ। ਮਹੱਲਾ 'ਫਾਰਸੀ' ਦੇ ਸ਼ਬਦ 'ਮਹਲਹੇ' ਭਾਵ, ਉਹ ਅਸਥਾਨ ਜਿਥੇ ਫਤਿਹ ਕਰਨ ਤੋਂ ਬਾਅਦ ਟਿਕਾਣਾ ਕੀਤਾ ਜਾਵੇ। ਸਿੱਖ ਗੁਰੂਆਂ ਦਾ ਉਪਦੇਸ਼ ਹੈ ਕਿ ਜ਼ੁਲਮ, ਅਨਿਆਂ ਅਤੇ ਰਾਜਨੀਤਿਕ ਵਧੀਕੀਆਂ ਦੇ ਖਿਲਾਫ ਮਰ ਮਿੱਟਣ ਲਈ ਤਿਆਰ ਰਹਿਣਾ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ 1699 ਦੀ ਵਿਸਾਖੀ ਤੇ ਖਾਲਸਾ ਪੰਥ ਦੀ ਸਾਜਨਾ ਕੀਤੀ।**

ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ 20 ਸਾਲ ਦੇ ਸਮੇਂ ਤੋਂ ਵੱਧ ਅਨੰਦਪੁਰ ਸਾਹਿਬ ਜੀ ਦੀ ਪਾਵਨ ਧਰਤੀ 'ਤੇ ਠਹਿਰੇ। ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਦੇ ਪੁਰਾਤਨ ਇਤਿਹਾਸਕ ਤਿਉਹਾਰਾਂ ਵਿਚ 'ਹੋਲਾ ਮਹਲਾ' ਦੇ ਤਿਉਹਾਰ ਦਾ ਵੀ ਮਹੱਤਵਪੂਰਨ ਸਥਾਨ ਹੈ, ਜੋ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ, ਜੋ ਕਿ ਸ਼ਾਨਾਮੱਤੇ ਇਤਿਹਾਸ, ਗੌਰਵਮਈ ਵਿਰਸੇ, ਬੀਰ-ਰਸ ਨਾਲ ਜੰਗਾਂ ਵਿਚ ਕੁਰਬਾਨੀ, ਰਵਾਇਤੀ ਸ਼ਸਤਰਾਂ ਦਾ ਸਤਿਕਾਰ ਅਤੇ ਪ੍ਰਯੋਗ ਦ੍ਰਿੜ ਕਰਵਾਉਂਦਾ ਹੈ। 'ਹੋਲਾ ਮਹੱਲਾ' ਖਾਲਸਾਈ ਜਾਹੋ-ਜਲਾਲ ਦਾ ਪ੍ਰਤੀਕ ਹੈ। ਸੰਸਾਰਕ ਇਤਿਹਾਸਕ ਤਿਉਹਾਰਾਂ ਵਿਚ ਮੌਸਮ ਦੇ ਬਦਲਣ ਨਾਲ ਹੋਲੀ ਤੇ ਬਸੰਤ ਦੇ ਖੇੜੇ ਮਨੁੱਖੀ ਮਨ ਵਿਚ ਅਨੰਦ ਭਰਦੇ ਹਨ। ਮਨੁੱਖੀ ਚੇਤਨਾ ਵਿਚ ਮਹਾਨ ਘੱਲੂਘਾਰਿਆਂ ਦੀ ਵੀਰ-ਭੂਮੀ ਨੇ ਜਿੱਥੇ ਪੁਰਤਾਨ ਪਿੜ ਨੂੰ ਕਾਇਮ ਰਖਿਆ ਹੈ, ਉਥੇ ਖਾਲਸਾ ਪੰਥ ਨੇ ਆਪਣੀ ਨਿਵੇਕਲੀ ਪਛਾਣ ਨਾਲ ਜੋੜ ਕੇ ਖਾਲਸਾਈ ਤਿਉਹਾਰ ਬੜੇ ਜਾਹੋ-ਜਲਾਲ ਨਾਲ ਮਨਾਏ ਹਨ।

ਹੋਲਾ ਅਰਬੀ ਭਾਸ਼ਾ ਦਾ ਸ਼ਬਦ 'ਹੂਲ' ਭਾਵ ਕੰਮ ਲਈ ਜੂਝਣਾ, ਸੀਸ ਤਲੀ 'ਤੇ ਧਰ ਕੇ ਲੜਨਾ ਤਲਵਾਰ ਦੀ ਧਾਰ 'ਤੇ ਚੱਲਣਾ। ਮਹੱਲਾ 'ਫਾਰਸੀ' ਦੇ ਸ਼ਬਦ 'ਮਹਲਹੇ' ਭਾਵ, ਉਹ ਅਸਥਾਨ ਜਿਥੇ ਫਤਿਹ ਕਰਨ ਤੋਂ ਬਾਅਦ ਟਿਕਾਣਾ ਕੀਤਾ ਜਾਵੇ। ਸਿੱਖ ਗੁਰੂਆਂ ਦਾ ਉਪਦੇਸ਼ ਹੈ ਕਿ ਜ਼ੁਲਮ, ਅਨਿਆਂ ਅਤੇ ਰਾਜਨੀਤਿਕ ਵਧੀਕੀਆਂ ਦੇ ਖਿਲਾਫ ਮਰ ਮਿੱਟਣ ਲਈ ਤਿਆਰ ਰਹਿਣਾ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ 1699 ਦੀ ਵਿਸਾਖੀ ਤੇ ਖਾਲਸਾ ਪੰਥ ਦੀ ਸਾਜਨਾ ਕੀਤੀ। ਸਿੱਖ ਪੰਥ ਵਿਚ ਕ੍ਰਾਂਤੀਕਾਰੀ ਤਬਦੀਲੀ ਆਈ। ਗੁਰੂ ਸਾਹਿਬ ਜੀ ਨੇ ਦੱਬੇ-ਕੁਚਲੇ, ਗਰੀਬ, ਨਿਕੰਮੇ, ਨਿਤਾਣੇ, ਨਿਖਿੱਧ, ਨੀਚ ਵਰਗਾਂ ਨੂੰ ਇਕੱਠੇ ਕਰਕੇ ਸਵੈ-ਮਾਣ ਦਾ ਜਜ਼ਬਾ ਭਰ ਕੇ ਉਨ੍ਹਾਂ ਨੂੰ ਸਵੈ ਮਾਣ ਨਾਲ ਪੰਥ ਦੀ ਰੱਖਿਆ ਲਈ ਜੂਝ ਕੇ ਕੁਰਬਾਨ ਹੋ ਜਾਣ ਵਾਲੇ ਸੂਰਬੀਰ ਯੋਧੇ ਨੂੰ ਫੌਜੀ ਖਾਲਸਾ ਸਾਜਿਆ। ਉਨ੍ਹਾਂ ਦੇ ਦਿਲਾਂ ਵਿਚ ਪੂਰਨ ਮਨੁੱਖੀ ਆਜ਼ਾਦੀ ਲਈ ਜੋਸ਼ ਭਰਿਆ। ਉਨ੍ਹਾਂ 'ਚੋਂ ਮੌਤ ਦੇ ਡਰ ਨੂੰ ਕੱਢ ਕੇ ਬਲਵਾਨ ਅਣਖੀ ਯੋਧੇ ਬਣਾਇਆ।

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਪ੍ਰੰਪਰਾਗਤ ਰਹੁ-ਰੀਤਾਂ ਅਤੇ ਤਿਉਹਾਰਾਂ ਨੂੰ ਵੀ ਇਨਕਲਾਬੀ ਢੰਗ ਨਾਲ ਮਨਾਉਣ ਦੀ ਪ੍ਰੇਰਣਾ ਦਿੱਤੀ। ਉਨ੍ਹਾਂ ਨੇ ਸਿੰਘਾਂ ਨੂੰ ਸ਼ਸਤਰ ਵਿੱਦਿਆ ਵਿਚ ਨਿਪੁੰਨ ਬਣਾਇਆ। ਉਨ੍ਹਾਂ ਨੇ 'ਹੋਲਾ ਮਹੱਲਾ' ਦੇ ਤਿਉਹਾਰ ਨੂੰ ਸੂਰਮਗਤੀ ਨਾਲ ਜੋੜ ਦਿੱਤਾ। ਉਨ੍ਹਾਂ ਚਾਹਿਆ ਕਿ ਸਮਾਜ ਵਿਚ ਨਰੋਆ ਪ੍ਰੀਵਰਤਨ ਆਵੇ ਕਿ ਸਮਾਜ ਨੂੰ ਸਾਰਥਿਕ ਅਤੇ ਉਸਾਰੂ ਸੇਧ ਮਿਲ ਸਕੇ। ਸ਼ਸਤਰਾਂ ਦਾ ਅਭਿਆਸ ਜਾਰੀ ਰੱਖਿਆ। ਗੁਰੂ ਸਾਹਿਬ ਜੀ ਨੇ 'ਮੀਰੀ ਪੀਰੀ' ਦੇ ਸਿਧਾਂਤ ਨੂੰ ਕਾਇਮ ਰੱਖਣ ਲਈ ਸ਼ਸਤਰਾਂ ਦੀ ਵਰਤੋਂ ਨੂੰ ਪ੍ਰਪੱਕ ਬਣਾਇਆ। ਜ਼ੁਲਮ ਦੇ ਖਿਲਾਫ ਸੱਚ ਦੀ ਜਿੱਤ ਦਾ ਸੰਕਲਪ ਦ੍ਰਿੜ ਕਰਵਾਉਣਾ ਸੀ।



'ਹੋਲਾ ਮਹੱਲਾ' ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸਮੇਂ ਪੰਜਾਬ ਦੇ ਉੱਤਰੀ ਪੂਰਬੀ ਖੇਤਰ ਦੇ ਰੋਪੜ ਜ਼ਿਲ੍ਹੇ ਵਿਚ ਸ਼ਿਵਾਲਿਕ ਤਲਹਟੀਆਂ ਖਾਸ ਕਰਕੇ ਅਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਦੇ ਇਤਿਹਾਸਕ ਨਗਰਾਂ ਆਲੇ-ਦੁਆਲੇ 22 ਫਰਵਰੀ, 1701 ਈ. ਵਿਚ ਅਨੰਦਪੁਰ ਸਾਹਿਬ ਦੇ ਹੋਲਗੜ੍ਹ ਕਿਲ੍ਹੇ ਤੋਂ ਆਰੰਭ ਹੋਇਆ। ਇਸ ਤਿਉਹਾਰ ਨੂੰ ਨਵਾਂ ਰੂਪ ਦੇ ਕੇ ਫਰਜ਼ੀ ਜੰਗੀ ਹੁਨਰ ਦਾ ਪ੍ਰਦਰਸ਼ਨ ਕਰਨ ਦਾ ਮੌਕਾ ਬਣਾਇਆ। ਇਕ ਨਵੀਂ ਪ੍ਰੰਪਰਾ ਆਰੰਭ ਕੀਤੀ। ਹੋਲੀਆਂ ਦੇ ਦਿਨ ਸਵੇਰ ਦੇ ਦੀਵਾਨ ਉਪਰੰਤ ਕਵੀ ਦਰਬਾਰ ਲੱਗਦੇ, ਰਾਗ ਸਭਾਵਾਂ ਹੁੰਦੀਆਂ, ਚੋਣਵੇਂ ਚੋਟੀ ਦੇ ਕਵੀ, ਢਾਡੀ, ਕੀਰਤਨੀਏ, ਰਾਗੀ ਆਪਣਾ ਦਿਵਾਨ ਸਜਾਉਂਦੇ। ਸ਼ਾਮ ਵੇਲੇ ਤਾਕਤ, ਬਹਾਦਰੀ ਦੇ ਕਰਤਬ, ਫੌਜੀ ਅਭਿਆਸ, ਖੇਡਾਂ ਦਾ ਭਿੜ ਬੱਝਦਾ। ਅਤਰ-ਫਲੇਲ ਦੀਆਂ ਸੁੰਗਧੀਆਂ ਰੰਗਾਂ ਦੀ ਫੁਹਾਰ, ਖੂਬਸੂਰਤ ਬਸੰਤੀ ਤੇ ਗੁਲਾਬੀ ਫੁੱਲਾਂ ਦੀ ਵਰਖਾ ਕੀਤੀ ਜਾਂਦੀ। ਸਾਰਾ ਦਿਨ ਨਵੀਂ ਉਮੰਗ ਅਤੇ ਨਵੀਂ ਜਿੰਦ-ਜਾਨ ਦਾ ਜੋਸ਼ ਠਾਠਾਂ ਮਾਰਦਾ। ਹਰ ਪਾਸੇ ਚੜ੍ਹਦੀ ਕਲਾ ਦਾ ਪਸਾਰਾ ਬਣਿਆ ਰਹਿੰਦਾ।

ਹੋਲੀ ਤੋਂ ਅਗਲੇ ਦਿਨ 'ਹੋਲਾ ਮਹੱਲਾ' ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ। ਗੁਰੂ ਸਾਹਿਬ ਆਪਣੀ ਫੌਜ ਨੂੰ ਦੋ ਦਲਾਂ ਵਿਚ ਵੰਡ ਲੈਂਦੇ ਸਨ। ਦੋਹਾਂ ਦੇ ਬਸਤਰ ਵੱਖਰੇ-ਵੱਖਰੇ ਹੁੰਦੇ ਸਨ। ਇਕ ਦਲ ਹਵੇਲੀ ਵਿਚ ਡੇਰਾ ਲਾ ਲੈਂਦਾ ਸੀ, ਜਿਸ ਨੂੰ ਫਰਜ਼ੀ ਕਿਲ੍ਹਾ ਕਿਹਾ ਜਾਂਦਾ ਸੀ। ਦੂਸਰਾ ਦਲ ਗੁਰੂ ਸਾਹਿਹਬ ਜੀ ਦੀ ਅਗਵਾਈ ਹੇਠ ਉਸ ਕਿਲ੍ਹੇ ਨੂੰ ਸਰ ਕਰਨ ਲਈ ਪੂਰੇ ਜੋਸ਼ ਨਾਲ ਚੜ੍ਹਾਈ ਕਰਕੇ ਆਉਂਦਾ ਸੀ। ਬੜੀ ਡੱਟਵੀਂ ਫਰਜ਼ੀ ਲੜਾਈ ਹੁੰਦੀ ਸੀ। ਦੋਹਾਂ ਦਲਾਂ ਨੂੰ ਆਦੇਸ਼ ਹੁੰਦਾ ਸੀ ਕਿ ਕਿਸੇ 'ਤੇ ਜਾਤੀ ਹਮਲਾ ਨਹੀਂ ਕਰਨਾ ਤੇ ਨਾ ਹੀ ਕੋਈ ਫੱਟ ਹੋਵੇ। ਦੋਹਾਂ ਪਾਸਿਓਂ ਛੋਟੀਆਂ-ਛੋਟੀਆਂ ਫੌਜੀ ਟੁੱਕੜੀਆਂ ਆਪਣੇ ਜੰਗੀ ਕਰਤਬ ਦਿਖਾਉਂਦੀਆਂ। ਅੰਤ ਵਿਚ ਕਿਲ੍ਹਾ ਫਤਿਹ ਹੋ ਜਾਂਦਾ। ਇਸ ਜਿੱਤ ਨੂੰ ਮਨਾਉਣ ਦਾ ਵੀ ਵਿਲੱਖਣ ਢੰਗ ਸੀ। ਬਹੁਤ ਸਾਰਾ ਕੜਾਹ ਪ੍ਰਸ਼ਾਦ ਸਾਫ ਸੁਥਰੀ ਥਾਂ 'ਤੇ ਸਾਫ ਸੁਥਰੀਆਂ ਚਾਦਰਾਂ ਉਪਰ ਰੱਖਿਆ ਜਾਂਦਾ ਸੀ। ਸਿੰਘਾਂ ਨੂੰ ਹੁਕਮ ਹੁੰਦਾ ਸੀ ਕਿ ਸਾਰੇ ਹੱਲਾ ਕਰਕੇ, ਜਿੰਨਾ ਕਿਸੇ ਦੀ ਪਹੁੰਚ ਹੋਵੇ, ਛੱਕ ਲਵੇ। ਨਾਲ ਇਹ ਵੀ ਹੁਕਮ ਸੀ ਕਿ ਪ੍ਰਸ਼ਾਦ ਦੀ ਬੇਅਦਬੀ ਨਾ ਹੋਵੇ। ਲੁੱਟ-ਖਸੁੱਟ ਜਾਂ ਖੋਹਾ-ਖੋਹੀ ਨਾ ਹੋਵੇ, ਤਾਂ ਜੋ ਚੜ੍ਹਦੀ ਕਲਾ ਦਾ ਮਾਹੌਲ ਬਣਿਆ ਰਹੇ। ਇਸ ਤਰ੍ਹਾਂ ਇਹ ਖਾਲਸੇ ਦੀ ਮੌਜ ਅਤੇ ਜਾਹੋ-ਜਲਾਲ ਦਾ 'ਹੋਲਾ ਮਹੱਲਾ' ਸੰਪੰਨ ਹੁੰਦਾ।

ਮਹੱਲਾ ਕੱਢਣ ਦੀ ਰੀਤ ਵਰਤਮਾਨ ਵਿਚ ਵੀ ਨਿਭਾਈ ਜਾਂਦੀ ਹੈ। ਇਸ ਤਿਉਹਾਰ ਵਿਚ ਜੰਗੀ ਢੋਲ ਮਿਆਰੀ ਧੁੰਨਾਂ ਨਾਲ ਅਤੇ ਨਿਹੰਗ ਸਿੰਘ ਰਵਾਇਤੀ ਬਾਣੇ ਵਿਚ ਕੇਸਗੜ੍ਹ ਸਾਹਿਬ ਤੋਂ ਅਰਦਾਸ ਕਰਨ ਉਪਰੰਤ ਫੌਜੀ ਟੁਕੜੀਆਂ ਦੇ ਰੂਪ ਵਿਚ ਨਗਾਰਿਆਂ ਦੀ ਗੂੰਜ ਵਿਚ ਨਿਸ਼ਾਨ-ਸਾਹਿਬ ਚੜ੍ਹਾਏ ਜਾਂਦੇ ਹਨ। ਮਹੱਲਾ ਆਰੰਭ ਹੁੰਦਾ ਹੈ। ਇਹ ਇਕ ਭਾਈਚਾਰਕ ਜੋੜ-ਮੇਲਾ ਹੈ। ਇਹ ਧਾਰਮਿਕ ਪ੍ਰੰਪਰਾਵਾਂ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ। ਇਕ ਜਲੂਸ ਦੀ ਸ਼ਕਲ ਵਿਚ ਇਕ ਗੁਰਧਾਮ ਤੋਂ ਦੂਸਰੇ ਗੁਰਧਾਮਾਂ ਜਿਵੇਂ ਕਿਲ੍ਹਾ ਅਨੰਦਗੜ੍ਹ, ਲੋਹਗੜ੍ਹ ਸਾਹਿਬ, ਮਾਤਾ ਜੀਤੋ ਗੁਰਧਾਮ ਤੋਂ ਹੁੰਦਾ ਹੋਇਆ ਤਖਤ ਕੇਸਗੜ੍ਹ ਸਾਹਿਬ ਵਿਖੇ ਸਮਾਪਤ ਹੁੰਦਾ ਹੈ।

ਇਸ ਦਿਨ ਵੱਡਾ ਜਲੂਸ ਜਿਸ ਨੂੰ ਮਹੱਲਾ ਕਹਿੰਦੇ ਹਨ, ਚਰਨ ਗੰਗਾ ਦੇ ਮੈਦਾਨ ਵਿਚ ਪੁੱਜਦਾ ਹੈ। ਅੱਗੇ-ਅੱਗੇ ਜੰਗੀ ਕਲਾ ਦਾ ਪ੍ਰਦਰਸ਼ਨ ਕੀਤਾ ਜਾਂਦਾ ਹੈ। ਮਹੱਲਾ ਨਗਾਰਿਆਂ ਦੀ ਧੁੰਨ ਤੇ ਸੱਜ-ਧੱਜ ਦੇ ਨਿਹੰਗ ਆਪਣੀ ਪੁਰਾਤਨ ਫੌਜੀ ਆਨ-ਸ਼ਾਨ ਨਾਲ ਸ਼ਾਮਲ ਹੁੰਦੇ ਹਨ। ਆਪਣੇ ਸ਼ਸਤਰਾਂ ਦੇ ਕਰਤਬੀ ਜੌਹਰ ਵਿਖਾਉਂਦੇ ਹਨ। ਤੇਗ ਦੇ ਕਮਾਲ ਵਿਖਾਏ ਜਾਂਦੇ ਹਨ। ਤਲਵਾਰਬਾਜ਼ੀ, ਤੀਰਅੰਦਾਜ਼ੀ, ਘੋੜ ਸਵਾਰੀ, ਨੇਜ਼ੇਬਾਜ਼ੀ ਵਰਗੇ ਜੰਗੀ ਜੌਹਰਾਂ ਦੀ ਕੁਸ਼ਲਤਾ ਦਾ ਪ੍ਰਦਰਸ਼ਨ ਕੀਤਾ ਜਾਂਦਾ ਹੈ। ਮਹੱਲਾ ਤਲਵਾਰਾਂ, ਬਰਛਿਆਂ ਅਤੇ ਨੇਜਿਆਂ ਨਾਲ ਵੀ ਖੇਡਿਆ ਜਾਂਦਾ ਹੈ। ਜੰਗੀ ਅਭਿਆਸਾਂ ਦੇ ਨਾਲ-ਨਾਲ ਪ੍ਰੰਪਰਾ ਅਨੁਸਾਰ ਦੀਵਾਨ ਵੀ ਸਜਾਏ ਜਾਂਦੇ ਹਨ। ਕਥਾ ਕੀਰਤਨ ਵਿਚਾਰਾਂ ਹੁੰਦੀਆਂ ਹਨ। ਬੀਰ-ਰਸੀ ਵਾਰਾਂ ਗਾਈਆਂ ਜਾਂਦੀਆਂ ਹਨ। ਕਾਵਿ-ਗੋਸ਼ਟੀਆਂ ਤੇ ਕਵੀ ਦਰਬਾਰ ਸਜਾਏ ਜਾਂਦੇ ਹਨ। ਚੜ੍ਹਦੀ ਕਲਾ ਦਾ ਉਤਸ਼ਾਹ ਬਣਿਆ ਰਹਿੰਦਾ ਹੈ। 'ਹੋਲੇ ਮਹੱਲੇ' ਦੀ ਰਵਾਇਤ ਨੂੰ ਕਾਇਮ ਰੱਖਦਿਆਂ, ਇਹ ਤਿਉਹਾਰ ਤਿੰਨ ਸਦੀਆਂ ਤੋਂ ਵਧੇਰੇ ਸਮੇਂ ਤੋਂ ਨਿਯਮਤ ਤੌਰ 'ਤੇ ਬੜੀ ਸ਼ਰਧਾ-ਭਾਵਨਾ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ, ਜੋ ਸਿੱਖ ਵਿਰਸੇ ਬਾਰੇ ਵਧੇਰੇ ਜਾਗ੍ਰਿਤ ਕਰਦਾ ਹੈ।

ਇਹ ਹੁਣ ਭਾਰਤ ਦਾ ਰਾਸ਼ਟਰੀ ਤਿਉਹਾਰ ਹੈ, ਜੋ ਬਹਾਦਰੀ ਅਤੇ ਰੱਖਿਆ ਦੇ ਤਿਆਰੀ ਅਭਿਆਸ ਵਿਚ ਗੁਰੂ ਸਾਹਿਬ ਜੀ ਦੇ ਬਹਾਦਰੀ ਦੇ ਸੰਕਲਪ ਨੂੰ ਦ੍ਰਿੜ ਕਰਵਾਉਂਦਾ ਹੈ। ਜੋ ਮੁਗਲ ਸਾਮਰਾਜ ਅਤੇ ਪਹਾੜੀ ਰਾਜਿਆਂ ਦੇ ਹਮਲੇ ਤੋਂ ਸਿੱਖਾਂ ਦੀ ਰੱਖਿਆ ਕਰਦੇ ਸਨ।

'ਹੋਲਾ ਮਹੱਲਾ' ਦੀਆਂ ਵਿਸ਼ੇਸ਼ਤਾਈਆਂ ਵੇਖ ਕੇ ਭਾਰਤੀ ਲੋਕਾਂ ਦੇ ਮਨਾਂ ਵਿਚ ਇਸ ਦਾ ਬੜਾ ਪ੍ਰਭਾਵ ਪਿਆ ਹੈ। ਉਹ 'ਹੋਲਾ ਮਹੱਲਾ' ਦੇ ਵਿਸ਼ੇਸ਼ ਉਤਸਵ ਵਿਚ ਹੁੰਮਹੁਮਾ ਕੇ ਸ਼ਾਮਲ ਹੋਣ ਲੱਗੇ ਹਨ। ਕੀਰਤਪੁਰ ਸਾਹਿਬ, ਨਦੇੜ ਵਿਚ ਵੀ ਮਹੱਲਾ ਨਿਕਲਦਾ ਹੈ। ਮਹੱਲੇ ਦੇ ਅੱਗੇ ਇਕ ਸ਼ਿੰਗਾਰਿਆ ਹੋਇਆ ਨੀਲਾ ਘੋੜਾ ਨਿਕਲਦਾ ਹੈ। ਪਿੱਛੇ ਸੰਗਤ ਚੱਲ ਪੈਂਦੀ ਹੈ। ਫਿਰ ਕੁੱਝ ਸੂਰਮੇ ਹਵਾ ਵਿਚ ਗੋਲੀ ਦਾਗਦੇ ਹਨ। ਜਿਵੇਂ ਕਿਸੇ ਦੁਸ਼ਮਣ 'ਤੇ ਹਮਲਾ ਕੀਤਾ ਹੋਵੇ। ਘੋੜਾ ਬੜੀ ਤੇਜ਼ੀ ਨਾਲ ਦੌੜਦਾ ਹੈ। ਪਿੱਛੇ ਸੰਗਤ ਦੌੜ ਪੈਂਦੀ ਹੈ। ਇਸ ਤਰ੍ਹਾਂ ਮਹੱਲਾ ਜ਼ੋਰਾਂ 'ਤੇ ਹੁੰਦਾ ਹੈ। ਦੇਖਦੇ ਹੀ ਦੇਖਦੇ ਮਹੱਲਾ ਭਰ ਜਾਂਦਾ ਹੈ। ਗੁਰਦੁਆਰਾ ਪਾਉਂਟਾ ਸਾਹਿਬ ਦੇ ਬਾਹਰ ਉਤਸਵ ਹੁੰਦਾ ਹੈ। ਸੰਗਤਾਂ ਭਾਰੀ ਗਿਣਤੀ ਵਿਚ ਸ਼ਾਮਲ ਹੁੰਦੀਆਂ ਹਨ। ਇਹ ਨਜ਼ਾਰਾ ਦੇਖਿਆਂ ਹੀ ਬਣਦਾ ਹੈ, ਜੋ ਯਾਦਗਾਰੀ ਹੋ ਨਿਬੜਦਾ ਹੈ। ਜਿੱਥੇ ਸੂਰਮੇ ਆਪਣੇ ਜੰਗੀ ਕਰਤੱਬ ਦਿਖਾਉਂਦੇ ਹਨ, ਉਥੇ ਵਿਸ਼ੇਸ਼ ਤੌਰ 'ਤੇ ਕਵੀ ਦਰਬਾਰ ਸਜਾਏ ਜਾਂਦੇ ਹਨ, ਕਵੀ ਆਪਣੀਆਂ ਕਵਿਤਾਵਾਂ ਦਾ ਰੰਗ ਭਰਦੇ ਹਨ।

ਗੁਰਬਾਣੀ ਵਿਚ ਹੋਲੀ ਦਾ ਰੰਗ ਚਿਤ੍ਰਿਆ ਹੈ, ਜੋ ਪ੍ਰਮਾਤਮਾ ਦੀ ਸਿਫਤਿ-ਸਲਾਹ ਦਾ ਰੰਗ ਚੜ੍ਹਦਾ ਹੈ।

ਅੰਤਿਕਾ: ਹੇ ਭਾਈ! ਪ੍ਰਮਾਤਮਾ ਦੀ ਸਿਫਤਿ ਸਲਾਹ ਦੀ ਬਰਕਤ ਨਾਲਮ ਮੇਰੇ ਅੰਦਰ ਮਾਨੋ ਫੱਗਣ ਦੀ ਹੋਲੀ ਬਣੀ ਪਈ ਹੈ। ਪ੍ਰਭੂ ਦੇ ਸੰਤ ਜਨ-ਸਾਧ ਸੰਗਤ ਵਿਚ ਮਿਲ ਕੇ ਇਹ ਹੋਲੀ ਖੇਡਣ ਲੱਗ ਪਏ ਹਨ। ਹੇ ਭਾਈ ਇਹ ਹੋਲੀ ਕੀਹ ਹੈ ? ਸੰਤ ਜਨਾਂ ਦੀ ਸੇਵਾ ਨੂੰ ਮੈਂ ਹੋਲੀ ਬਣਾਇਆ ਹੈ। ਸੰਤ ਜਨਾਂ ਦੀ ਸੰਗਤ ਦੀ ਬਰਕਤ ਨਾਲ ਮੇਰੇ ਅੰਦਰ ਪ੍ਰਮਾਤਮਾ ਦੇ ਪਿਆਰ ਦਾ ਗੂੜ੍ਹਾ ਆਤਮਿਕ ਰੰਗ ਚੜ੍ਹ ਗਿਆ ਹੈ। (ਅੰਗ : 1180)

# ਹੋਲਾ ਮਹੱਲਾ ਦਾ ਕੀ ਅਰਥ ਹੈ? ਕਦੋਂ ਹੋਈ ਸੀ ਇਸ ਦੀ ਸ਼ੁਰੂਆਤ

'ਹੋਲਾ-ਮਹੱਲਾ' ਸਿੱਖ ਧਰਮ ਦੀ ਸੂਰਬੀਰਤਾ, ਨਿਰਭੈਤਾ ਤੇ ਚੜ੍ਹਦੀ ਕਲਾ ਦਾ ਪ੍ਰਤੀਕ ਹੋਣ ਕਾਰਨ ਹਰ ਸਾਲ ਬੜੇ ਜਾਹੋ-ਜਲਾਲ ਨਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਨਾਇਆ ਆ ਜਾਂਦਾ ਹੈ।

ਸਿੱਖ ਪੰਥ ਦੇ ਮਹਾਨ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ 'ਮਹਾਨ ਕੋਸ਼' 'ਚ 'ਹੋਲਾ ਮਹੱਲਾ' ਬਾਰੇ ਇੰਝ ਲਿਖਦੇ ਹਨ, "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਨੂੰ ਸ਼ਸਤਰ ਅਤੇ ਯੁੱਧ ਵਿਦਿਆ 'ਚ ਨਿਪੁੰਨ ਕਰਨ ਲਈ ਇਹ ਰੀਤ ਚਲਾਈ ਸੀ ਕਿ ਦੋ ਦਲ ਬਣਾ ਕੇ ਪ੍ਰਧਾਨ ਸਿੰਘਾਂ ਦੇ ਹੇਠ ਇਕ ਖ਼ਾਸ ਥਾਂ 'ਤੇ ਕਬਜ਼ਾ ਕਰਨ ਲਈ ਹਮਲਾ ਕਰਨਾ, ਕਲ਼ਗੀਧਰ ਆਪ ਇਸ ਮਸਨੂਈ ਜੰਗ ਦਾ ਕਰਤਵ ਦੇਖਦੇ ਤੇ ਦੋਹਾਂ ਦਲਾਂ ਨੂੰ ਸ਼ੁਭ ਸਿੱਖਿਆ ਦਿੰਦੇ ਅਰ ਜੋ ਦਲ ਕਾਮਯਾਬ ਹੁੰਦਾ, ਉਸ ਨੂੰ ਦੀਵਾਨ 'ਚ ਸਿਰੋਪਾਓ ਬਖ਼ਸ਼ਦੇ ਸਨ।

'ਹੋਲਾ-ਮਹੱਲਾ' ਦੋ ਸ਼ਬਦਾਂ 'ਹੋਲਾ' ਤੇ 'ਮਹੱਲਾ' ਸ਼ਬਦਾਂ ਦੇ ਜੋੜ ਤੋਂ ਬਣਿਆ ਹੈ। 'ਹੋਲਾ' ਸ਼ਬਦ ਦਾ ਅਰਥ ਹਮਲਾ ਤੇ 'ਮਹੱਲਾ' ਸ਼ਬਦ ਤੋਂ ਭਾਵ ਕਿਸੇ ਸਥਾਨ ਨੂੰ ਫ਼ਤਿਹ ਕਰਨਾ ਹੈ। 'ਹੋਲਾ' ਅਰਬੀ ਭਾਸ਼ਾ ਤੇ 'ਮਹੱਲਾ' ਫ਼ਾਰਸੀ ਭਾਸ਼ਾ ਦਾ ਸ਼ਬਦ ਹੈ। ਇਸ ਪ੍ਰਕਾਰ 'ਹੋਲਾ-ਮਹੱਲਾ' ਦਾ ਸਮੁੱਚਾ ਅਰਥ ਹੈ "ਕਿਸੇ ਨਿਸ਼ਚਿਤ ਸਥਾਨ 'ਤੇ ਹਮਲਾ ਕਰ ਕੇ ਫ਼ਤਿਹ ਦਾ ਨਗਾਰਾ ਵਜਾਉਣਾ।"

ਇਹ ਦਿਹਾੜਾ ਹੋਲੀ ਤੋਂ ਅਗਲੇ ਦਿਨ ਮਨਾਇਆ ਜਾਂਦਾ ਹੈ। ਹੋਲੀ ਭਾਰਤ ਦਾ ਇਕ ਪ੍ਰਾਚੀਨ ਤਿਉਹਾਰ ਹੈ, ਜੋ ਭਗਤ ਪ੍ਰਹਿਲਾਦ, ਉਸ ਦੇ ਪਿਤਾ ਹਰਨਾਖ਼ਸ਼ ਤੇ ਉਸ ਦੀ ਭੂਆ ਹੋਲਿਕਾ ਦੇ ਪ੍ਰਸੰਗ ਨਾਲ ਜੁੜਿਆ ਹੋਇਆ ਹੈ। ਹਰਨਾਖ਼ਸ਼ ਭਗਤ ਪ੍ਰਹਿਲਾਦ ਜੀ ਨੂੰ ਮਰਵਾਉਣਾ ਚਾਹੁੰਦਾ ਸੀ ਪਰ ਪ੍ਰਭੂ ਨੇ ਨਰ ਸਿੰਘ ਦਾ ਰੂਪ ਧਾਰ ਕੇ



ਭਗਤ ਪ੍ਰਹਿਲਾਦ ਦੀ ਰੱਖਿਆ ਕੀਤੀ। ਭਾਰਤੀ ਪ੍ਰੰਪਰਾ ਅਨੁਸਾਰ ਇਸ ਦਿਨ ਤੋਂ ਲੋਕਾਂ ਨੇ ਇਕ ਦੂਜੇ 'ਤੇ ਰੰਗ ਪਾ ਕੇ ਆਪਣੀ ਖ਼ੁਸ਼ੀ ਦਾ ਪ੍ਰਗਟਾਵਾ ਕਰਨਾ ਸ਼ੁਰੂ ਕੀਤਾ।

ਪਰ ਸਮੇਂ ਦੇ ਨਾਲ-ਨਾਲ ਇਸ ਤਿਉਹਾਰ ਨੂੰ ਮਨਾਉਣ ਲਈ ਆਮ ਲੋਕਾਂ 'ਚ ਕਈ ਕੁਰੀਤੀਆਂ ਆ ਗਈਆਂ, ਉਹ ਨਸ਼ੇ ਦਾ ਸੇਵਨ ਕਰ ਕੇ ਇਕ ਦੂਜੇ 'ਤੇ ਰੰਗ ਅਤੇ ਗੰਦ ਸੁਟਦੇ। ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਨੂੰ ਇਨ੍ਹਾਂ ਕੁਰੀਤੀਆਂ ਤੋਂ ਦੂਰ ਰੱਖਣ ਲਈ ਤੇ ਖ਼ਾਲਸੇ 'ਚ ਸੂਰਬੀਰਤਾ ਤੇ ਨਿਰਭੈਤਾ ਭਰਨ ਲਈ ਅਨੰਦਪੁਰ ਸਾਹਿਬ ਵਿਖੇ ਸੰਮਤ 1757 (1700 ਈ.) ਚੇਤ ਵਦੀ ਇਕ ਨੂੰ ਹੋਲਗੜ੍ਹ ਦੇ ਸਥਾਨ 'ਤੇ ਹੋਲੇ-ਮਹੱਲੇ ਨੂੰ ਮਨਾਉਣ ਦੀ ਸ਼ੁਰੂਆਤ ਕਰਵਾਈ। ਕਵੀ ਸੁਮੇਰ ਸਿੰਘ ਜੀ ਨੇ ਦਸਮੇਸ਼ ਪਿਤਾ ਜੀ ਦੇ ਆਦੇਸ਼ ਨੂੰ ਇਸ ਤਰ੍ਹਾਂ ਕਲਮਬੰਦ ਕੀਤਾ ਹੈ :

ਔਰਨ ਕੀ ਹੋਲੀ ਮਮ ਹੋਲਾ॥
ਕਹਿਯੋ ਕ੍ਰਿਪਾਨਿਧ ਬਚਨ ਅਮੋਲਾ॥

ਗੁਰੂ ਸਾਹਿਬ ਦਾ ਇਸ ਤਿਉਹਾਰ ਨੂੰ ਮਨਾਉਣ ਦਾ ਮਕਸਦ ਸੈਂਕੜੇ ਸਾਲਾਂ ਤੋਂ ਗ਼ੁਲਾਮ ਮਾਨਸਿਕਤਾ ਦੇ ਆਦੀ ਹੋ ਚੁੱਕੇ ਭਾਰਤੀਆਂ ਦੇ ਮਨਾਂ 'ਚ ਇਨਕਲਾਬੀ ਸੋਚ ਪੈਦਾ ਕਰਨ ਤੋਂ ਸੀ। ਉਸ ਸਮੇਂ ਦੇ ਬਾਦਸ਼ਾਹ ਔਰੰਗਜ਼ੇਬ ਵਲੋਂ ਜਾਰੀ ਫ਼ੁਰਮਾਨ ਅਨੁਸਾਰ ਭਾਰਤੀ ਲੋਕਾਂ ਨੂੰ ਟੱਲ ਖੜਕਾਉਣ, ਸ਼ਸਤਰ ਧਾਰਨ ਕਰਨ, ਘੋੜ-ਸਵਾਰੀ ਕਰਨ ਤੇ ਸਿਰ ਉੱਤੇ ਦਸਤਾਰ ਸਜਾਉਣ ਦੀ ਮਨਾਹੀ ਸੀ।

ਦਸਮੇਸ਼ ਪਿਤਾ ਜੀ ਨੇ ਆਮ ਲੋਕਾਂ ਨੂੰ ਜਥੇਬੰਦ ਕੀਤਾ ਅਤੇ ਉਨ੍ਹਾਂ ਨੂੰ ਘੋੜ-ਸਵਾਰੀ, ਸ਼ਸਤਰ ਵਿਦਿਆ ਦੀ ਸਿੱਖਿਆ ਲੈਣ ਲਈ ਪ੍ਰੇਰਿਆ। ਪ੍ਰਸਿੱਧ ਆਰੀਆ ਸਮਾਜੀ ਲੇਖਕ ਲਾਲਾ ਦੌਲਤ ਰਾਏ ਅਨੁਸਾਰ ਭਾਰਤ ਦੇਸ਼ ਵਿਚ ਬਹੁਤ ਸਾਰੇ ਅਵਤਾਰੀ ਪੁਰਸ਼ ਹੋਏ ਹਨ ਪਰ ਗੁਰੂ ਗੋਬਿੰਦ ਸਿੰਘ ਜੀ ਉਨ੍ਹਾਂ ਸਾਰਿਆ ਤੋਂ ਕਿਤੇ ਵਿਸ਼ੇਸ਼ ਪ੍ਰਮੁੱਖ ਹਨ ਕਿਉਂਕਿ ਉਹ ਉਨ੍ਹਾਂ ਲੋਕਾਂ 'ਚ ਸੂਰਬੀਰਤਾ ਭਰ ਰਹੇ ਸਨ, ਜੋ ਸਦੀਆਂ ਤੋਂ ਲਿਤਾੜੇ ਹੋਏ ਸਨ।

ਰਜਵਿੰਦਰ ਪਾਲ ਸ਼ਰਮਾ
70873-67969
ਪੰਜਾਬ ਮੇਲ USA



# ਰੰਗਾਂ ਦਾ ਤਿਉਹਾਰ ਹੋਲੀ





ਮਨੁੱਖੀ ਜ਼ਿੰਦਗੀ ਵਿਚ ਰੰਗਾਂ ਦੀ ਮਹੱਤਤਾ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ। ਕਿਸੇ ਨੂੰ ਗੂੜ੍ਹੇ ਤੇ ਕਿਸੇ ਨੂੰ ਥੋੜ੍ਹੇ ਘੱਟ ਗੂੜ੍ਹੇ ਰੰਗ ਪਸੰਦ ਹਨ। ਰੰਗਾਂ ਤੋਂ ਬਿਨਾਂ ਜੀਵਨ ਦੀ ਕਲਪਨਾ ਵੀ ਕਰਨਾ ਵਿਅਰਥ ਹੈ। ਕੁਦਰਤ ਵਿਚ ਵੀ ਰੰਗ ਸਮੋਏ ਹਨ। ਮੀਂਹ ਪੈਣ ਤੋਂ ਬਾਅਦ ਆਸਮਾਨ ਵਿਚ ਬਣੀ ਸਤਰੰਗੀ ਪੀਂਘ ਵੀ ਇਸ ਗੱਲ਼ ਦੀ ਸ਼ਾਹਦੀ ਭਰਦੀ ਹੈ ਕਿ ਕੁਦਰਤ ਵੀ ਰੰਗਾਂ ਤੋਂ ਬਿਨਾਂ ਅਧੂਰੀ ਹੈ। ਬੱਚਾ ਹੋਵੇ ਜਾਂ ਅੱਲੜ੍ਹ ਉਮਰ ਦਾ ਮੁੱਛ ਫੁੱਟ ਗੱਭਰੂ, ਰੰਗਾਂ ਨਾਲ ਖੇਡਣਾ ਸਭ ਨੂੰ ਪਸੰਦ ਹੈ। ਰੰਗ ਤਾਂ ਪੰਜਾਬੀ ਸੱਭਿਆਚਾਰ ਵਿਚ ਘੁਲ ਮਿਲਕੇ ਪੰਜਾਬੀ ਗੀਤਾਂ ਦਾ ਹਿੱਸਾ ਵੀ ਬਣ ਚੁੱਕੇ ਹਨ। ਜਿਸ ਤਰ੍ਹਾਂ ਸਮਾਂ ਅਤੇ ਸਮੁੰਦਰ ਦੀਆਂ ਲਹਿਰਾਂ ਕਿਸੇ ਦਾ ਇੰਤਜ਼ਾਰ ਨਹੀਂ ਕਰਦੀਆਂ। ਉਸ ਪ੍ਰਕਾਰ ਜ਼ਿੰਦਗੀ ਦਾ ਇੱਕ ਰੰਗ ਲੰਘ ਜਾਣ ਬਾਅਦ ਮੁੜ ਉਸ ਦਾ ਆਉਣਾ ਮੁਸ਼ਿਕਲ ਹੀ ਨਹੀਂ, ਸਗੋਂ ਅਸੰਭਵ ਹੈ। ਰੰਗਾਂ ਨੂੰ ਜ਼ਿੰਦਗੀ ਦਾ ਹਿੱਸਾ ਬਣਾ ਕੇ ਕਿਸੇ ਗਾਇਕ ਨੇ ਸੱਚ ਹੀ ਕਿਹਾ ਹੈ ਕਿ ਤਿੰਨ ਰੰਗ ਨਹੀਂ ਲੱਭਣੇ ਬੀਬਾ, ਹੁਸਨ, ਜਵਾਨੀ ਤੇ ਮਾਪੇ।

ਵਿਆਹ ਸ਼ਾਦੀ ਹੋਵੇ ਜਾਂ ਜੰਗ ਦਾ ਮੈਦਾਨ ਰੰਗ ਹਰ ਜਗ੍ਹਾ ਮਨੁੱਖੀ ਜਾਮੇ ਦੇ ਨਾਲ-ਨਾਲ ਚੱਲਦੇ ਹਨ। ਲਾਲ ਰੰਗ ਚਿਤਾਵਨੀ ਦੀ ਨਿਸ਼ਾਨੀ ਹੈ, ਤਾਂ ਸਫ਼ੈਦ ਰੰਗ ਸ਼ਾਂਤੀ ਅਤੇ ਕੇਸਰੀ ਰੰਗ ਬਲੀਦਾਨ ਦਾ ਪ੍ਰਤੀਕ ਹੈ। ਮੇਲਿਆਂ ਅਤੇ ਤਿਓਹਾਰਾਂ ਦਾ ਦੇਸ਼ ਕਹੇ ਜਾਣ ਵਾਲੇ ਭਾਰਤ ਵਿਚ ਰੰਗਾਂ ਦਾ ਤਿਉਹਾਰ ਆਪਣੀ ਵੱਖਰੀ ਪਹਿਚਾਣ ਰੱਖਦਾ ਹੈ। ਰੰਗਾਂ ਦਾ ਤਿਉਹਾਰ ਹੋਲੀ ਰੰਗਾਂ ਦੇ ਨਾਲ-ਨਾਲ ਪ੍ਰਭੂ ਭਗਤੀ ਵਿਚ ਵਿਸ਼ਵਾਸ, ਸੱਚਾਈ, ਅਡੋਲਤਾ ਅਤੇ ਜ਼ਬਰ-ਜ਼ੁਲਮ ਦਾ ਸ਼ਾਂਤੀ ਨਾਲ ਸਾਹਮਣਾ ਕਰਨ ਦਾ ਸੁਨੇਹਾ ਦੇ ਕੇ ਸਮੁੱਚੀ ਮਨੁੱਖਤਾ ਨੂੰ ਇੱਕ ਮਾਲਾ ਵਿਚ ਪਿਰਾਉਂਦਾ ਹੋਇਆ ਜੋੜਨ ਦਾ ਯਤਨ ਕਰਦਾ ਹੈ। ਜ਼ਿੰਦਗੀ ਵਿਚ ਰੰਗ ਕੇਵਲ ਹੋਲੀ ਵਾਲੇ ਦਿਨ ਨਹੀਂ ਆਉਂਦੇ, ਇਹ ਤਾਂ ਤਮਾਮ ਜ਼ਿੰਦਗੀ ਮਨੁੱਖ ਦੇ ਨਾਲ-ਨਾਲ ਚਲਦੇ ਹਨ। ਦੇਸ਼ ਦੇ ਵੱਖ-ਵੱਖ ਖੇਤਰਾਂ ਵਿਚ ਹੋਲਿਕਾ ਦਹਨ, ਹੋਲੀ ਅਤੇ ਹੋਲਾ ਮਹੱਲਾ ਨੂੰ ਮਨਾਉਣ ਦਾ ਤਰੀਕਾ ਵੱਖ-ਵੱਖ ਹੋ ਸਕਦਾ ਹੈ ਪਰੰਤੂ ਇਸ ਤਿਉਹਾਰ ਦਾ ਉਦੇਸ਼ ਦੇਸ਼ ਦੀ ਅਖੰਡਤਾ ਨੂੰ ਹੋਰ ਮਜ਼ਬੂਤ ਕਰਨਾ ਹੈ। ਸਮੇਂ ਦੇ ਬਦਲਾਅ ਨਾਲ ਹੋਲੀ ਦੇ ਤਿਉਹਾਰ ਨੂੰ ਮਨਾਉਣ ਵਿਚ ਵੀ ਬਦਲਾਅ ਆਇਆ ਹੈ। ਸਿੰਥੈਟਿਕ ਅਤੇ ਕੈਮੀਕਲ ਨਾਲ ਭਰਪੂਰ ਰੰਗਾਂ ਨੇ ਹੋਲੀ ਦੇ ਤਿਉਹਾਰ ਦੀਆਂ ਖੁਸ਼ੀਆਂ ਨੂੰ ਫ਼ਿੱਕਾ ਪਾਉਣ ਦਾ ਕੰਮ ਕੀਤਾ ਹੈ। ਬੱਚੇ ਤਾਂ ਅੱਜ ਵੀ ਜਿੱਦ ਕਰਦੇ ਹਨ ਕਿ ਉਨ੍ਹਾਂ ਨੂੰ ਰੰਗ ਚਾਹੀਦੇ ਹਨ, ਪਿਚਕਾਰੀਆਂ ਚਾਹੀਦੀਆਂ ਹਨ ਪ੍ਰੰਤੂ ਰੰਗਾਂ ਦੀ ਚੋਣ ਕਰਦੇ ਸਮੇਂ ਇਹ ਗੱਲ ਯਾਦ ਰੱਖਣਾ ਬਹੁਤ ਜ਼ਰੂਰੀ ਹੈ ਕਿ ਰੰਗ ਵਾਤਾਵਰਨ ਅਤੇ ਚਮੜੀ ਨੂੰ ਖ਼ਰਾਬ ਕਰਨ ਵਾਲੇ ਕਦੇ ਵੀ ਨਾ ਹੋਣ। ਅਸਾਨੀ ਨਾਲ ਪਾਣੀ ਨਾਲ ਲਹਿ ਜਾਣ। ਰੰਗਾਂ ਦੇ ਕਾਲੀ ਬਜ਼ਾਰੀ ਅਤੇ ਨਕਲੀ ਰੰਗਾਂ ਨੂੰ ਰੋਕਣ ਲਈ ਜਿਥੇ ਪ੍ਰਸ਼ਾਸਨ ਨੂੰ ਪੱਬਾਂ ਭਾਰ ਹੋ ਕੇ ਨਕੇਲ ਕੱਸਣੀ ਹੋਵੇਗੀ, ਉਥੇ ਸਾਨੂੰ ਵੀ ਜਾਗਰੂਕ ਨਾਗਰਿਕ ਹੁੰਦੇ ਹੋਏ ਰੰਗਾਂ ਦੀ ਖ਼ਰੀਦਦਾਰੀ ਸੋਚ ਸਮਝ ਕੇ ਕਰਨੀ ਹੋਵੇਗੀ, ਤਾਂ ਜੋ ਸਹੀ ਅਤੇ ਵਾਤਾਵਰਨ ਪੱਖੀ ਰੰਗ ਵਰਤ ਕੇ ਹੋਲ਼ੀ ਦੀਆਂ ਖੁਸ਼ੀਆਂ ਨੂੰ ਦੁੱਗਣਾ ਕੀਤਾ ਜਾ ਸਕੇ।

# ਪੰਜਾਬੀ ਪੱਤਰਕਾਰੀ ਦੇ ਪਿਤਾਮਾ : ਗਿਆਨੀ ਗੁਰਦਿੱਤ ਸਿੰਘ

## 103ਵੇਂ ਜਨਮ ਦਿਵਸ ’ਤੇ ਵਿਸ਼ੇਸ਼



-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲUSA



ਗਿਆਨ ਅਤੇ ਸੂਚਨਾ ਤੇ ਸਿਆਣਪ ਅਤੇ ਵਿਦਵਤਾ ਵਿਚ ਜ਼ਮੀਨ ਅਸਮਾਨ ਦਾ ਅੰਤਰ ਹੁੰਦਾ ਹੈ। ਅੱਜਕੱਲ੍ਹ ਦੇ ਸੂਚਨਾ ਯੁੱਗ ਵਿਚ ਸੂਚਨਾ ਨੂੰ ਹੀ ਜ਼ਿਆਦਾ ਮਹੱਤਤਾ ਦਿੱਤੀ ਜਾਂਦੀ ਹੈ, ਅਰਥਾਤ ਸੂਚਨਾ ਨੂੰ ਗਿਆਨ ਸਮਝ ਲਿਆ ਜਾਂਦਾ ਹੈ। ਆਮ ਲੋਕ ਵਧੇਰੇ ਸੂਚਨਾ ਵਾਲੇ ਵਿਅਕਤੀ ਨੂੰ ਹੀ ਸੂਝਵਾਨ ਸਮਝਦੇ ਹਨ, ਜਦੋਂ ਕਿ ਗਿਆਨਵਾਨ ਤੇ ਵਿਦਵਤਾ ਵਾਲਾ ਵਿਅਕਤੀ ਹੀ ਮਹਾਨ ਹੁੰਦਾ ਹੈ। ਸੂਚਨਾ ਸਿਰਫ ਪੇਤਲੀ ਜਿਹੀ ਜਾਣਕਾਰੀ ਹੁੰਦੀ ਹੈ, ਗਿਆਨ ਤੇ ਵਿਦਵਤਾ ਹਰ ਗੱਲ ਦੀ ਤਹਿ ਤੱਕ ਤੱਥਾਂ ਤੇ ਸਬੂਤਾਂ ਸਮੇਤ ਠੋਸ ਵਿਗਿਆਨਕ ਆਧਾਰ ਵਾਲੀ ਹੁੰਦੀ ਹੈ, ਜਿਸ ’ਤੇ ਵਿਸ਼ਵਾਸ ਕੀਤਾ ਜਾ ਸਕਦਾ ਹੈ। ਗਿਆਨੀ ਗੁਰਦਿੱਤ ਸਿੰਘ ਭਾਵੇਂ ਸਿਰਫ਼ ਗਿਆਨੀ ਪਾਸ ਘੱਟ ਪੜ੍ਹੇ-ਲਿਖੇ ਸਨ, ਪ੍ਰੰਤੂ ਉਹ ਗਿਆਨਵਾਨ ਵਿਦਵਾਨ ਸਨ। ਗਿਆਨ ਦਾ ਸਮੁੰਦਰ ਸਨ, ਉਨ੍ਹਾਂ ਕੋਲ ਗਿਆਨ ਦਾ ਅਥਾਹ ਭੰਡਾਰ ਸੀ। ਇਸ ਕਰਕੇ ਉਨ੍ਹਾਂ ਨੂੰ ਪੰਜਾਬੀ ਦੇ ਸਿਰਮੌਰ ਤੇ ਨਾਮਵਰ ਵਿਦਵਾਨ ਕਿਹਾ ਜਾਂਦਾ ਹੈ, ਜਿਨ੍ਹਾਂ ਨੇ ਆਪਣੀ ਸਾਰੀ ਉਮਰ ਸਿੱਖ ਧਰਮ, ਸਾਹਿਤ, ਖੋਜ ਤੇ ਪੰਜਾਬੀ ਮਾਂ ਬੋਲੀ ਦੀ ਸੇਵਾ ਲਈ ਸਮਰਪਿਤ ਕਰ ਦਿੱਤੀ ਸੀ। ਉਹ ਬਹੁ-ਪੱਖੀ, ਬਹੁ-ਮੰਤਵੀ ਅਤੇ ਬਹੁ-ਦਿਸ਼ਾਵੀ ਸਾਹਿਤ ਦੀ ਰਚਨਾ ਕਰਦੇ ਸਨ। ਉਨ੍ਹਾਂ ਦੀ ਵਿਦਵਤਾ ਦੀ ਛਾਪ ਸਿੱਖ ਵਿਚਾਰਧਾਰਾ ਦੀ ਪ੍ਰਮਾਣੀਕ ਵਿਆਖਿਆ ਅਤੇ ਸੰਕਲਨ ਤੋਂ ਸਪੱਸ਼ਟ ਹੁੰਦੀ ਹੈ। ਉਨ੍ਹਾਂ ਨੇ ਸਿੱਖ ਵਿਚਾਰਧਾਰਾ ਦੀਆਂ ਬਾਰੀਕੀਆਂ ਨੂੰ ਬੜੀ ਨੀਝ ਨਾਲ ਵਾਚਿਆ ਅਤੇ ਉਨ੍ਹਾਂ ਦੀ ਦ੍ਰਿਸ਼ਟਾਂਤਿਕ ਖੋਜ ਕਰਕੇ ਸਿੱਖ ਜਗਤ ਦੀ ਝੋਲੀ ਪਾਈ। ਉਨ੍ਹਾਂ ਨੂੰ ਸਿੱਖ ਧਰਮ ਦਾ ਖੋਜੀ ਵਿਦਵਾਨ ਕਿਹਾ ਜਾਂਦਾ ਸੀ। ਗਿਆਨੀ ਗੁਰਦਿਤ ਸਿੰਘ ਨੇ ਆਪਣਾ ਕੈਰੀਅਰ ਮਹਿਜ਼ 24 ਸਾਲ ਦੀ ਉਮਰ ਵਿਚ ਪੱਤਰਕਾਰੀ ਵਿਚ ਸ਼ੁਰੂ ਕੀਤਾ ਸੀ। ਉਹ ਉਚ ਕੋਟੀ ਦੇ ਨਿੱਡਰ ਪੱਤਰਕਾਰ ਤੇ ਸੰਪਾਦਕ ਸਨ।

ਗਿਆਨੀ ਗੁਰਦਿਤ ਸਿੰਘ ਦੀ ਪੱਤਰਕਾਰੀ ਪ੍ਰਤੀ ਆਪਣੀ ਲਗਨ ਸਦਕਾ 1947 ਵਿਚ ਪਟਿਆਲਾ ਤੋਂ ਰੋਜ਼ਾਨਾ ਪੰਜਾਬੀ ਅਖ਼ਬਾਰ ‘ਪ੍ਰਕਾਸ਼’ ਸ਼ੁਰੂ ਕੀਤਾ। ਉਹ ਖੁਦ ਇਸ ਅਖ਼ਬਾਰ ਦੇ ਮਾਲਕ ਤੇ ਮੁੱਖ ਸੰਪਾਦਕ ਸੀ। ਇਸ ਰੋਜ਼ਾਨਾ ਅਖ਼ਬਾਰ ਵਿਚ ਉਸ ਸਮੇਂ ਦੇ ਪ੍ਰਮੁੱਖ ਲਿਖਾਰੀ, ਜਿਵੇਂ ਕਿ ਪ੍ਰੋ. ਤੇਜਾ ਸਿੰਘ, ਡਾ. ਪ੍ਰੀਤਮ ਸਿੰਘ ਅਤੇ ਡਾ. ਗੰਡਾ ਸਿੰਘ ਲੇਖ ਲਿਖਦੇ ਸਨ। ਵੱਖ-ਵੱਖ ਸਮਿਆਂ ’ਤੇ ਸੂਬਾ ਸਿੰਘ, ਅਵਤਾਰ ਸਿੰਘ ਗ਼ੈਰਤ ਅਤੇ ਹਰਦੀਪ ਸਿੰਘ ਸਾਹਨੀ ਵਰਗੇ ਲਿਖਾਰੀਆਂ ਨੇ ਵੀ ‘ਪ੍ਰਕਾਸ਼’ ’ਚ ਕੰਮ ਕੀਤਾ। ਇਹ ਅਖ਼ਬਾਰ 1961 ਤੱਕ ਰੋਜ਼ਾਨਾ ਅਤੇ ਉਸਤੋਂ ਬਾਅਦ 1978 ਤੱਕ ਹਫ਼ਤਾਵਾਰੀ ਛਪਦਾ ਰਿਹਾ। ਉਨ੍ਹਾਂ ਦੀ ਪੁਸਤਕ ‘ਮੇਰਾ ਪਿੰਡ’ ਅੱਜ ਵੀ ਸ਼ਾਹਕਾਰ ਮੰਨੀ ਜਾਂਦੀ ਹੈ। ਇਸ ਪੁਸਤਕ ਵਿਚ ਪਿੰਡਾਂ ਦੀ ਜ਼ਿੰਦਗੀ ਦਾ ਹਰ ਰੰਗ ਵੇਖਣ ਨੂੰ ਮਿਲਦਾ ਹੈ। ਉਨ੍ਹਾਂ ਪੰਜਾਬੀ ਰਵਾਇਤਾਂ, ਰਸਮੋ-ਰਿਵਾਜ਼ ਅਤੇ ਸਿੱਖ ਸਰੂਪ ਨੂੰ ਆਪਣੀਆਂ ਲਿਖਤਾਂ ਦਾ ਅਟੁੱਟ ਅੰਗ ਬਣਾਇਆ। ਪੰਜਾਬੀ ਸੱਭਿਆਚਾਰ ਨਾਲ ਉਨ੍ਹਾਂ ਨੂੰ ਅਥਾਹ ਪਿਆਰ ਸੀ, ਇਸ ਕਰਕੇ ਉਹ ਹਮੇਸ਼ਾ ਪੰਜਾਬੀਅਤ ਦੇ ਰੰਗ ਵਿਚ ਰੰਗੇ ਰਹਿੰਦੇ ਸਨ। ਗਿਆਨੀ ਗੁਰਦਿੱਤ ਸਿੰਘ ਪੰਜਾਬੀ ਸੱਭਿਆਚਾਰ, ਸੱਭਿਅਤਾ ਅਤੇ ਪੇਂਡੂ ਰਹਿਣੀ-ਬਹਿਣੀ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਦ੍ਰਿਸ਼ਟਮਾਨ ਕਰਨ ਵਾਲੇ ਬੁੱਧੀਜੀਵੀ ਤੇ ਵਿਦਵਾਨ ਲੇਖਕ ਸਨ। ‘ਮੇਰਾ ਪਿੰਡ’ ਪੁਸਤਕ ਨੂੰ ਲੜੀਵਾਰ ਉਹ ਆਪਣੇ ਰੋਜ਼ਾਨਾ ਪ੍ਰਕਾਸ਼ ਅਖ਼ਬਾਰ ਵਿਚ ਪ੍ਰਕਾਸ਼ਤ ਕਰਦੇ ਰਹੇ ਸਨ, ਜਿਸ ਕਰਕੇ ਉਨ੍ਹਾਂ ਦੀ ਪੱਤਰਕਾਰੀ ਦੀ ਵੱਖਰੀ ਪਛਾਣ ਬਣ ਗਈ ਸੀ।

ਇਹ ਅਖ਼ਬਾਰ ਪਟਿਆਲਾ ਤੋਂ ਅੰਮ੍ਰਿਤਸਰ ਤਬਦੀਲ ਹੋ ਗਿਆ ਸੀ ਅਤੇ ਫਿਰ 1967 ਵਿਚ ਪਟਿਆਲਾ ਵਾਪਸ ਆ ਗਿਆ। ਉਸ ਸਮੇਂ ਉਨ੍ਹਾਂ ਦਾ ਸਿਆਸੀ ਵਿਅੰਗ ਕਾਲਮ ‘ਰਾਜਨੀਤਿਕ ਕੁੰਡਲੀਆਂ’ ਬਹੁਤ ਮਸ਼ਹੂਰ ਸੀ। ਬਾਅਦ ਵਿਚ ਇਹ ਰਸਾਲਾ ਅੰਮ੍ਰਿਤਸਰ ਵਿਚ 1973 ਤੋਂ 1978 ਤੱਕ ਛਪਦਾ ਰਿਹਾ। ਉਨ੍ਹਾਂ ਨੇ ਇੱਕ ਸਾਹਿਤਕ ਰਸਾਲਾ ‘ਜੀਵਨ ਸੰਦੇਸ਼’ ਵੀ ਪ੍ਰਕਾਸ਼ਤ ਕੀਤਾ। ਉਸ ਦਾ ਭਾਵੇਂ ਖਾਸ ਵੇਰਵਾ ਨਹੀਂ ਮਿਲਦਾ, ਪਰ ਮਈ 1951 ਦਾ ‘ਇਤਹਾਸਕ ਅੰਕ’ 216 ਸਫ਼ਿਆਂ ਦਾ ਸੀ। ਪੱਤਰਕਾਰੀ ਪ੍ਰਤੀ ਉਨ੍ਹਾਂ ਦਾ ਜਨੂੰਨ ਬਰਕਰਾਰ ਰਿਹਾ। 1973 ਵਿਚ ਸਿੰਘ ਸਭਾ ਸ਼ਤਾਬਦੀ ਕਮੇਟੀ ਦੇ ਜਨਰਲ ਸਕੱਤਰ ਬਣਨ ਤੋਂ ਬਾਅਦ, ਉਨ੍ਹਾਂ ਨੇ ‘ਸਿੰਘ ਸਭਾ ਪੱਤ੍ਰਿਕਾ’ ਸ਼ੁਰੂ ਕੀਤੀ ਅਤੇ 2022 ਤੱਕ ਇਸਦੇ ਸੰਪਾਦਕ ਰਹੇ। ‘ਸਿੰਘ ਸਭਾ ਪੱਤ੍ਰਿਕਾ’ ਆਪਣੇ ਵਿਸ਼ੇਸ਼ ਅੰਕਾਂ ਲਈ ਜਾਣੀ ਜਾਂਦੀ ਸੀ, ਜੋ ਮਹੱਤਵਪੂਰਨ ਮੁੱਦਿਆਂ ਨੂੰ ਉਭਾਰਦੇ ਸਨ ਅਤੇ ਵਿਦਵਾਨਾਂ ਤੇ ਧਾਰਮਿਕ ਖੋਜਕਾਰਾਂ ਦੋਵਾਂ ਨੂੰ ਇੱਕੋ ਮੰਚ ਉਤੇ ਇਕੱਠੇ ਕਰਦੇ ਸਨ। ਇਸ ਰਸਾਲੇ ਰਾਹੀਂ ਉਨ੍ਹਾਂ ਸਿੱਖ ਵਿਚਾਰਧਾਰਾ ਦੀ ਤਰਜਮਾਨੀ ਕੀਤੀ। ਇਸ ਪੱਤ੍ਰਿਕਾ ਰਾਹੀਂ ਆਪ ਸਿੱਖੀ ਵਿਚਾਰਧਾਰਾ ’ਤੇ ਪਹਿਰਾ ਦਿੰਦੇ ਰਹੇ।

ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਵਿਚ ਵੀ ਉਨ੍ਹਾਂ ਦਾ ਮਹੱਤਵਪੂਰਨ ਰੋਲ ਰਿਹਾ ਹੈ। ਉਨ੍ਹਾਂ ਦੀਆਂ ਕੋਸ਼ਿਸ਼ਾਂ ਸਦਕਾ ਤਖ਼ਤ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਨੂੰ ਸਿੱਖਾਂ ਦੇ ਪੰਜਵੇਂ ਤਖ਼ਤ ਵੱਜੋਂ ਮਾਣਤਾ ਮਿਲੀ। ਉਨ੍ਹਾਂ ਨੇ ਮਹਿਰੌਲੀ (ਦਿੱਲੀ) ਅਤੇ ਚੰਡੀਗੜ੍ਹ ਵਿਖੇ ਦੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਦਿਆ ਕੇਂਦਰ ਸਥਾਪਤ ਕੀਤੇ।

ਗਿਆਨੀ ਗੁਰਦਿੱਤ ਸਿੰਘ ਬਹੁ-ਪੱਖੀ ਤੇ ਬਹੁਰੰਗੀ ਗਿਆਨਵਾਨ ਅਤੇ ਪ੍ਰਬੁੱਧ ਵਿਦਵਾਨ ਸਨ। ਉਹ ਧਾਰਮਿਕ ਖੋਜੀ, ਸਾਹਿਤਕਾਰ, ਪੱਤਰਕਾਰ, ਸਿਆਸਤਦਾਨ ਅਤੇ ਪੰਜਾਬੀ ਸੱਭਿਆਚਾਰ ਦੇ ਵਾਰਤਕਕਾਰ ਸਨ। ਉਨ੍ਹਾਂ ਨੇ ਇਨ੍ਹਾਂ ਪੰਜਾਂ ਖੇਤਰਾਂ ਵਿਚ ਅਜਿਹਾ ਵਿਦਵਤਾ ਭਰਪੂਰ ਬਿਹਤਰੀਨ ਕੰਮ ਕੀਤਾ, ਜਿਸ ਕਰਕੇ ਉਨ੍ਹਾਂ ਦੀ ਇੱਕ ਵੱਖਰੀ ਵਿਲੱਖਣ ਪਛਾਣ ਬਣ ਗਈ। ਇਤਿਹਾਸ ਵਿਚ ਗਿਆਨੀ ਜੀ ਦਾ ਨਾਮ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਵੇਗਾ ਕਿਉਂਕਿ ਉਹ ਬਹੁ-ਪਰਤੀ ਵਿਦਵਤਾ ਦੇ ਮੁਜੱਸਮਾ ਸਨ। ਗਿਆਨੀ ਗੁਰਦਿੱਤ ਸਿੰਘ ਸਿੱਖ ਧਰਮ ਦੇ ਖੋਜੀ ਵਿਦਵਾਨ ਸਨ, ਜਿਨ੍ਹਾਂ ਆਪਣੀ ਸਾਰੀ ਉਮਰ ਸਿੱਖ ਸੋਚ ’ਤੇ ਪਹਿਰਾ ਦਿੰਦਿਆਂ ਬਤੀਤ ਕੀਤੀ। ਉਹ ਸਰਵਪੱਖੀ ਤੇ ਪ੍ਰਤਿਭਾਵਾਨ ਗੁਰਮਤਿ ਦੇ ਧਾਰਨੀ ਅਤੇ ਸਿੱਖ ਸੋਚ ਦੇ ਮੁੱਦਈ ਸਨ। ਉਹ ਸਿੱਖ ਧਰਮ ਦੇ ਪ੍ਰਤੀਬੱਧ ਅਤੇ ਗੁਰਬਾਣੀ ਦੇ ਖੋਜੀ ਵਿਆਖਿਆਕਾਰ ਸਨ।

ਪਾਠ ਬੋਧ ਸਮਾਗਮ ਕਰਵਾਉਣ ਦਾ ਸਿਹਰਾ ਵੀ ਗਿਆਨੀ ਜੀ ਨੂੰ ਜਾਂਦਾ ਹੈ। ਉਨ੍ਹਾਂ ਸਿੱਖ ਇਤਿਹਾਸ ਦੇ ਮੁੱਢਲੇ ਸਰੋਤਾਂ ਨੂੰ ਵਿਦਵਾਨਾਂ ਤੱਕ ਪਹੁੰਚਾਉਣ ਦਾ ਮਹੱਤਵਪੂਰਨ ਕੰਮ ਕੀਤਾ ਹੈ। ਇਸ ਮੰਤਵ ਲਈ ਉਨ੍ਹਾਂ ਦੇਸ਼ ਵਿਦੇਸ਼ ਵਿਚ ਹਜ਼ਾਰਾਂ ਹੱਥ ਲਿਖਤਾਂ ਅਤੇ ਪੁਰਾਤਨ ਖਰੜਿਆਂ ਦਾ ਅਧਿਐਨ ਕੀਤਾ। ਉਹ ਹਮੇਸ਼ਾ ਤੱਥਾਂ ’ਤੇ ਆਧਾਰਿਤ ਲਿਖਦੇ ਸਨ। ਉਨ੍ਹਾਂ ਨੇ ਇਕ ਸੰਸਥਾ ਤੋਂ ਵੀ ਵੱਧ ਕੰਮ ਕੀਤਾ। ਉਨ੍ਹਾਂ ਦੀ ਸਾਰੀ ਖੋਜ ਸਿੱਕੇਬੰਦ ਹੈ ਕਿਉਂਕਿ ਉਹ ਤੱਥਾਂ ’ਤੇ ਆਧਾਰਿਤ ਖੋਜ ਕਰਕੇ ਲਿਖਦੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਗਿਆਨੀ ਜੀ ਦੇ ਜੀਵਨ ਦਾ ਕੇਂਦਰੀ ਧੁਰਾ ਰਿਹਾ ਹੈ। ਉਹ ਗਿਆਨ ਦੇ ਭੰਡਾਰ ਅਤੇ ਸਿੱਖ ਧਰਮ ਦੇ ਪਹਿਰੇਦਾਰ ਸਨ।

ਗਿਆਨੀ ਗੁਰਦਿੱਤ ਸਿੰਘ ਨੇ ਆਪਣੀ 83 ਸਾਲ ਦੀ ਉਮਰ ਤੋਂ ਵੀ ਵੱਧ ਲਗਭਗ 100 ਪੁਸਤਕਾਂ, ਕਿਤਾਬਚੇ, ਲੇਖ ਅਤੇ ਟਰੈਕਟ ਖੁਦ ਲਿਖੇ/ਸੰਪਾਦਤ ਕੀਤੇ। ਉਨ੍ਹਾਂ ਨੂੰ ਗੁਰਮਤਿ ਸਾਹਿਤ ਅਤੇ ਪੱਤਰਕਾਰੀ ਦਾ ਸੁਮੇਲ ਕਿਹਾ ਜਾ ਸਕਦਾ ਹੈ। ਗਿਆਨੀ ਗੁਰਦਿੱਤ ਸਿੰਘ ਨੇ ਪ੍ਰਸਿੱਧ ਧਾਰਮਿਕ ਵਿਦਵਾਨਾਂ ਦੀਆਂ ਜੀਵਨੀਆਂ ਵੀ ਲਿਖੀਆਂ ਹਨ। ਉਹ ਆਪਣੀ ਧੁਨ ਦੇ ਪੱਕੇ, ਸਿਰੜੀ ਅਤੇ ਦਰਵੇਸ਼ ਵਿਦਵਾਨ ਸਨ। ਉਨ੍ਹਾਂ ਦੇ ਵਿਅਕਤੀਤਵ ਵਿਚ ਲੋਕ ਵਿਰਸੇ ਅਤੇ ਧਰਮ-ਚਿੰਤਨ ਦਾ ਅਜਿਹਾ ਸੁਮੇਲ ਪੰਜਾਬੀ ਸਾਹਿਤ ਅਤੇ ਪੰਜਾਬੀਆਂ ਲਈ ਸੁਭਾਗਾ ਸਿੱਧ ਹੋਇਆ ਹੈ। ‘ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ’ ਉਨ੍ਹਾਂ ਛੇ ਜਿਲਦਾਂ ਵਿਚ ਸੰਪੂਰਨ ਕੀਤਾ। ਉਨ੍ਹਾਂ ਨੇ ਲੋਕ ਸਾਹਿਤ ਦੀ ਰਚਨਾ ਕੀਤੀ, ਲੋਕ ਸਾਹਿਤ ਲੋਕਧਾਰਾ ਦਾ ਅਨਿੱਖੜ ਅੰਗ ਹੁੰਦਾ ਹੈ।

ਭਾਵੇਂ ਚੋਣ ਸਿਆਸਤ ਵਿਚ ਗਿਆਨੀ ਜੀ ਦੀ ਕੋਈ ਨਿੱਜੀ ਦਿਲਚਸਪੀ ਨਹੀਂ ਸੀ, ਫਿਰ ਵੀ ਉਹ 1956 ਤੋਂ 1962 ਤੱਕ ਪੰਜਾਬ ਵਿਧਾਨ ਪ੍ਰੀਸ਼ਦ (Legislative Council) ਦੇ ਮੈਂਬਰ ਰਹੇ। ਇੱਕ ਖ਼ੁਸ਼ਗਵਾਰ ਸ਼ਖ਼ਸੀਅਤ ਅਤੇ ਵਿਆਪਕ ਦੋਸਤੀ ਦੇ ਘੇਰੇ ਵਾਲੇ ਇਨਸਾਨ ਹੋਣ ਕਾਰਨ, ਉਹ ਗਿਆਨ ਸਿੰਘ ਰਾੜੇਵਾਲਾ, ਪ੍ਰਤਾਪ ਸਿੰਘ ਕੈਰੋਂ, ਗਿਆਨੀ ਕਰਤਾਰ ਸਿੰਘ, ਗੁਰਚਰਨ ਸਿੰਘ ਟੌਹੜਾ ਅਤੇ ਗਿਆਨੀ ਜ਼ੈਲ ਸਿੰਘ ਸਮੇਤ ਕਈ ਸਿਆਸੀ ਆਗੂਆਂ ਦੇ ਨੇੜੇ ਸਨ।

ਗਿਆਨੀ ਗੁਰਦਿਤ ਸਿੰਘ ਦੀਆਂ ਪੰਜਾਬ, ਪੰਜਾਬੀ ਭਾਸ਼ਾ ਅਤੇ ਸਿੱਖ ਧਰਮ ਪ੍ਰਤੀ ਸੇਵਾਵਾਂ ਨੂੰ ਮੁੱਖ ਰੱਖਦਿਆਂ ਉਨ੍ਹਾਂ ਨੂੰ ਕਈ ਮਾਨ ਸਨਮਾਨ ਵੀ ਦਿਤੇ ਗਏ ਹਨ। ਉਨ੍ਹਾਂ ਨੂੰ ਭਾਸ਼ਾ ਵਿਭਾਗ, ਪੰਜਾਬ ਵਲੋਂ ‘ਪੰਜਾਬੀ ਸਾਹਿਤ ਸ਼੍ਰੋਮਣੀ’ ਪੁਰਸਕਾਰ (2006) ਅਤੇ ਐੱਸ.ਜੀ.ਪੀ.ਸੀ. ਵੱਲੋਂ ‘ਗੁਰਮਤਿ ਅਚਾਰੀਆ’ ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਉਨ੍ਹਾਂ ਦੀਆਂ ਦੋ ਕਿਤਾਬਾਂ ਨੂੰ ਯੂਨੈਸਕੋ ਵੱਲੋਂ ਅਵਾਰਡ ਮਿਲਿਆ-‘ਤਿੱਥ ਤਿਉਹਾਰ’ (1960), ‘ਮੇਰੇ ਪਿੰਡ ਦਾ ਜੀਵਨ’ (1967), ਪੰਜਾਬੀ ਸਾਹਿਤ ਅਕਾਦਮੀ ਵੱਲੋਂ ਕਰਤਾਰ ਸਿੰਘ ਧਾਲੀਵਾਲ ਪੁਰਸਕਾਰ (2000), ਦੂਰਦਰਸ਼ਨ ਜਲੰਧਰ ਵੱਲੋਂ ‘ਪੰਜ ਪਾਣੀ’ ਪੁਰਸਕਾਰ (2005)। ਚੀਫ਼ ਖਾਲਸਾ ਦੀਵਾਨ ਨੇ ਆਪਣੇ 100 ਸਾਲਾ ਦੇ ਅਵਸਰ ਉਤੇ ਗਿਆਨੀ ਜੀ ਨੂੰ ਸਨਮਾਨਿਆ ਸੀ।

ਗਿਆਨੀ ਗੁਰਦਿਤ ਸਿੰਘ ਦਾ ਜਨਮ 24 ਫਰਵਰੀ 1923 ਨੂੰ ਜ਼ਿਲ੍ਹਾ ਸੰਗਰੂਰ ਦੇ ਪਿੰਡ ਮਿੱਠੇਵਾਲ ਵਿਖੇ ਹੋਇਆ। ਉਨ੍ਹਾਂ 1945 ਵਿਚ ਲਾਹੌਰ ਤੋਂ ‘ਗਿਆਨੀ’ ਪਾਸ ਕੀਤੀ। ਉਸ ਦਾ ਵਿਆਹ ਬੀਬੀ ਇੰਦਰਜੀਤ ਕੌਰ ਸੰਧੂ ਨਾਲ ਹੋਇਆ, ਜੋ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਉਪ-ਕੁਲਪਤੀ ਅਤੇ ਬਾਅਦ ਵਿਚ ਸਟਾਫ਼ ਸਿਲੈਕਸ਼ਨ ਕਮਿਸ਼ਨ, ਦਿੱਲੀ ਦੇ ਚੇਅਰਪਰਸਨ ਰਹੇ।

ਉਨ੍ਹਾਂ ਦੇ ਦੋ ਲੜਕੇ ਹਨ, ਵੱਡਾ ਲੜਕਾ ਰੁਪਿੰਦਰ ਸਿੰਘ ‘ਦਿ ਟ੍ਰਿਬਿਊਨ’ ਦੇ ਸੀਨੀਅਰ ਐਸੋਸੀਏਟ ਐਡੀਟਰ ਵਜੋਂ ਸੇਵਾ ਮੁਕਤ ਹੋਏ ਹਨ ਅਤੇ ਉਨ੍ਹਾਂ ਨੇ ਅੰਗਰੇਜ਼ੀ ਵਿਚ ਨੌਂ ਕਿਤਾਬਾਂ ਲਿਖੀਆਂ ਹਨ। ਛੋਟਾ ਲੜਕਾ ਰਵਿੰਦਰ ਸਿੰਘ ਇੱਕ ਬਿਜ਼ਨਸਮੈਨ ਹੈ। ਇੱਕ ਸੁਲਝੇ ਹੋਏ ਸਿੱਖ ਵਿਦਵਾਨ ਤੇ ਅਨੇਕਾਂ ਖੇਤਰਾਂ ਵਿਚ ਅਮਿੱਟ ਪੈੜਾਂ ਪਾਉਣ ਵਾਲੇ ਆਖ਼ਰ 17 ਜਨਵਰੀ 2007 ਨੂੰ ਅਕਾਲ ਚਲਾਣਾ ਕਰ ਗਏ।

**ਗਿਆਨੀ ਗੁਰਦਿਤ ਸਿੰਘ ਦੀ ਪੱਤਰਕਾਰੀ ਪ੍ਰਤੀ ਆਪਣੀ ਲਗਨ ਸਦਕਾ 1947 ਵਿਚ ਪਟਿਆਲਾ ਤੋਂ ਰੋਜ਼ਾਨਾ ਪੰਜਾਬੀ ਅਖ਼ਬਾਰ ‘ਪ੍ਰਕਾਸ਼’ ਸ਼ੁਰੂ ਕੀਤਾ। ਉਹ ਖੁਦ ਇਸ ਅਖ਼ਬਾਰ ਦੇ ਮਾਲਕ ਤੇ ਮੁੱਖ ਸੰਪਾਦਕ ਸੀ। ਇਸ ਰੋਜ਼ਾਨਾ ਅਖ਼ਬਾਰ ਵਿਚ ਉਸ ਸਮੇਂ ਦੇ ਪ੍ਰਮੁੱਖ ਲਿਖਾਰੀ, ਜਿਵੇਂ ਕਿ ਪ੍ਰੋ. ਤੇਜਾ ਸਿੰਘ, ਡਾ. ਪ੍ਰੀਤਮ ਸਿੰਘ ਅਤੇ ਡਾ. ਗੰਡਾ ਸਿੰਘ ਲੇਖ ਲਿਖਦੇ ਸਨ। ਵੱਖ-ਵੱਖ ਸਮਿਆਂ ’ਤੇ ਸੂਬਾ ਸਿੰਘ, ਅਵਤਾਰ ਸਿੰਘ ਗ਼ੈਰਤ ਅਤੇ ਹਰਦੀਪ ਸਿੰਘ ਸਾਹਨੀ ਵਰਗੇ ਲਿਖਾਰੀਆਂ ਨੇ ਵੀ ‘ਪ੍ਰਕਾਸ਼’ ’ਚ ਕੰਮ ਕੀਤਾ। ਇਹ ਅਖ਼ਬਾਰ 1961 ਤੱਕ ਰੋਜ਼ਾਨਾ ਅਤੇ ਉਸਤੋਂ ਬਾਅਦ 1978 ਤੱਕ ਹਫ਼ਤਾਵਾਰੀ ਛਪਦਾ ਰਿਹਾ।**

# ਸੋਲੋ ਗਾਇਕੀ ਨੂੰ ਨਵੀਂ ਪਛਾਣ ਦੇਣ ਵਾਲੀ ਕਮਲਜੀਤ ਨੀਰੂ

ਬਲਦੇਵ ਸਿੰਘ ਬੇਦੀ
ਜਲੰਧਰ
90419-25181
ਪੰਜਾਬ ਮੇਲ USA



ਪੰਜਾਬੀ ਸੰਗੀਤ ਦੇ ਇਤਿਹਾਸ ਵਿਚ ਇੱਕ ਅਜਿਹਾ ਦੌਰ ਵੀ ਆਇਆ, ਜਦੋਂ ਮੰਚਾਂ 'ਤੇ ਮਹਿਲਾ ਗਾਇਕਾਵਾਂ ਦੀ ਹਾਜ਼ਰੀ ਬਹੁਤ ਘੱਟ ਹੁੰਦੀ ਸੀ। ਸਟੇਜ ਜ਼ਿਆਦਾਤਰ ਪੁਰਸ਼ ਗਾਇਕਾਂ ਦੇ ਕਬਜ਼ੇ ਵਿਚ ਸਨ ਅਤੇ ਜੇ ਕੋਈ ਮਹਿਲਾ ਹਿੰਮਤ ਕਰਕੇ ਅੱਗੇ ਵਧਦੀ, ਤਾਂ ਉਸਨੂੰ ਸਿਰਫ਼ ਮਿਹਨਤ ਹੀ ਨਹੀਂ, ਸਗੋਂ ਸਮਾਜਿਕ ਸੋਚਾਂ ਨਾਲ ਵੀ ਜੂਝਣਾ ਪੈਂਦਾ ਸੀ। ਅਜਿਹੇ ਸਮੇਂ ਵਿਚ ਇੱਕ ਸੁਰੀਲੀ, ਸੰਵੇਦਨਸ਼ੀਲ ਅਤੇ ਅਸ਼ਲੀਲਤਾ ਤੋਂ ਕੋਹਾਂ ਦੂਰ ਆਵਾਜ਼ ਨੇ ਆਪਣੀ ਅਲੱਗ ਪਛਾਣ ਬਣਾਈ ਅਤੇ ਇਹ ਆਵਾਜ਼ ਸੀ ਕਮਲਜੀਤ ਨੀਰੂ ਦੀ।

ਜਿਨ੍ਹਾਂ ਨੇ ਇਹ ਸਾਬਤ ਕੀਤਾ ਕਿ ਸੋਲੋ ਗਾਇਕੀ ਸਿਰਫ਼ ਆਵਾਜ਼ ਦੀ ਤਾਕਤ ਨਹੀਂ, ਸਗੋਂ ਹੌਂਸਲੇ, ਸੰਸਕਾਰ ਅਤੇ ਸੰਗੀਤਕ ਸਮਰਪਣ ਦੀ ਵੀ ਮੰਗ ਕਰਦੀ ਹੈ। "ਸੀਟੀ ਤੇ ਸੀਟੀ", "ਜਦੋਂ ਮੇਰਾ ਲੱਕ ਹਿਲਦਾ", "ਚਿੱਠੀ ਸੱਜਣਾ ਦੀ", "ਜੁਗਨੀ", "ਜ਼ੁਕਾਮ ਇਸ਼ਕ ਦਾ" ਅਤੇ "ਆਉਂਦਾ ਲਲਕਾਰੇ ਦੂਰੋਂ ਮਾਰਦਾ" ਵਰਗੇ ਗਾਏ ਉਨ੍ਹਾਂ ਦੇ ਗੀਤ ਅੱਜ ਵੀ ਵਿਆਹਾਂ, ਮੇਲਿਆਂ ਅਤੇ ਸੱਭਿਆਚਾਰਕ ਸਮਾਗਮਾਂ ਦੀ ਰੌਣਕ ਬਣਦੇ ਹਨ। ਉਹ ਗੀਤ ਜੋਕਿ ਇਕ ਪੂਰੇ ਯੁੱਗ ਦੀ ਕਹਾਣੀ ਹਨ।

19 ਦਸੰਬਰ 1960 ਨੂੰ ਪੰਜਾਬ ਦੇ ਖੰਨਾ ਨੇੜਲੇ ਪਿੰਡ ਈਸੜੂ ਵਿਚ ਜਨਮੀ ਨੀਰੂ ਇੱਕ ਅਨੁਸ਼ਾਸਿਤ ਫੌਜੀ ਪਰਿਵਾਰ ਨਾਲ ਸੰਬੰਧਿਤ ਹਨ। ਪਿਤਾ ਹਰਸਤ ਸਿੰਘ ਬੈਨੀਪਾਲ ਅਤੇ ਮਾਤਾ ਸੁਰਜੀਤ ਕੌਰ ਬੈਨੀਪਾਲ ਦੇ ਸਨੇਹ ਤੇ ਸਖ਼ਤ ਅਨੁਸ਼ਾਸਨ ਨੇ ਉਨ੍ਹਾਂ ਦੇ ਵਿਅਕਤੀਤਵ ਨੂੰ ਹੋਰ ਵੀ ਮਜ਼ਬੂਤੀ ਬਖ਼ਸ਼ੀ। ਬਚਪਨ ਤੋਂ ਹੀ ਨਵੇਂ-ਨਵੇਂ ਸ਼ਹਿਰਾਂ ਵਿਚ ਪੜ੍ਹਾਈ ਕਰਨ ਨਾਲ ਉਨ੍ਹਾਂ ਵਿਚ ਆਤਮਵਿਸ਼ਵਾਸ ਅਤੇ ਅਨੁਕੂਲਤਾ ਦੀ ਖ਼ੂਬੀ ਆ ਗਈ। ਖੰਨਾ ਤੋਂ ਸ਼ੁਰੂ ਹੋਈ ਸਿੱਖਿਆ ਜਲੰਧਰ ਦੇ ਆਰਮੀ ਸਕੂਲ ਤੱਕ ਪਹੁੰਚੀ ਅਤੇ ਫਿਰ ਉਨ੍ਹਾਂ ਨੇ ਪ੍ਰੀ-ਮੈਡੀਕਲ ਦੀ ਪੜ੍ਹਾਈ ਵੀ ਲਾਇਲਪੁਰ ਖਾਲਸਾ ਕਾਲਜ ਜਲੰਧਰ ਤੋਂ ਸ਼ੁਰੂ ਕੀਤੀ। ਪਰ ਕਿਸਮਤ ਨੇ ਉਨ੍ਹਾਂ ਲਈ ਕੋਈ ਹੋਰ ਹੀ ਰਾਹ ਚੁਣਿਆ ਸੀ, ਜੋ ਕਿ ਉਨ੍ਹਾਂ ਨੂੰ ਡਾਕਟਰੀ ਤੋਂ ਸੁਰਾਂ ਦੇ ਸਫ਼ਰ ਵੱਲ ਪ੍ਰੇਰਿਤ ਕਰ ਰਿਹਾ ਸੀ।







**ਕਮਲਜੀਤ ਨੀਰੂ ਦੀ ਦੂਰਦਰਸ਼ਨ ਕੇਂਦਰ ਜਲੰਧਰ ਨਾਲ ਸਾਂਝ ਬਹੁਤ ਗੂੜ੍ਹੀ ਹੈ। ਲਗਭਗ ਚਾਰ ਦਹਾਕੇ ਪਹਿਲਾਂ 1986 ਵਿਚ ਪ੍ਰਸਾਰਿਤ ਹੋਇਆ ਉਨ੍ਹਾਂ ਦਾ ਪਹਿਲਾ ਸੋਲੋ ਗੀਤ "ਭਿੱਜ ਗਈ ਕੁੜਤੀ ਲਾਲ" ਉਨ੍ਹਾਂ ਲਈ ਮਕਬੂਲੀਅਤ ਦਾ ਉਹ ਦਰਵਾਜ਼ਾ ਖੋਲ੍ਹ ਗਿਆ, ਜੋ ਅੱਜ ਤੱਕ ਵੀ ਢੋਇਆ ਨਹੀਂ ਗਿਆ।**

ਉਨ੍ਹਾਂ ਦੀ ਵੋਕਲ ਕੁਆਲਿਟੀ ਅਤੇ ਮੰਚ 'ਤੇ ਹਾਜ਼ਰੀ ਦਰਸ਼ਕਾਂ ਨੂੰ ਪਹਿਲੇ ਹੀ ਪਲ ਮੋਹ ਲੈਂਦੀ ਸੀ। ਭੰਗੜੇ ਅਤੇ ਤੈਰਾਕੀ ਦੀ ਸ਼ੌਕੀਨ ਨੀਰੂ ਨੇ ਆਖ਼ੀਰ ਗਾਇਕੀ ਨੂੰ ਹੀ ਆਪਣਾ ਜੀਵਨ-ਧਿਆਨ ਬਣਾ ਲਿਆ। 1980 ਵਿਚ ਵਿਆਹ ਤੋਂ ਬਾਅਦ ਉਹ ਆਪਣੇ ਜੀਵਨ ਸਾਥੀ ਨਾਲ ਇੰਗਲੈਂਡ ਚਲੀ ਗਈ। ਜਿੱਥੇ ਜਾ ਕੇ ਉਨ੍ਹਾਂ ਨੇ ਉੱਥੇ ਵਸਦੇ ਪੰਜਾਬੀਆਂ ਨੂੰ ਆਪਣੀ ਮਾਂ-ਬੋਲੀ ਅਤੇ ਸੱਭਿਆਚਾਰ ਨਾਲ ਜੋੜਨ ਲਈ ਆਪਣੀ ਕਲਾ ਰਾਹੀ ਇੱਕ ਪੁਲ ਵਾਂਗ ਯਤਨ ਕੀਤਾ।

ਇੰਗਲੈਂਡ ਵਿਚ ਉਨ੍ਹਾਂ ਨੂੰ ਅਲਾਪ ਗਰੁੱਪ, ਹੀਰਾ ਗਰੁੱਪ ਅਤੇ ਡੀ.ਸੀ.ਐੱਸ. ਵਰਗੇ ਪ੍ਰਸਿੱਧ ਕਲਾਕਾਰਾਂ ਨਾਲ ਮੰਚ ਸਾਂਝਾ ਕਰਨ ਦਾ ਮੌਕਾ ਮਿਲਿਆ। ਇੱਥੇ ਹੀ ਪ੍ਰਸਿੱਧ ਸੰਗੀਤ ਨਿਰਦੇਸ਼ਕ ਬਲਦੇਵ ਮਸਤਾਨਾ ਦੀ ਹੱਲਾਸ਼ੇਰੀ ਨੇ ਉਨ੍ਹਾਂ ਦੇ ਕੈਰੀਅਰ ਨੂੰ ਇੱਕ ਨਵੀਂ ਦਿਸ਼ਾ ਦਿੱਤੀ ਅਤੇ ਇਸ ਦਿਸ਼ਾ ਦੇ ਨਤੀਜੇ ਵਜੋਂ ਨੀਰੂ ਦੀ ਪਹਿਲੀ ਸਾਂਝੀ ਐਲਬਮ 1982 'ਚ ਜਰਨੈਲ ਦੁਸਾਂਝ ਅਤੇ ਲਖਬੀਰ ਲੱਖੀ ਸਾਥੀ ਗਰੁੱਪ ਨਾਲ "ਦੁਪੱਟੇ ਕਾਲੇ ਉੱਡਦੇ", ਜੋ ਕਿ ਐੱਚ.ਐਮ.ਵੀ. ਵੱਲੋਂ ਜਾਰੀ ਕੀਤੀ ਗਈ। ਉਸ ਵੇਲੇ ਐੱਚ.ਐਮ.ਵੀ. ਤੋਂ ਐਲਬਮ ਰਿਲੀਜ਼ ਹੋਣਾ ਆਪਣੇ ਆਪ ਵਿਚ ਮਾਣ ਦੀ ਗੱਲ ਹੁੰਦੀ ਸੀ।

ਕਮਲਜੀਤ ਨੀਰੂ ਦੀ ਦੂਰਦਰਸ਼ਨ ਕੇਂਦਰ ਜਲੰਧਰ ਨਾਲ ਸਾਂਝ ਬਹੁਤ ਗੂੜ੍ਹੀ ਹੈ। ਲਗਭਗ ਚਾਰ ਦਹਾਕੇ ਪਹਿਲਾਂ 1986 ਵਿਚ ਪ੍ਰਸਾਰਿਤ ਹੋਇਆ ਉਨ੍ਹਾਂ ਦਾ ਪਹਿਲਾ ਸੋਲੋ ਗੀਤ "ਭਿੱਜ ਗਈ ਕੁੜਤੀ ਲਾਲ" ਉਨ੍ਹਾਂ ਲਈ ਮਕਬੂਲੀਅਤ ਦਾ ਉਹ ਦਰਵਾਜ਼ਾ ਖੋਲ੍ਹ ਗਿਆ, ਜੋ ਅੱਜ ਤੱਕ ਵੀ ਢੋਇਆ ਨਹੀਂ ਗਿਆ। ਸਾਲ 1994 ਨੂੰ ਜੀ ਆਇਆਂ ਆਖਦੇ ਨਵੇਂ ਸਾਲ ਦੇ ਪ੍ਰੋਗਰਾਮ ਵਿਚ ਗਾਇਆ ਗੀਤ "ਰੁੜ੍ਹਾ ਮੰਡੀ ਜਾਵੇ" ਵੀ ਘਰ-ਘਰ ਦੀ ਪਸੰਦ ਬਣ ਗਿਆ। ਉਹ ਦੌਰ ਅਜਿਹਾ ਸੀ, ਜਦੋਂ ਟੀ.ਵੀ. 'ਤੇ ਇੱਕ ਗੀਤ ਦਾ ਪ੍ਰਸਾਰਣ ਕਲਾਕਾਰ ਨੂੰ ਰਾਤੋਂ-ਰਾਤ ਸਿਤਾਰਾ ਬਣਾ ਦਿੰਦਾ ਸੀ ਅਤੇ ਨੀਰੂ ਵੀ ਉਸ ਸੁਨਿਹਰੀ ਦੌਰ ਦੀ ਚਮਕ ਬਣ ਗਈ।

ਸਕੂਲਾਂ, ਕਾਲਜਾਂ ਅਤੇ ਭੰਗੜਾ-ਗਿੱਧਾ ਮੁਕਾਬਲਿਆਂ ਵਿਚ ਉਨ੍ਹਾਂ ਦੇ ਗੀਤ ਫ਼ਰਮਾਇਸ਼ ਵਜੋਂ ਵੱਜਣ ਲੱਗ ਪਏ। ਕਿਉਂਕਿ ਉਨ੍ਹਾਂ ਦੀ ਆਵਾਜ਼ ਵਿਚ ਲੋਕ-ਧੁਨ ਅਤੇ ਮਿੱਟੀ ਦੀ ਉਹ ਖ਼ੁਸ਼ਬੂ ਸੀ, ਜੋ ਸਿੱਧੀ ਦਿਲਾਂ ਵਿਚ ਉਤਰ ਜਾਂਦੀ ਸੀ।

ਨੀਰੂ ਨੇ ਸਿਰਫ਼ ਪੰਜਾਬ ਹੀ ਨਹੀਂ, ਸਗੋਂ ਨਿਊਜ਼ੀਲੈਂਡ, ਆਸਟ੍ਰੇਲੀਆ, ਦੁਬਈ, ਸਿੰਗਾਪੁਰ, ਮਲੇਸ਼ੀਆ, ਹਾਲੈਂਡ, ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਵਿਚ ਵੀ ਆਪਣੇ ਗੀਤਾਂ ਦੀ ਗਾਇਕੀ ਨਾਲ ਪਰਦੇਸਾਂ 'ਚ ਵੱਸਦੇ ਪੰਜਾਬੀਆਂ ਨੂੰ ਆਪਣੇ ਵਤਨ ਨਾਲ ਜੋੜਿਆ।

ਗਾਇਕੀ ਦੇ ਨਾਲ-ਨਾਲ ਉਨ੍ਹਾਂ ਨੇ ਅਦਾਕਾਰੀ ਵਿਚ ਵੀ ਕਾਮਯਾਬੀ ਹਾਸਲ ਕੀਤੀ। "ਜਾਕੋ ਰਾਖੇ ਸਾਈਆ", "ਸਰਦਾਰੀ", "ਵਿਦਰੋਹ", "ਹੌਂਸਲਾ ਰੱਖ" ਅਤੇ "ਉੱਚਾ ਦਰ ਬਾਬੇ ਨਾਨਕ ਦਾ" ਵਰਗੀਆਂ ਫ਼ਿਲਮਾਂ ਵਿਚ ਉਨ੍ਹਾਂ ਦੀ ਅਦਾਕਾਰੀ ਨੇ ਇਹ ਸਾਬਤ ਕੀਤਾ ਕਿ ਉਹ ਸਿਰਫ਼ ਗਾਇਕਾ ਹੀ ਨਹੀਂ, ਇੱਕ ਪੂਰਨ ਵੀ ਕਲਾਕਾਰ ਹਨ।

ਉਨ੍ਹਾਂ ਨੂੰ "ਇਸ਼ਕ ਬਰਾਂਡੀ" ਲਈ ਇੰਗਲੈਂਡ ਵਿਚ ਬੈਸਟ ਫੀਮੇਲ ਸਿੰਗਰ ਐਵਾਰਡ ਨਾਲ ਨਵਾਜ਼ਿਆ ਗਿਆ। ਪੀ.ਟੀ.ਸੀ. ਪੰਜਾਬੀ ਦੇ ਪ੍ਰੋਗਰਾਮਾਂ ਅਤੇ ਮਿਸਟਰ ਪੰਜਾਬ ਕੈਨੇਡਾ ਸ਼ੋਅਜ਼ ਵਿਚ ਜੱਜ ਵਜੋਂ ਭਾਗ ਲੈਣਾ ਵੀ ਉਨ੍ਹਾਂ ਦੀ ਲੋਕਪ੍ਰਿਯਤਾ ਦਾ ਅਮਿੱਟ ਸਬੂਤ ਹੈ।

ਜ਼ਿੰਦਗੀ ਦੇ ਇੱਕ ਮੋੜ 'ਤੇ ਉਨ੍ਹਾਂ ਨੇ ਮਾਂ ਹੋਣ ਦਾ ਫਰਜ਼ ਨਿਭਾਉਂਦੇ ਹੋਏ ਲਗਭਗ 15 ਤੋਂ 17 ਸਾਲ ਗਾਇਕੀ ਤੋਂ ਦੂਰੀ ਬਣਾਈ ਰੱਖੀ। ਪਰ ਜਦੋਂ 2017-18 ਵਿਚ ਉਹ ਮੁੜ ਮੰਚ 'ਤੇ ਵਾਪਸ ਆਏ, ਤਾਂ ਦਰਸ਼ਕਾਂ ਵਲੋਂ ਉਨ੍ਹਾਂ ਦਾ ਉਹੀ ਪਿਆਰ ਨਾਲ ਨਿੱਘਾ ਸਵਾਗਤ ਕਰ ਸਾਬਤ ਕੀਤਾ ਕਿ ਸੱਚੀ ਕਲਾ ਕਦੇ ਪੁਰਾਣੀ ਨਹੀਂ ਹੁੰਦੀ।

ਅੱਜ ਉਹ ਕੈਨੇਡਾ ਦੇ ਵੈਨਕੂਵਰ ਸ਼ਹਿਰ ਵਿਚ ਆਪਣੇ ਨੂੰਹ-ਪੁੱਤ ਅਤੇ ਪੋਤਰੇ ਨਾਲ ਰਹਿ ਰਹੇ ਹਨ, ਪਰ ਰਿਆਜ਼ ਅਤੇ ਸੰਗੀਤ ਨਾਲ ਉਨ੍ਹਾਂ ਦੀ ਡੋਰ ਅੱਜ ਵੀ ਅਟੁੱਟ ਹੈ।

ਕਮਲਜੀਤ ਨੀਰੂ ਸਿਰਫ਼ ਇੱਕ ਗਾਇਕਾ ਨਹੀਂ, ਸਗੋਂ ਪੰਜਾਬੀ ਸੋਲੋ ਗਾਇਕੀ ਦੀ ਇੱਕ ਮਜ਼ਬੂਤ ਕੜੀ ਹਨ। ਉਨ੍ਹਾਂ ਦੀ ਆਵਾਜ਼ ਨੇ ਇਕ ਪੂਰੇ ਯੁੱਗ ਨੂੰ ਰੰਗਿਆ, ਇੱਕ ਪੀੜ੍ਹੀ ਨੂੰ ਪ੍ਰੇਰਿਆ ਅਤੇ ਇਹ ਸਾਬਤ ਕੀਤਾ ਕਿ ਕਲਾ ਜਦੋਂ ਸੰਸਕਾਰਾਂ ਨਾਲ ਜੁੜੀ ਹੋਵੇ, ਤਾਂ ਉਹ ਸਿਰਫ਼ ਮਨੋਰੰਜਨ ਹੀ ਨਹੀਂ ਰਹਿੰਦੀ, ਉਹ ਫੇਰ ਇਕ ਵਿਰਾਸਤ ਦਾ ਰੂਪ ਧਾਰਨ ਕਰ ਜਾਂਦੀ ਹੈ।

# ਕੋਵਿਡ ਟੀਕੇ ਅਤੇ ਦਿਲ ਦੇ ਦੌਰੇ: ਅਫਵਾਹਾਂ ਵਿਚ ਡੁੱਬਿਆ ਵਿਗਿਆਨ

ਡਾ. ਸਤਿਆਵਾਨ ਸੌਰਭ
ਭਿਵਾਨੀ, ਹਰਿਆਣਾ
94665-26148, 01255281381
ਪੰਜਾਬ ਮੇਲ USA





ਜੇਕਰ ਕੋਵਿਡ ਮਹਾਂਮਾਰੀ ਤੋਂ ਬਾਅਦ ਭਾਰਤ ਵਿਚ ਇੱਕ ਡਰ ਤੇਜ਼ੀ ਨਾਲ ਫੈਲਿਆ ਹੈ, ਤਾਂ ਉਹ ਹੈ ਕੋਵਿਡ ਟੀਕਿਆਂ ਅਤੇ ਦਿਲ ਦੇ ਦੌਰੇ ਵਿਚਕਾਰ ਕਥਿਤ ਸਬੰਧ। ਸੋਸ਼ਲ ਮੀਡੀਆ 'ਤੇ ਵਾਇਰਲ ਸੁਨੇਹੇ, ਅਧੂਰੀ ਜਾਣਕਾਰੀ ਨਾਲ ਭਰੇ ਵੀਡੀਓ, ਟੀ.ਵੀ. ਸਟੂਡੀਓ ਵਿਚ ਗਰਮ ਬਹਿਸਾਂ ਅਤੇ ਕੁਝ ਗੈਰ-ਜ਼ਿੰਮੇਵਾਰ ਬਿਆਨਾਂ ਨੇ ਇਹ ਧਾਰਨਾ ਪੈਦਾ ਕੀਤੀ ਹੈ ਕਿ ਕੋਵੀਸ਼ੀਲਡ ਅਤੇ ਕੋਵੈਕਸਿਨ ਵਰਗੇ ਟੀਕੇ ਨੌਜਵਾਨਾਂ ਵਿਚ ਅਚਾਨਕ ਦਿਲ ਦੇ ਦੌਰੇ ਦਾ ਕਾਰਨ ਬਣ ਰਹੇ ਹਨ। ਇਹ ਡਰ ਇੰਨਾ ਡੂੰਘਾ ਹੋ ਗਿਆ ਹੈ ਕਿ ਬਹੁਤ ਸਾਰੇ ਲੋਕਾਂ ਨੇ ਟੀਕਿਆਂ ਨੂੰ "ਹੌਲੀ ਜ਼ਹਿਰ" ਵੀ ਕਹਿਣਾ ਸ਼ੁਰੂ ਕਰ ਦਿੱਤਾ ਹੈ। ਪਰ ਅਸਲ ਸਵਾਲ ਇਹ ਹੈ: ਕੀ ਇਹ ਡਰ ਵਿਗਿਆਨਕ ਤੱਥਾਂ 'ਤੇ ਆਧਾਰਿਤ ਹੈ, ਜਾਂ ਇਹ ਸਿਰਫ਼ ਅਫਵਾਹਾਂ ਅਤੇ ਗਲਤ ਧਾਰਨਾਵਾਂ ਦੀ ਇੱਕ ਲੰਬੀ ਲੜੀ ਹੈ?

ਹਾਲ ਹੀ ਦੇ ਮਹੀਨਿਆਂ ਵਿਚ, ਕਰਨਾਟਕ ਦੇ ਹਸਨ ਜ਼ਿਲ੍ਹੇ ਵਿਚ 22 ਅਚਾਨਕ ਹੋਈਆਂ ਮੌਤਾਂ ਨੂੰ ਕੋਵਿਡ ਟੀਕਿਆਂ ਨਾਲ ਜੋੜਨ ਦੇ ਸਵਾਲ ਉਠਾਏ ਗਏ ਸਨ, ਜਿਸ ਨਾਲ ਇਸ ਬਹਿਸ ਨੂੰ ਹੋਰ ਹਵਾ ਮਿਲੀ। ਇਸ ਤੋਂ ਬਾਅਦ, ਸੋਸ਼ਲ ਮੀਡੀਆ 'ਤੇ ਦਾਅਵੇ ਤੇਜ਼ੀ ਨਾਲ ਫੈਲਣੇ ਸ਼ੁਰੂ ਹੋ ਗਏ ਕਿ ਨੌਜਵਾਨ "ਗਲਤ ਟੀਕਿਆਂ" ਕਾਰਨ ਮਰ ਰਹੇ ਹਨ। ਹਾਲਾਂਕਿ, ਇੱਕ ਵਿਸਤ੍ਰਿਤ ਜਾਂਚ ਤੋਂ ਬਾਅਦ, ਰਾਜ ਸਰਕਾਰ ਦੁਆਰਾ ਬਣਾਈ ਗਈ ਇੱਕ ਮਾਹਰ ਕਮੇਟੀ ਨੇ ਸਪੱਸ਼ਟ ਤੌਰ 'ਤੇ ਇਹ ਸਿੱਟਾ ਕੱਢਿਆ ਕਿ ਇਨ੍ਹਾਂ ਮੌਤਾਂ ਅਤੇ ਕੋਵਿਡ ਟੀਕਿਆਂ ਵਿਚਕਾਰ ਕੋਈ ਸਿੱਧਾ ਕਾਰਨ ਸਬੰਧ ਨਹੀਂ ਮਿਲਿਆ। ਇਹ ਸਿੱਟਾ ਕਿਸੇ ਇੱਕ ਕਮੇਟੀ ਤੱਕ ਸੀਮਿਤ ਨਹੀਂ ਹੈ, ਸਗੋਂ ਦੇਸ਼ ਦੀਆਂ ਚੋਟੀ ਦੀਆਂ ਸਿਹਤ ਸੰਸਥਾਵਾਂ ਦੁਆਰਾ ਕੀਤੇ ਗਏ ਅਧਿਐਨਾਂ ਦੁਆਰਾ ਵੀ ਪੁਸ਼ਟੀ ਕੀਤੀ ਗਈ ਹੈ।

ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ (ਏਮਜ਼), ਇੰਡੀਅਨ ਕੌਂਸਲ ਆਫ਼ ਮੈਡੀਕਲ ਰਿਸਰਚ (ਆਈ.ਸੀ.ਐੱਮ.ਆਰ.), ਕੇਂਦਰੀ ਸਿਹਤ ਮੰਤਰਾਲੇ ਅਤੇ ਸੀਰਮ ਇੰਸਟੀਚਿਊਟ ਆਫ਼ ਇੰਡੀਆ ਦੁਆਰਾ ਕੀਤੇ ਗਏ ਕਈ ਸੁਤੰਤਰ ਅਧਿਐਨਾਂ ਨੇ ਵਾਰ-ਵਾਰ ਭਾਰਤ ਵਿਚ ਵਰਤੇ ਜਾਣ ਵਾਲੇ ਕੋਵਿਡ-19 ਟੀਕਿਆਂ ਦੀ ਸੁਰੱਖਿਆ ਦਾ ਪ੍ਰਦਰਸ਼ਨ ਕੀਤਾ ਹੈ। ਆਈ.ਸੀ.ਐੱਮ.ਆਰ. ਦੁਆਰਾ 19 ਰਾਜਾਂ ਦੇ 47 ਵੱਡੇ ਹਸਪਤਾਲਾਂ ਵਿਚ ਕੀਤੇ ਗਏ ਇੱਕ ਬਹੁ-ਕੇਂਦਰ ਅਧਿਐਨ ਵਿਚ ਅਚਾਨਕ ਮੌਤਾਂ ਦੇ ਕਾਰਨਾਂ ਦਾ ਵਿਸ਼ਲੇਸ਼ਣ ਕੀਤਾ ਗਿਆ। ਨਤੀਜੇ ਸਪੱਸ਼ਟ ਸਨ - ਲਗਭਗ 85 ਪ੍ਰਤੀਸ਼ਤ ਮਾਮਲਿਆਂ ਵਿਚ, ਮੌਤ ਦਾ ਕਾਰਨ ਪਹਿਲਾਂ ਤੋਂ ਮੌਜੂਦ ਕੋਰੋਨਰੀ ਆਰਟਰੀ ਬਿਮਾਰੀ ਸੀ, ਜਿਸਦੀ ਵਿਸ਼ੇਸ਼ਤਾ ਧਮਨੀਆਂ ਵਿਚ ਚਰਬੀ ਜਮ੍ਹਾਂ (ਪਲਾਕ) ਦਾ ਇਕੱਠਾ ਹੋਣਾ ਸੀ। ਬਾਕੀ ਮਾਮਲਿਆਂ ਵਿਚ, ਜੈਨੇਟਿਕ ਕਾਰਕ, ਗੈਰ-ਸਿਹਤਮੰਦ ਜੀਵਨ ਸ਼ੈਲੀ, ਬਹੁਤ ਜ਼ਿਆਦਾ ਮਾਨਸਿਕ ਤਣਾਅ, ਮੋਟਾਪਾ, ਸਿਗਰਟਨੋਸ਼ੀ ਅਤੇ ਕੋਵਿਡ-19 ਲਾਗ ਦੇ ਬਾਅਦ ਦੇ ਪ੍ਰਭਾਵਾਂ ਨੂੰ ਜ਼ਿੰਮੇਵਾਰ ਪਾਇਆ ਗਿਆ। ਟੀਕਿਆਂ ਨਾਲ ਕੋਈ ਸਿੱਧਾ ਜਾਂ ਨਿਰਣਾਇਕ ਸਬੰਧ ਨਹੀਂ ਮਿਲਿਆ।

ਇਹ ਸੱਚ ਹੈ ਕਿ ਐਸਟਰਾਜ਼ੇਨੇਕਾ ਨੇ ਅਦਾਲਤ ਵਿਚ ਮੰਨਿਆ ਕਿ ਇਸਦੀ ਟੀਕਾ ਇੱਕ ਬਹੁਤ ਹੀ ਦੁਰਲੱਭ ਸਥਿਤੀ ਦਾ ਕਾਰਨ ਬਣ ਸਕਦੀ ਹੈ - ਇੱਕ ਸਿੰਡਰੋਮ ਜਿਸ ਵਿਚ ਖੂਨ ਦੇ ਥੱਕੇ ਅਤੇ ਘੱਟ ਪਲੇਟਲੈਟ ਹੁੰਦੇ ਹਨ। ਪਰ ਇਹ ਸਥਿਤੀ ਲੱਖਾਂ ਵਿਚੋਂ ਸਿਰਫ਼ ਕੁਝ ਮਾਮਲਿਆਂ ਵਿਚ ਹੀ ਦੇਖੀ ਗਈ ਅਤੇ ਟੀਕਾਕਰਨ ਤੋਂ ਬਾਅਦ ਪਹਿਲੇ ਕੁਝ ਹਫ਼ਤਿਆਂ ਵਿਚ ਹੀ। ਡਾਕਟਰੀ ਤੌਰ 'ਤੇ, ਇਹ ਸਥਿਤੀ ਅਤੇ ਦਿਲ ਦਾ ਦੌਰਾ ਦੋ ਵੱਖ-ਵੱਖ ਬਿਮਾਰੀ ਪ੍ਰਕਿਰਿਆਵਾਂ ਹਨ। ਦੋਵਾਂ ਨੂੰ ਬਰਾਬਰ ਕਰਨਾ ਨਾ ਸਿਰਫ਼ ਵਿਗਿਆਨਕ ਤੌਰ 'ਤੇ ਗਲਤ ਹੈ, ਸਗੋਂ ਜਨਤਾ ਲਈ ਗੁੰਮਰਾਹਕੁੰਨ ਵੀ ਹੈ।




ਅਸਲੀਅਤ ਇਹ ਹੈ ਕਿ ਕੋਵਿਡ ਦੀ ਲਾਗ ਖੁਦ ਦਿਲ ਲਈ ਕਿਤੇ ਜ਼ਿਆਦਾ ਖ਼ਤਰਨਾਕ ਸਾਬਤ ਹੋਈ ਹੈ। ਵਿਸ਼ਵ ਸਿਹਤ ਸੰਗਠਨ ਅਤੇ ਭਾਰਤ ਸਮੇਤ ਕਈ ਦੇਸ਼ਾਂ ਵਿਚ ਕੀਤੇ ਗਏ ਅਧਿਐਨਾਂ ਦੇ ਅਨੁਸਾਰ, ਕੋਵਿਡ ਨਾਲ ਸੰਕਰਮਿਤ ਵਿਅਕਤੀ ਨੂੰ ਦਿਲ ਦਾ ਦੌਰਾ, ਸਟ੍ਰੋਕ ਅਤੇ ਦਿਲ ਦੀ ਅਸਫਲਤਾ ਦਾ ਖ਼ਤਰਾ ਦੋ ਤੋਂ ਤਿੰਨ ਗੁਣਾ ਵੱਧ ਜਾਂਦਾ ਹੈ। ਵਾਇਰਸ ਸਰੀਰ ਵਿਚ ਵਿਆਪਕ ਸੋਜ਼ਿਸ਼ ਦਾ ਕਾਰਨ ਬਣਦਾ ਹੈ, ਜੋ ਦਿਲ ਦੀਆਂ ਮਾਸਪੇਸ਼ੀਆਂ ਅਤੇ ਖੂਨ ਦੀਆਂ ਨਾੜੀਆਂ ਨੂੰ ਗੰਭੀਰ ਰੂਪ ਵਿਚ ਨੁਕਸਾਨ ਪਹੁੰਚਾ ਸਕਦਾ ਹੈ। ਪਹਿਲੀ ਅਤੇ ਦੂਜੀ ਲਹਿਰ ਵਿਚ ਮੁਕਾਬਲਤਨ ਨੌਜਵਾਨ ਅਤੇ ਪਹਿਲਾਂ ਤੰਦਰੁਸਤ ਵਿਅਕਤੀਆਂ ਦੇ ਗੰਭੀਰ ਦਿਲ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨ ਦੇ ਕਈ ਮਾਮਲੇ ਸਾਹਮਣੇ ਆਏ। ਇਸ ਸੰਦਰਭ ਵਿਚ, ਟੀਕਿਆਂ ਨੇ ਜ਼ੋਖਮ ਨੂੰ ਘਟਾਉਣ ਵਿਚ ਇੱਕ ਸੁਰੱਖਿਆ ਭੂਮਿਕਾ ਨਿਭਾਈ।

ਫਿਰ ਸਵਾਲ ਇਹ ਉੱਠਦਾ ਹੈ: ਮਹਾਂਮਾਰੀ ਤੋਂ ਬਾਅਦ ਅਚਾਨਕ ਮੌਤਾਂ ਅਤੇ ਦਿਲ ਦੇ ਦੌਰੇ ਕਿਉਂ ਵਧਦੇ ਦਿਖਾਈ ਦੇ ਰਹੇ ਹਨ? ਮਾਹਿਰਾਂ ਦਾ ਜਵਾਬ ਮੁਕਾਬਲਤਨ ਸਪੱਸ਼ਟ ਹੈ - ਮਹਾਂਮਾਰੀ ਤੋਂ ਬਾਅਦ ਜੀਵਨ ਸ਼ੈਲੀ ਬਦਲ ਗਈ। ਲੰਬੇ ਤਾਲਾਬੰਦੀ ਦੌਰਾਨ, ਸਰੀਰਕ ਗਤੀਵਿਧੀਆਂ ਵਿਚ ਕਾਫ਼ੀ ਕਮੀ ਆਈ, ਭਾਰ ਵਧਿਆ, ਮਾਨਸਿਕ ਤਣਾਅ ਅਤੇ ਡਿਪਰੈਸ਼ਨ ਵਧਿਆ, ਨੀਂਦ ਦੇ ਚੱਕਰ ਵਿਘਨ ਪਏ ਅਤੇ ਜੰਕ ਫੂਡ ਦੀ ਖਪਤ ਵਧ ਗਈ। ਇਸ ਤੋਂ ਇਲਾਵਾ, ਕੋਵਿਡ ਦੀ ਲਾਗ ਤੋਂ ਬਾਅਦ ਲੰਬੇ ਸਮੇਂ ਦੀ ਸੋਜ਼ਿਸ਼, ਥਕਾਵਟ ਅਤੇ ਸਾਹ ਦੀਆਂ ਸਮੱਸਿਆਵਾਂ ਵੀ ਦਿਲ ਦੇ ਜ਼ੋਖਮ ਨੂੰ ਵਧਾਉਂਦੀਆਂ ਹਨ। ਇਨ੍ਹਾਂ ਗੁੰਝਲਦਾਰ ਅਤੇ ਅਸਲ ਕਾਰਨਾਂ 'ਤੇ ਗੰਭੀਰਤਾ ਨਾਲ ਚਰਚਾ ਕਰਨ ਦੀ ਬਜਾਏ, ਟੀਕਿਆਂ ਨੂੰ ਦੋਸ਼ੀ ਠਹਿਰਾਉਣਾ ਆਸਾਨ ਹੈ, ਪਰ ਇਹ ਵਿਗਿਆਨਕ ਸੱਚਾਈ ਤੋਂ ਬਹੁਤ ਦੂਰ ਹੈ।

> *ਇਹ ਸੱਚ ਹੈ ਕਿ ਐਸਟਰਾਜ਼ੇਨੇਕਾ ਨੇ ਅਦਾਲਤ ਵਿਚ ਮੰਨਿਆ ਕਿ ਇਸਦੀ ਟੀਕਾ ਇੱਕ ਬਹੁਤ ਹੀ ਦੁਰਲੱਭ ਸਥਿਤੀ ਦਾ ਕਾਰਨ ਬਣ ਸਕਦੀ ਹੈ - ਇੱਕ ਸਿੰਡਰੋਮ ਜਿਸ ਵਿਚ ਖੂਨ ਦੇ ਥੱਕੇ ਅਤੇ ਘੱਟ ਪਲੇਟਲੈਟ ਹੁੰਦੇ ਹਨ। ਪਰ ਇਹ ਸਥਿਤੀ ਲੱਖਾਂ ਵਿਚੋਂ ਸਿਰਫ਼ ਕੁਝ ਮਾਮਲਿਆਂ ਵਿਚ ਹੀ ਦੇਖੀ ਗਈ ਅਤੇ ਟੀਕਾਕਰਨ ਤੋਂ ਬਾਅਦ ਪਹਿਲੇ ਕੁਝ ਹਫ਼ਤਿਆਂ ਵਿਚ ਹੀ। ਡਾਕਟਰੀ ਤੌਰ 'ਤੇ, ਇਹ ਸਥਿਤੀ ਅਤੇ ਦਿਲ ਦਾ ਦੌਰਾ ਦੋ ਵੱਖ-ਵੱਖ ਬਿਮਾਰੀ ਪ੍ਰਕਿਰਿਆਵਾਂ ਹਨ।*

ਇਹ ਬਹਿਸ ਸਿਹਤ ਤੱਕ ਸੀਮਤ ਨਹੀਂ ਹੈ, ਸਗੋਂ ਲੋਕਤੰਤਰ ਅਤੇ ਸਮਾਜਿਕ ਜ਼ਿੰਮੇਵਾਰੀ ਨਾਲ ਵੀ ਡੂੰਘਾ ਜੁੜੀ ਹੋਈ ਹੈ। ਜਦੋਂ ਅਫਵਾਹਾਂ ਫੈਲਦੀਆਂ ਹਨ, ਤਾਂ ਟੀਕੇ ਪ੍ਰਤੀ ਝਿਜਕ ਵਧ ਜਾਂਦੀ ਹੈ। ਜੇਕਰ ਭਵਿੱਖ ਵਿਚ ਇੱਕ ਨਵੀਂ ਮਹਾਂਮਾਰੀ ਉੱਭਰਦੀ ਹੈ ਅਤੇ ਲੋਕ ਟੀਕਿਆਂ 'ਤੇ ਵਿਸ਼ਵਾਸ ਨਹੀਂ ਕਰਦੇ, ਤਾਂ ਨਤੀਜੇ ਹੋਰ ਵੀ ਵਿਨਾਸ਼ਕਾਰੀ ਹੋ ਸਕਦੇ ਹਨ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਪੋਲੀਓ, ਚੇਚਕ ਅਤੇ ਖਸਰਾ ਵਰਗੀਆਂ ਬਿਮਾਰੀਆਂ ਵਿਰੁੱਧ ਮਨੁੱਖਤਾ ਦੀ ਲੜਾਈ ਵਿਚ ਟੀਕਿਆਂ ਨੇ ਨਿਰਣਾਇਕ ਭੂਮਿਕਾ ਨਿਭਾਈ ਹੈ। ਕੋਵਿਡ ਟੀਕੇ ਉਸ ਵਿਗਿਆਨਕ ਪ੍ਰੰਪਰਾ ਦਾ ਇੱਕ ਮਹੱਤਵਪੂਰਨ ਹਿੱਸਾ ਹਨ।

ਬਦਕਿਸਮਤੀ ਨਾਲ, ਕੁਝ ਮੀਡੀਆ ਪਲੇਟਫਾਰਮਾਂ ਅਤੇ ਸੋਸ਼ਲ ਮੀਡੀਆ ਪ੍ਰਭਾਵਕਾਂ ਨੇ ਟੀ.ਆਰ.ਪੀ. ਅਤੇ ਪ੍ਰਸਿੱਧੀ ਲਈ "ਟੀਕਾ ਮਾਰਦਾ ਹੈ" ਵਰਗੇ ਵਾਕਾਂਸ਼ਾਂ ਦੀ ਵਰਤੋਂ ਆਮ ਤੌਰ 'ਤੇ ਕੀਤੀ। ਅੱਧ-ਪੱਕੇ ਤੱਥਾਂ ਨੂੰ ਸਨਸਨੀਖੇਜ਼ ਬਣਾਇਆ ਗਿਆ, ਜਦੋਂ ਕਿ ਪੂਰੀਆਂ ਵਿਗਿਆਨਕ ਰਿਪੋਰਟਾਂ 'ਤੇ ਘੱਟ ਹੀ ਚਰਚਾ ਕੀਤੀ ਗਈ। ਨਤੀਜੇ ਵਜੋਂ, ਡਰ ਤਰਕ ਉੱਤੇ ਅਤੇ ਅਫਵਾਹ ਵਿਗਿਆਨ ਉੱਤੇ ਹਾਵੀ ਹੋ ਗਈ।

ਸਰਕਾਰ ਅਤੇ ਸਿਹਤ ਸੰਸਥਾਵਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਇਸ ਭੰਬਲਭੂਸੇ ਨੂੰ ਸਰਗਰਮੀ ਨਾਲ ਦੂਰ ਕਰਨ। ਏਮਜ਼ ਅਤੇ ਆਈ.ਸੀ.ਐੱਮ.ਆਰ. ਵਰਗੇ ਸੰਸਥਾਨਾਂ ਤੋਂ ਤੱਥ-ਆਧਾਰਿਤ ਖੋਜਾਂ ਨੂੰ ਵੈੱਬਸਾਈਟਾਂ ਜਾਂ ਪ੍ਰੈੱਸ ਰਿਲੀਜ਼ਾਂ ਤੱਕ ਸੀਮਤ ਨਹੀਂ ਰੱਖਿਆ ਜਾਣਾ ਚਾਹੀਦਾ, ਸਗੋਂ ਹਰ ਪਿੰਡ ਵਿਚ ਪ੍ਰਸਾਰਿਤ ਕੀਤਾ ਜਾਣਾ ਚਾਹੀਦਾ ਹੈ। ਆਸ਼ਾ ਅਤੇ ਆਂਗਣਵਾੜੀ ਵਰਕਰਾਂ ਨੂੰ ਸਿਖਲਾਈ ਦੇਣ ਨਾਲ ਵਿਗਿਆਨਕ ਜਾਣਕਾਰੀ ਦਾ ਪ੍ਰਸਾਰ ਕਰਨ ਲਈ ਸ਼ਕਤੀਸ਼ਾਲੀ ਚੈਨਲ ਬਣ ਸਕਦੇ ਹਨ, ਖਾਸ ਕਰਕੇ ਉਨ੍ਹਾਂ ਖੇਤਰਾਂ ਵਿਚ ਜਿੱਥੇ ਸਿਹਤ ਸਾਖਰਤਾ ਘੱਟ ਹੈ। ਰਾਜਨੀਤਿਕ ਲੀਡਰਸ਼ਿਪ ਨੂੰ ਵੀ ਸੰਜਮ ਵਰਤਣਾ ਚਾਹੀਦਾ ਹੈ - ਵਿਗਿਆਨਕ ਆਧਾਰ ਤੋਂ ਬਿਨਾਂ ਬਿਆਨ ਜਨਤਕ ਵਿਸ਼ਵਾਸ ਨੂੰ ਕਮਜ਼ੋਰ ਕਰਦੇ ਹਨ ਅਤੇ ਸਿਹਤ ਨੀਤੀਆਂ ਨੂੰ ਨੁਕਸਾਨ ਪਹੁੰਚਾਉਂਦੇ ਹਨ।

"ਟੀਕਾ ਉਲਟਾਉਣ" ਜਾਂ "ਡੀਟੌਕਸ" ਦੇ ਸੱਦੇ ਪੂਰੀ ਤਰ੍ਹਾਂ ਗੈਰ-ਵਿਗਿਆਨਕ ਹਨ। ਆਧੁਨਿਕ ਦਵਾਈ ਕੋਲ ਸਮੇਂ ਦੇ ਨਾਲ ਟੀਕੇ ਦੀ ਪ੍ਰਭਾਵਸ਼ੀਲਤਾ ਨੂੰ ਸਾਬਤ ਕਰਨ ਲਈ ਕੋਈ ਸਿਧਾਂਤ ਨਹੀਂ ਹੈ। ਇਸ ਦੀ ਬਜਾਏ, ਇੱਕ ਵਿਆਪਕ ਦਿਲ ਦੀ ਸਿਹਤ ਮੁਹਿੰਮ ਦੀ ਲੋੜ ਹੈ - ਨਿਯਮਤ ਸ਼ੁਰੂਆਤੀ ਜਾਂਚ, ਬਲੱਡ ਪ੍ਰੈਸ਼ਰ ਅਤੇ ਕੋਲੈਸਟ੍ਰੋਲ ਨਿਗਰਾਨੀ, ਇੱਕ ਸੰਤੁਲਿਤ ਖ਼ੁਰਾਕ, ਯੋਗਾ ਅਤੇ ਨਿਯਮਤ ਕਸਰਤ - ਇਸਨੂੰ ਇੱਕ ਜਨ ਅੰਦੋਲਨ ਬਣਾਉਣਾ। ਇਹ ਦਿਲ ਦੇ ਦੌਰੇ ਦੀ ਰੋਕਥਾਮ ਦਾ ਅਸਲ ਰਸਤਾ ਹੈ।

ਅੱਜ ਦੇ ਡਿਜੀਟਲ ਯੁੱਗ ਵਿਚ, ਅਫਵਾਹਾਂ ਬਿਜਲੀ ਦੀ ਗਤੀ ਨਾਲ ਫੈਲਦੀਆਂ ਹਨ, ਜਦੋਂ ਕਿ ਸੱਚ ਮੁਕਾਬਲਤਨ ਹੌਲੀ-ਹੌਲੀ ਯਾਤਰਾ ਕਰਦਾ ਹੈ। ਫਿਰ ਵੀ, ਲੰਬੇ ਸਮੇਂ ਵਿਚ, ਵਿਗਿਆਨ ਦਾ ਰਸਤਾ ਸਭ ਤੋਂ ਟਿਕਾਊ ਸਾਬਤ ਹੁੰਦਾ ਹੈ। ਏਮਜ਼ ਅਤੇ ਆਈ.ਸੀ.ਐੱਮ.ਆਰ. ਦੇ ਅਧਿਐਨਾਂ ਨੇ ਸਰਬਸੰਮਤੀ ਨਾਲ ਸਿੱਟਾ ਕੱਢਿਆ ਹੈ: ਕੋਵਿਡ ਟੀਕੇ ਸੁਰੱਖਿਅਤ ਹਨ ਅਤੇ ਅਚਾਨਕ ਹੋਣ ਵਾਲੀਆਂ ਮੌਤਾਂ ਨਾਲ ਇਸਦਾ ਕੋਈ ਸਿੱਧਾ ਸਬੰਧ ਨਹੀਂ ਹੈ। ਟੀਕੇ ਦੋਸਤ ਹਨ, ਦੁਸ਼ਮਣ ਨਹੀਂ।

ਭਾਰਤ ਨੇ ਸਮੂਹਿਕ ਯਤਨਾਂ ਰਾਹੀਂ ਕੋਵਿਡ ਵਰਗੀ ਬੇਮਿਸਾਲ ਮਹਾਂਮਾਰੀ 'ਤੇ ਕਾਬੂ ਪਾ ਲਿਆ ਹੈ। ਹੁਣ, ਅਗਲੀ ਚੁਣੌਤੀ ਅਫਵਾਹਾਂ, ਡਰ ਅਤੇ ਸਾਜ਼ਿਸ਼ ਸਿਧਾਂਤਾਂ ਦਾ ਮੁਕਾਬਲਾ ਕਰਨ ਦੀ ਹੈ। ਦਿਲ ਦੇ ਦੌਰੇ ਨੂੰ ਰੋਕਣ ਲਈ ਸਭ ਤੋਂ ਪ੍ਰਭਾਵਸ਼ਾਲੀ "ਟੀਕਾ" ਜਾਗਰੂਕਤਾ ਹੈ - ਵਿਗਿਆਨਕ ਸੋਚ, ਸਹੀ ਜਾਣਕਾਰੀ ਅਤੇ ਜ਼ਿੰਮੇਵਾਰ ਸੰਚਾਰ। ਟੀਕਿਆਂ ਨੂੰ ਬਦਨਾਮ ਕਰਕੇ, ਅਸੀਂ ਨਾ ਸਿਰਫ਼ ਵਿਗਿਆਨ ਦਾ ਅਪਮਾਨ ਕਰਦੇ ਹਾਂ, ਸਗੋਂ ਆਪਣੀ ਭਵਿੱਖ ਦੀ ਸਿਹਤ ਨੂੰ ਵੀ ਖ਼ਤਰੇ ਵਿਚ ਪਾਉਂਦੇ ਹਾਂ। ਇਹ ਸਮਾਂ ਹੈ ਕਿ ਡਰ ਦੀ ਬਜਾਏ ਡੇਟਾ 'ਤੇ ਭਰੋਸਾ ਕੀਤਾ ਜਾਵੇ, ਅਤੇ ਮਿੱਥਾਂ 'ਤੇ ਡਾਕਟਰੀ ਵਿਗਿਆਨ ਨੂੰ ਅਪਣਾਇਆ ਜਾਵੇ।

# ਗੁਰੂ ਸਾਹਿਬਾਨਾਂ ਦੇ ਪ੍ਰਕਾਸ਼ ਦਿਵਸ, ਗੁਰਤਾਗੱਦੀ ਤੇ ਜੋਤੀ-ਜੋਤਿ ਦਿਵਸ ਕਿਵੇਂ ਮਨਾਈਏ?







-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
ਪੰਜਾਬ ਮੇਲ USA


ਜਦੋਂ ਇਸ ਸ੍ਰਿਸ਼ਟੀ ਉੱਤੇ ਅਕਹਿ ਅਤੇ ਅਸਹਿ ਅੱਤਿਆਚਾਰਾਂ ਦੀ ਹਨੇਰੀ ਝੁੱਲ ਪਵੇ ਅਤੇ ਮਨੁੱਖ ਅਗਿਆਨਤਾ, ਮੂਰਖਤਾ ਅਤੇ ਸਵਾਰਥ 'ਚ ਮਨੁੱਖੀ ਕਦਰਾਂ-ਕੀਮਤਾਂ ਭੁੱਲ ਜਾਣ ਤਾਂ ਪ੍ਰਮਾਤਮਾ ਵੱਲੋਂ ਕਿਸੇ ਮਹਾਂਪੁਰਖ ਦਾ ਇਸ ਸ੍ਰਿਸ਼ਟੀ ਤੇ ਪ੍ਰਕਾਸ਼ ਹੁੰਦਾ ਹੈ। ਇਸ ਲਈ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਅਜਿਹੇ ਸਮੇਂ ਹੀ ਹੋਇਆ, ਜਦੋਂ ਸਮਾਜ ਦੇ ਹਰ ਖੇਤਰ 'ਚ ਭ੍ਰਿਸ਼ਟਾਚਾਰ, ਜਬਰ, ਜ਼ੁਲਮ ਤੇ ਅਨਿਆਂ ਸਿਖਰਾਂ 'ਤੇ ਪਹੁੰਚ ਚੁੱਕਾ ਸੀ। ਇਸਤਰੀ ਜਾਤੀ ਦੀ ਬੜੀ ਭੈੜੀ ਦਸ਼ਾ ਨੂੰ ਦੇਖ ਕੇ ਵੀ ਉਨ੍ਹਾਂ ਨੇ ਫੁਰਮਾਇਆ ਸੀ:-

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥

ਸਾਰੀ ਲੋਕਾਈ ਵਹਿਮਾਂ-ਭਰਮਾਂ ਵਿਚ ਪਈ ਹੋਈ ਸੀ। ਸਾਰਾ ਸਮਾਜ ਜਾਤਾਂ-ਪਾਤਾਂ ਵਿਚ ਵੰਡਿਆ ਹੋਇਆ ਸੀ। ਹਰ ਪਾਸੇ ਮਨੁੱਖ, ਮਨੁੱਖ ਨਾਲ ਘ੍ਰਿਣਾ ਕਰਦਾ ਸੀ। ਨਿਰਧਨ ਤੇ ਕਮਜ਼ੋਰ, ਅਮੀਰ ਤੇ ਤਕੜੇ ਦੀ ਧੱਕੇਸ਼ਾਹੀ ਦੇ ਸ਼ਿਕਾਰ ਸਨ। ਸਮਾਜ ਦੀ ਰਾਜਨੀਤਿਕ ਦਸ਼ਾ ਵੀ ਬਹੁਤ ਭੈੜੀ ਸੀ, ਰਾਜੇ ਕਿਵੇਂ ਆਪਣੀ ਪਰਜਾ ਤੇ ਅੱਤਿਆਚਾਰ ਕਰਦੇ ਸਨ, ਭਾਵ ਲੋਕਾਂ ਨੂੰ ਕੋਈ ਇਨਸਾਫ ਨਹੀਂ ਦਿੱਤਾ ਜਾਂਦਾ ਸੀ।

ਗੁਰੂ ਨਾਨਕ ਦੇਵ ਜੀ ਸਿਰਫ ਇਕ ਧਾਰਮਿਕ ਆਗੂ ਹੀ ਨਹੀਂ ਸਨ, ਉਹ ਇਕ ਕ੍ਰਾਂਤੀਕਾਰੀ ਵੀ ਸਨ। ਜਦੋਂ ਬਾਬਰ ਨੇ ਭਾਰਤ 'ਤੇ ਹਮਲਾ ਕੀਤਾ, ਤਾਂ ਬਿਨਾਂ ਕਿਸੇ ਡਰ ਤੋਂ ਉਨ੍ਹਾਂ ਨੇ ਬਾਬਰ ਨੂੰ ਲਲਕਾਰਿਆ ਸੀ:

ਰਾਜੇ ਸ਼ੀਂਹ ਮੁਕੱਦਮ ਕੁੱਤੇ।

ਉਨ੍ਹਾਂ ਨੂੰ ਇੰਨਾ ਜ਼ੁਲਮ ਹੁੰਦਾ ਦੇਖ ਕੇ ਇਹ ਵੀ ਕਹਿਣਾ ਪਿਆ ਸੀ:

ਏਤੀ ਮਾਰ ਪਈ ਕੁਰਲਾਣੇ
ਤੈਂ ਕੀ ਦਰਦ ਨਾ ਆਇਆ।

ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦੀ ਮਹਾਨਤਾ ਨੂੰ ਇਵੇਂ ਪ੍ਰਗਟ ਕੀਤਾ ਸੀ:

"ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ॥
ਜਿਉ ਕਰ ਸੂਰਜ ਨਿਕਲਿਆ ਤਾਰੇ ਛਪਿ ਅੰਧੇਰ ਪਲੋਆ॥"

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਵਿਚਾਰਾਂ ਦਾ ਪ੍ਰਚਾਰ ਚਾਰ ਉਦਾਸੀਆਂ ਵਿਚ ਕੀਤਾ। ਉਨ੍ਹਾਂ ਨੇ ਲੋਕਾਂ ਨੂੰ ਵਹਿਮਾਂ-ਭਰਮਾਂ ਵਿਚੋਂ ਕੱਢਿਆ। ਉਨ੍ਹਾਂ ਨੇ ਭ੍ਰਿਸ਼ਟ ਪਾਖੰਡੀਆਂ ਦਾ ਸੁਧਾਰ ਕੀਤਾ। ਇਸ 'ਚ ਕੋਈ ਸ਼ੱਕ ਨਹੀਂ ਕਿ ਇਨ੍ਹਾਂ ਸਿੱਖਿਆਵਾਂ, ਉਦੇਸ਼ਾਂ ਤੇ ਉਪਦੇਸ਼ਾਂ ਦਾ ਲੋਕਾਂ 'ਤੇ ਕਾਫੀ ਪ੍ਰਭਾਵ ਪਿਆ।

ਉਨ੍ਹਾਂ ਨੇ ਸਿੱਖ ਧਰਮ ਦੀ ਨੀਂਹ ਰੱਖੀ ਅਤੇ ਇਸ ਧਰਮ ਦਾ ਮੁੱਢਲਾ ਸਿਧਾਂਤ ਸੀ ਕਿ ਨਾਮ ਜਪਣਾ, ਕਿਰਤ ਕਰਨੀ, ਵੰਡ ਛਕਣਾ।

ਨਾਮ ਜਪਣ ਤੇ ਨਾਲ-ਨਾਲ ਸ਼ੁੱਭ ਕਰਮਾਂ 'ਤੇ ਵੀ ਜ਼ੋਰ ਦਿੱਤਾ ਕਿਉਂਕਿ ਸ਼ੁੱਭ ਕਰਮਾਂ ਤੋਂ ਬਿਨਾਂ ਮਨੁੱਖ ਦੀ ਮੁਕਤੀ ਨਹੀਂ ਹੋ ਸਕਦੀ। ਉਨ੍ਹਾਂ ਨੇ ਉੱਚਾ ਤੇ ਸੁੱਚਾ ਕਿਰਦਾਰ ਰੱਖਣ ਦੀ ਸਿੱਖਿਆ ਦਿੱਤੀ, ਜਿਵੇਂ ਉਨ੍ਹਾਂ ਨੇ ਫੁਰਮਾਇਆ ਹੈ:

ਗਲੀਂ ਅਸੀਂ ਚੰਗੀਆ ਅਚਾਰੀ ਬੁਰੀਆਹਿ॥

ਮਜ਼ਲੂਮਾਂ, ਨਿਰਧਨਾਂ, ਨਿਰਦੋਸ਼ਾਂ ਦੀ ਸਹਾਇਤਾ ਕਰਨੀ ਮਨੁੱਖ ਦਾ ਪਹਿਲਾ ਨੈਤਿਕ ਫਰਜ਼ ਹੈ। ਉਨ੍ਹਾਂ ਨੇ ਹੰਕਾਰ ਨੂੰ ਸਭ ਰੋਗਾਂ ਦਾ ਕਾਰਨ ਦੱਸਿਆ ਤੇ ਨਿਮਰਤਾ ਸਾਰੇ ਗੁਣਾਂ ਦਾ ਨਿਚੋੜ ਹੈ:

ਮਿਠਤੁ ਨੀਵੀਂ ਨਾਨਕਾ,
ਗੁਣ ਚੰਗਿਆਈਆ ਤੱਤੁ॥

ਉਨ੍ਹਾਂ ਨੇ ਕਿਰਤ ਕਰਕੇ ਜੀਵਨ ਗੁਜ਼ਾਰਨ ਦਾ ਉਪਦੇਸ਼ ਦਿੱਤਾ। ਛਲ, ਫਰੇਬ ਕਰਕੇ ਕਮਾਏ ਧਨ ਦਾ ਖੰਡਨ ਕੀਤਾ। ਜਿਵੇਂ ਉਨ੍ਹਾਂ ਨੇ ਫਰਮਾਇਆ:

ਹੱਕ ਪਰਾਇਆ ਨਾਨਕਾ
ਉਸ ਸੂਅਰ ਉਸ ਗਾਇ॥

ਮਨੁੱਖ ਦੇ ਅਮਲ ਚੰਗੇ ਹੋਣੇ ਚਾਹੀਦੇ ਹਨ:

ਮੰਦੇ ਕੰਮੀਂ ਨਾਨਕਾ ਜਦ ਕਦ ਮੰਦਾ ਹੋਇ॥

ਪਰ ਦੇਖਣ ਦੀ ਗੱਲ ਇਹ ਹੈ ਕਿ ਇਸ ਵੇਲੇ ਦਾ ਸਮਾਜ ਹੁਣ ਵੀ ਉਹੀ ਨਹੀਂ, ਭਾਵ ਮਨੁੱਖੀ ਸੋਚ ਵਿਚ ਕੋਈ ਪਰਿਵਰਤਨ ਆਇਆ ਹੈ? ਮਨੁੱਖੀ ਕਦਰਾਂ-ਕੀਮਤਾਂ ਅਜੇ ਵੀ ਓਹੀ ਹਨ, ਸਗੋਂ ਨੈਤਿਕਤਾ ਪੱਖੋਂ ਦਿਨ-ਬ-ਦਿਨ ਨਿਘਾਰ ਹੀ ਆ ਰਿਹਾ ਹੈ। ਪਰਿਵਾਰਕ ਤੇ ਸਮਾਜਿਕ ਕਦਰਾਂ-ਕੀਮਤਾਂ ਫਿਰ ਬਦਲ ਰਹੀਆਂ ਹਨ। ਸੰਯੁਕਤ ਪਰਿਵਾਰ ਟੁੱਟ ਰਹੇ ਹਨ। ਪਰਿਵਾਰਾਂ, ਰਿਸ਼ਤੇਦਾਰਾਂ ਵਿਚ ਉਹ ਭਾਵਨਾਤਮਕ ਸਾਂਝ ਨਹੀਂ ਰਹੀ। ਪਰ ਮਨੁੱਖ ਸਵਾਰਥੀ ਤੇ ਪਦਾਰਥਵਾਦੀ ਬਣਦਾ ਜਾ ਰਿਹਾ ਹੈ। ਸਮਾਜ ਦੇ ਬਾਕੀ ਖੇਤਰਾਂ, ਧਰਮ ਰਾਜਨੀਤੀ ਤੇ ਵਿਦਿਅਕ ਸਭ ਖੇਤਰਾਂ ਵਿਚ ਨਿਘਾਰ ਆ ਚੁੱਕਾ ਹੈ। ਪਹਿਲੀਆਂ ਕਦਰਾਂ-ਕੀਮਤਾਂ ਖਤਮ ਹੁੰਦੀਆਂ ਜਾ ਰਹੀਆਂ ਹਨ। ਚਾਰੇ ਪਾਸੇ ਭ੍ਰਿਸ਼ਟਾਚਾਰ, ਬੇਈਮਾਨੀ ਅਤੇ ਅਮਾਨਵੀ ਕਦਰਾਂ-ਕੀਮਤਾਂ ਵਧ ਰਹੀਆਂ ਹਨ। ਗੁਰੂ ਘਰ ਦੀ ਕੀ ਦਸ਼ਾ ਹੈ? ਲੜਾਈਆਂ ਝਗੜੇ ਨਿੱਤ ਹੁੰਦੇ ਹਨ। ਚੌਧਰ ਦੀ ਖਾਤਰ ਕਮੇਟੀਆਂ ਦੇ ਕੇਸ ਕੋਰਟਾਂ 'ਚ ਚੱਲ ਰਹੇ ਹਨ। ਇਹ ਕਮਜ਼ੋਰੀਆਂ ਤੇ ਬੁਰਾਈਆਂ ਜਿਹੜੀਆਂ ਸਮਾਜ 'ਚ ਆਈਆਂ, ਇਨ੍ਹਾਂ ਦੇ ਪਿੱਛੇ ਕੀ ਕਾਰਨ ਹਨ? ਇਨ੍ਹਾਂ ਦਾ ਕਾਰਨ ਇਕੋ ਹੀ ਹੈ ਕਿ ਗੁਰੂ ਸਾਹਿਬਾਨਾਂ ਨੇ ਜੋ ਉਪਦੇਸ਼, ਉਦੇਸ਼, ਸਿਧਾਂਤ ਤੇ ਸਿੱਖਿਆਵਾਂ ਮਨੁੱਖ ਨੂੰ ਦਿੱਤੇ ਸਨ, ਮਨੁੱਖ ਨੇ ਉਨ੍ਹਾਂ ਨੂੰ ਆਪਣੇ ਜੀਵਨ ਦਾ ਆਧਾਰ ਨਹੀਂ ਬਣਾਇਆ।

ਗੁਰਬਾਣੀ ਪੜ੍ਹਨ ਤੇ ਸੁਣਨ ਤੱਕ ਹੀ ਸੀਮਤ ਰਹੀ ਹੈ। ਉਸ ਉੱਤੇ ਅਮਲ ਨਹੀਂ ਹੋਇਆ। ਸ਼ੁੱਭ ਅਮਲਾਂ ਬਿਨਾਂ ਕੁੱਝ ਵੀ ਨਹੀਂ। ਸਾਡੇ ਪ੍ਰਚਾਰਕ, ਧਾਰਮਿਕ ਆਗੂ, ਨਾ ਉਹ ਆਪ ਇਨ੍ਹਾਂ ਸਿਧਾਂਤਾਂ ਨੂੰ ਜੀਵਨ ਵਿਚ ਅਮਲੀ ਰੂਪ ਦੇ ਸਕੇ ਅਤੇ ਨਾ ਲੋਕਾਂ ਨੂੰ ਇਨ੍ਹਾਂ ਦੀ ਪ੍ਰੇਰਨਾ ਦੇ ਸਕੇ। ਇਸ ਲਈ ਜਿਹੜੇ ਦਿਵਸ, ਅਸੀਂ ਗੁਰੂਆਂ ਦੇ ਮਨਾਉਂਦੇ ਹਾਂ, ਬਹੁਤ ਹੀ ਚੰਗੀ ਗੱਲ ਹੈ। ਸਾਨੂੰ ਉਨ੍ਹਾਂ ਨੂੰ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਯਾਦ ਰੱਖਣਾ ਚਾਹੀਦਾ ਹੈ। ਪਰ ਇੰਨਾ ਹੀ ਕਾਫੀ ਨਹੀਂ। ਜਿੰਨੀ ਦੇਰ ਅਸੀਂ ਉਨ੍ਹਾਂ ਦੇ ਪੂਰਨਿਆਂ 'ਤੇ ਨਹੀਂ ਚੱਲਦੇ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ 'ਤੇ ਨਹੀਂ ਚੱਲਦੇ, ਸਮਾਜ ਦਾ ਸੁਧਾਰ ਨਹੀਂ ਹੋ ਸਕਦਾ।

ਉਨ੍ਹਾਂ ਦੇ ਪ੍ਰਕਾਸ਼ ਉਤਸਵ ਮਨਾਉਣੇ ਬੇਅਰਥ ਨਹੀਂ ਹਨ। ਇਸ ਲਈ ਜਿੰਨੀ ਦੇਰ ਮਨੁੱਖੀ ਕਿਰਦਾਰ ਉੱਚਾ ਤੇ ਸੁੱਚਾ ਨਹੀਂ ਹੁੰਦਾ, ਤਾਂ ਮਨੁੱਖੀ ਜੀਵਨ ਸ਼ਾਂਤਮਈ, ਸੁਖਦਾਇਕ ਅਤੇ ਖੁਸ਼ਹਾਲ ਨਹੀਂ ਹੋ ਸਕਦਾ। ਲੋੜ ਹੈ ਹਰ ਮਨੁੱਖ ਆਪਣੇ ਅੰਦਰ ਝਾਤੀ ਮਾਰੇ ਕਿ ਮੈਂ ਗੁਰੂ ਸਾਹਿਬਾਨਾਂ ਦੇ ਦਿੱਤੇ ਉਪਦੇਸ਼ਾਂ 'ਤੇ ਚੱਲ ਰਿਹਾ ਹਾਂ?

# ਮਾਂ ਬੋਲੀ







- ਪ੍ਰੋ. ਨਵ ਸੰਗੀਤ ਸਿੰਘ
# 1, ਲਤਾ ਗਰੀਨ ਐਨਕਲੇਵ,
ਪਟਿਆਲਾ-147002
(9417692015)
ਪੰਜਾਬ ਮੇਲ USA


ਜਿਵੇਂ ਮਾਂ ਦਾ ਦਰਜਾ ਕਿਸੇ ਹੋਰ ਔਰਤ ਨੂੰ ਨਹੀਂ ਦਿੱਤਾ ਜਾ ਸਕਦਾ, ਉਸੇ ਤਰ੍ਹਾਂ ਦੁਨੀਆਂ ਦੀ ਕਿਸੇ ਵੀ ਬੋਲੀ ਨੂੰ ਅਸੀਂ ਮਾਂ ਬੋਲੀ ਦੀ ਜਗ੍ਹਾ ਨਹੀਂ ਦੇ ਸਕਦੇ। ਜਿਵੇਂ ਮਾਂ ਤੇ ਮਾਸੀ ਵਿਚ ਫ਼ਰਕ ਹੈ, ਉਵੇਂ ਹੀ ਮਾਂ ਬੋਲੀ ਤੇ ਨੇੜੇ ਦੀਆਂ ਭਾਸ਼ਾਵਾਂ ਵਿਚ ਅੰਤਰ ਹੈ।

ਦੁਨੀਆਂ ਭਰ ਦੇ ਸਿੱਖਿਆ ਸ਼ਾਸਤਰੀਆਂ ਅਤੇ ਵਿਦਵਾਨਾਂ ਦਾ ਮੰਨਣਾ ਹੈ ਕਿ ਬੱਚੇ ਦੇ ਸ਼ੁਰੂਆਤੀ ਵਿਕਾਸ ਅਤੇ ਸਿੱਖਣ ਦੀ ਪ੍ਰਵਿਰਤੀ ਘਰ ਵਿਚ ਬੋਲੀ ਜਾਣ ਵਾਲੀ ਭਾਸ਼ਾ ਨਾਲ ਹੀ ਵਿਕਸਿਤ ਹੁੰਦੀ ਹੈ। ਨਹੀਂ ਤਾਂ ਉਨ੍ਹਾਂ ਦਾ ਬਹੁਤਾ ਸਮਾਂ ਮਾਤ ਭਾਸ਼ਾ ਅਤੇ ਸਿੱਖਿਆ ਹਾਸਲ ਕਰਨ ਲਈ ਵਰਤੀ ਜਾਣ ਵਾਲੀ ਭਾਸ਼ਾ ਵਿਚਲੇ ਫ਼ਰਕ ਨੂੰ ਸਮਝਣ ਵਿਚ ਹੀ ਬਤੀਤ ਹੋ ਜਾਂਦਾ ਹੈ। ਇਸ ਸੰਬੰਧੀ ਮਹਾਤਮਾ ਗਾਂਧੀ ਦਾ ਵਿਚਾਰ ਹੈ - "ਮਾਂ ਬੋਲੀ ਦੀ ਥਾਂ ਕੋਈ ਹੋਰ ਭਾਸ਼ਾ ਨਹੀਂ ਲੈ ਸਕਦੀ। ਮੇਰਾ ਇਹ ਵਿਸ਼ਵਾਸ ਹੈ ਕਿ ਜਿਸ ਕੌਮ ਦੇ ਬੱਚੇ ਆਪਣੀ ਮਾਂ ਬੋਲੀ ਤੋਂ ਇਲਾਵਾ ਕਿਸੇ ਹੋਰ ਭਾਸ਼ਾ ਵਿਚ ਸਿੱਖਿਆ ਪ੍ਰਾਪਤ ਕਰਦੇ ਹਨ, ਉਹ ਆਤਮ ਹੱਤਿਆ ਕਰਨ ਦੇ ਵਾਂਗ ਹੈ। ਇਹ ਉਨ੍ਹਾਂ ਨੂੰ ਉਨ੍ਹਾਂ ਦੇ ਜਨਮ ਸਿੱਧ ਅਧਿਕਾਰ ਤੋਂ ਵਾਂਝਾ ਕਰ ਦਿੰਦਾ ਹੈ, ਉਨ੍ਹਾਂ ਦੀ ਮੌਲਿਕਤਾ ਨੂੰ ਨਸ਼ਟ ਕਰ ਦਿੰਦਾ ਹੈ, ਇਸ ਨਾਲ ਉਨ੍ਹਾਂ ਦਾ ਵਿਕਾਸ ਰੁੱਕ ਜਾਂਦਾ ਹੈ। ਇਸ ਲਈ ਮੈਂ ਇਹਨੂੰ ਪਹਿਲੇ ਦਰਜੇ ਦਾ ਰਾਸ਼ਟਰੀ ਸੰਕਟ ਮੰਨਦਾ ਹਾਂ।"

ਮਾਤ ਭਾਸ਼ਾ ਸਾਨੂੰ ਕੌਮੀਅਤ ਨਾਲ ਜੋੜਦੀ ਹੈ ਅਤੇ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰਦੀ ਹੈ। ਮਾਂ ਦੀ ਗੋਦ ਵਿਚ ਪਲਣ ਵਾਲੀ ਭਾਸ਼ਾ ਹੀ ਬੱਚੇ ਦੇ ਮਾਨਸਿਕ ਵਿਕਾਸ ਲਈ ਪਹਿਲਾ ਸ਼ਬਦ ਸੰਚਾਰ ਦਿੰਦੀ ਹੈ। ਇਸੇ ਰਾਹੀਂ ਹੀ ਮਨੁੱਖ ਸੋਚਦਾ, ਸਮਝਦਾ ਤੇ ਵਿਵਹਾਰ ਕਰਦਾ ਹੈ।" ਡਾ. ਏ.ਪੀ.ਜੇ. ਅਬਦੁਲ ਕਲਾਮ ਨੇ ਆਪਣੇ ਤਜ਼ਰਬੇ ਦੇ ਆਧਾਰ 'ਤੇ ਕਿਹਾ ਸੀ - "ਮੈਂ ਇੱਕ ਚੰਗਾ ਵਿਗਿਆਨੀ ਬਣਿਆ, ਕਿਉਂਕਿ ਮੈਂ ਵਿਗਿਆਨ ਅਤੇ ਗਣਿਤ ਦੀ ਸਿੱਖਿਆ ਆਪਣੀ ਮਾਤ ਭਾਸ਼ਾ ਵਿਚ ਹਾਸਲ ਕੀਤੀ।" ਵਿਸ਼ਵ ਕਵੀ ਗੁਰੂਦੇਵ ਰਬਿੰਦਰਨਾਥ ਟੈਗੋਰ ਨੇ ਕਿਹਾ ਹੈ - "ਜੇਕਰ ਵਿਗਿਆਨ ਨੂੰ ਲੋਕਾਂ ਤੱਕ ਪਹੁੰਚਾਉਣਾ ਹੈ, ਤਾਂ ਮਾਂ ਬੋਲੀ ਰਾਹੀਂ ਪੜ੍ਹਾਉਣਾ ਚਾਹੀਦਾ ਹੈ।" ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਵਿਚ ਕਿਹਾ ਗਿਆ ਹੈ - "ਵਧੇਰੇ ਬੱਚੇ ਸਕੂਲ ਛੱਡ ਦਿੰਦੇ ਹਨ ਕਿਉਂਕਿ ਪੜ੍ਹਾਈ ਦਾ ਮਾਧਿਅਮ ਘਰ ਵਿਚ ਬੋਲੀ ਜਾਣ ਵਾਲੀ ਭਾਸ਼ਾ ਨਹੀਂ ਹੈ।"

ਦੁਨੀਆਂ ਦੇ ਹੋਰਨਾਂ ਮੁਲਕਾਂ ਵਿਚ ਮਾਂ ਬੋਲੀ ਦਾ ਕੀ ਰੁਤਬਾ ਹੈ, ਇਸਦਾ ਵਿਚਾਰਧਾਰਕ ਤੇ ਅਮਲੀ ਵਿਸ਼ਲੇਸ਼ਣ ਕਰਨ ਤੋਂ ਬਾਦ ਪਤਾ ਲੱਗਦਾ ਹੈ ਕਿ ਵੱਖ-ਵੱਖ ਕੌਮਾਂ ਦੀ ਖੁਸ਼ਹਾਲੀ ਅਤੇ ਸਵੈਮਾਨ ਦੀਆਂ ਜੜ੍ਹਾਂ ਮਾਂ ਬੋਲੀ ਨਾਲ ਹੀ ਸਿੰਜੀਆਂ ਜਾ ਰਹੀਆਂ ਹਨ। ਮਾਂ ਬੋਲੀ ਕੌਮ ਦੀ ਸਮਰੱਥਾ ਅਤੇ ਬੌਧਿਕਤਾ ਨੂੰ ਨਿਖਾਰਦੀ ਹੈ।

'ਮੇਰਾ ਦਾਗਿਸਤਾਨ' ਦਾ ਲੇਖਕ ਰਸੂਲ ਹਮਜ਼ਾਤੋਵ ਲਿਖਦਾ ਹੈ ਕਿ ਉਹਦੇ ਦੇਸ਼ ਵਿਚ ਜਦੋਂ ਕਿਸੇ ਨੂੰ ਸਭ ਤੋਂ ਵੱਡੀ ਬਦ-ਦੁਆ/ਬਦ-ਅਸੀਸ ਦੇਣੀ ਹੋਵੇ ਤਾਂ ਅਕਸਰ ਕਿਹਾ ਜਾਂਦਾ ਹੈ, "ਰੱਬ ਕਰੇ, ਤੈਨੂੰ ਤੇਰੀ ਮਾਂ-ਬੋਲੀ ਭੁੱਲ ਜਾਵੇ!" ਪਰ ਅਸੀਂ ਪੰਜਾਬੀ ਏਸੇ ਵਿਚ ਆਪਣੀ ਸ਼ਾਨ ਸਮਝਦੇ ਹਾਂ ਕਿ ਪੰਜਾਬੀ ਦੀ ਥਾਂ ਹਿੰਦੀ ਜਾਂ ਅੰਗਰੇਜ਼ੀ ਨੂੰ ਮੂੰਹ ਮਾਰਦੇ ਹਾਂ। ਬੱਚਿਆਂ ਨੂੰ ਕਾਨਵੈਂਟ/ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ 'ਚ ਪੜ੍ਹਾਉਂਦੇ ਹਾਂ, ਜਿੱਥੇ ਬੱਚਿਆਂ ਨੂੰ ਆਪਣੀ ਮਾਂ ਬੋਲੀ (ਪੰਜਾਬੀ) ਵਿਚ ਗੱਲ ਕਰਨ 'ਤੇ ਜੁਰਮਾਨਾ ਲਾਇਆ ਜਾਂਦਾ ਹੈ।

ਸਾਨੂੰ ਆਪਣੀ ਮਾਂ ਬੋਲੀ ਪ੍ਰਤੀ ਸੋਚ ਬਦਲਣ ਦੀ ਲੋੜ ਹੈ। ਭਾਸ਼ਾ ਵਿਗਿਆਨੀਆਂ ਨੇ ਬੜੇ ਡੂੰਘੇ ਤਜ਼ਰਬੇ ਤੋਂ ਇਹ ਸਿੱਟਾ ਕੱਢਿਆ ਹੈ ਕਿ ਬੱਚੇ ਨੂੰ ਮੁੱਢਲੀ ਸਿੱਖਿਆ ਉਹਦੀ ਮਾਂ ਬੋਲੀ ਵਿਚ ਹੀ ਦੇਣੀ ਚਾਹੀਦੀ ਹੈ। ਅੱਜ ਹਰ ਘੱਟ ਤੋਂ ਘੱਟ ਪੜ੍ਹਿਆ ਬੰਦਾ ਆਪਣੇ ਦਸਤਖ਼ਤ ਕਰਨ ਵੇਲੇ ਅੰਗਰੇਜ਼ੀ ਨੂੰ ਤਰਜੀਹ ਦਿੰਦਾ ਹੈ। ਜਦੋਂ ਤੱਕ ਅਸੀਂ ਮਾਨਸਿਕ ਤੌਰ 'ਤੇ ਖ਼ੁਦ ਨੂੰ ਅੰਗਰੇਜ਼ੀ ਭਾਸ਼ਾ ਦੇ ਚੁੰਗਲ ਤੋਂ ਆਜ਼ਾਦ ਨਹੀਂ ਕਰਦੇ, ਉਦੋਂ ਤੱਕ ਪੰਜਾਬੀ ਦੀ ਹੋਂਦ ਨੂੰ ਖ਼ਤਰਾ ਬਣਿਆ ਰਹੇਗਾ। ਅੱਜ ਦੇ ਸਮੇਂ ਵਿਚ ਹਰ ਵਿਅਕਤੀ ਦਾ ਨੈਤਿਕ ਫ਼ਰਜ਼ ਬਣਦਾ ਹੈ ਕਿ ਉਹ ਮਾਂ ਬੋਲੀ ਦੀ ਪ੍ਰਫੁੱਲਤਾ ਲਈ ਆਪਣੀ ਸਰਗਰਮ ਭੂਮਿਕਾ ਨਿਭਾਵੇ!

# “ਡੇਟਾ ਬ੍ਰੋਕਰੇਜ ਅਤੇ ਕ੍ਰੈਡਿਟ ਰਸ਼: ਪ੍ਰਾਈਵੇਟ ਬੈਂਕਾਂ ਦਾ ਨਵਾਂ ਲੋਕਤੰਤਰ”

ਪ੍ਰਿਅੰਕਾ ਸੌਰਭ
ਰਾਜਨੀਤੀ ਵਿਗਿਆਨ ਵਿਚ ਖੋਜ ਵਿਦਵਾਨ,
ਹਿਸਾਰ, (ਹਰਿਆਣਾ)
ਮੋ : 70153-75570

ਪੰਜਾਬ ਮੇਲ USA




“ਹੈਲੋ ਸਰ/ਮੈਡਮ, ਕੀ ਤੁਸੀਂ ਨਿੱਜੀ ਕਰਜ਼ਾ ਲੈਣਾ ਚਾਹੋਗੇ?”

ਕਦੇ ਦੁਪਹਿਰ ਦੀ ਨੀਂਦ ਦੌਰਾਨ, ਕਦੇ ਮੀਟਿੰਗ ਦੌਰਾਨ, ਕਦੇ ਮੰਦਰ ਦੇ ਬਾਹਰ ਅਤੇ ਕਦੇ ਗੱਡੀ ਚਲਾਉਂਦੇ ਸਮੇਂ - ਇਹ ਆਵਾਜ਼ ਹੁਣ ਸਾਡੀ ਜ਼ਿੰਦਗੀ ਵਿਚ ਇੱਕ ਲਾਜ਼ਮੀ ਪਿਛੋਕੜ ਬਣ ਗਈ ਹੈ।

ਇਹ ਸਿਰਫ਼ ਇੱਕ ਆਵਾਜ਼ ਨਹੀਂ ਹੈ, ਸਗੋਂ ਇੱਕ ਨਕਲੀ ਜ਼ੁਲਮ ਹੈ - ਇਹ ਐਲਾਨ ਕਰਨਾ ਕਿ ਸਾਡੇ ਨਾਮ, ਟੈਲੀਫੋਨ ਨੰਬਰ ਅਤੇ ਜ਼ਰੂਰਤਾਂ ਹੁਣ ਬਾਜ਼ਾਰ ਦੀ ਜਾਇਦਾਦ ਹਨ।

ਜਦੋਂ ਸਰਕਾਰਾਂ ‘ਡਿਜੀਟਲ ਇੰਡੀਆ’ ਦੇ ਨਾਅਰੇ ਲਗਾਉਂਦੀਆਂ ਹਨ, ਉਸੇ ਸਮੇਂ ਨਿੱਜੀ ਬੈਂਕ ਸਾਡੀ ਜ਼ਿੰਦਗੀ ਦੀ ਸ਼ਾਂਤੀ ਕਿਸ਼ਤਾਂ ਵਿਚ ਵੇਚਣ ਲਈ ਆਉਂਦੇ ਹਨ।

ਉਨ੍ਹਾਂ ਨੂੰ ਸਾਡੇ ਟੈਲੀਫੋਨ ਨੰਬਰ ਕੌਣ ਦਿੰਦਾ ਹੈ?

ਅੱਜ ਹਰ ਜਾਗਰੂਕ ਨਾਗਰਿਕ ਦੇ ਮਨ ਵਿਚ ਇਹ ਸਵਾਲ ਉੱਠਦਾ ਹੈ - ਪ੍ਰਾਈਵੇਟ ਬੈਂਕਾਂ ਜਾਂ ਕਰਜ਼ਾ ਦੇਣ ਵਾਲੀਆਂ ਏਜੰਸੀਆਂ ਸਾਡਾ ਮੋਬਾਈਲ ਨੰਬਰ, ਨਾਮ ਅਤੇ ਹੋਰ ਨਿੱਜੀ ਜਾਣਕਾਰੀ ਕਿੱਥੋਂ ਪ੍ਰਾਪਤ ਕਰਦੀਆਂ ਹਨ?

ਜਵਾਬ ਸਾਦਾ ਹੈ — ਅਸੀਂ ਖੁਦ, ਅਣਜਾਣੇ ਵਿਚ, ਇਹ ਜਾਣਕਾਰੀ ਬਾਜ਼ਾਰ ਨੂੰ ਸੌਂਪ ਦਿੰਦੇ ਹਾਂ। ਜਦੋਂ ਅਸੀਂ ਮੋਬਾਈਲ ਐਪਲੀਕੇਸ਼ਨ ਡਾਊਨਲੋਡ ਕਰਦੇ ਸਮੇਂ ਇਸਨੂੰ ਪੜ੍ਹੇ ਬਿਨਾਂ “ਮੈਂ ਸਹਿਮਤ ਹਾਂ” ’ਤੇ ਕਲਿੱਕ ਕਰਦੇ ਹਾਂ, ਕਿਸੇ ਆਨਲਾਈਨ ਸ਼ਾਪਿੰਗ ਵੈੱਬਸਾਈਟ ’ਤੇ ਆਪਣਾ ਮੋਬਾਈਲ ਨੰਬਰ ਦਰਜ ਕਰਦੇ ਹਾਂ, ਜਾਂ ਕਿਸੇ ਨੌਕਰੀ ਪੋਰਟਲ ’ਤੇ ਆਪਣੇ ਵੇਰਵੇ ਭਰਦੇ ਹਾਂ — ਤਾਂ ਅਸੀਂ ਆਪਣੀ ਗੋਪਨੀਯਤਾ ਬਾਜ਼ਾਰ ਨੂੰ ਸੌਂਪ ਦਿੰਦੇ ਹਾਂ।

ਬਹੁਤ ਸਾਰੀਆਂ ਮੋਬਾਈਲ ਐਪਲੀਕੇਸ਼ਨਾਂ ਹਨ, ਜੋ ਸਾਡੀ ਸੰਪਰਕ ਸੂਚੀ, ਸੁਨੇਹਿਆਂ, ਸਥਾਨ ਅਤੇ ਇੱਥੋਂ ਤੱਕ ਕਿ ਸਾਡੀਆਂ ਫੋਟੋਆਂ ਤੱਕ ਪਹੁੰਚ ਮੰਗਦੀਆਂ ਹਨ। ਅਤੇ ਅਸੀਂ, ਸਹੂਲਤ ਦੇ ਨਾਮ ’ਤੇ, ਉਨ੍ਹਾਂ ਨੂੰ ਸਹਿਮਤੀ ਦਿੰਦੇ ਹਾਂ। ਬਾਅਦ ਵਿਚ ਇਹ ਜਾਣਕਾਰੀ ਵੱਖ-ਵੱਖ ਵਿਚੋਲਿਆਂ ਦੁਆਰਾ ਨਿੱਜੀ ਬੈਂਕਾਂ ਅਤੇ ਵਿਕਰੀ ਏਜੰਟਾਂ ਨੂੰ ਵੇਚ ਦਿੱਤੀ ਜਾਂਦੀ ਹੈ।

ਇਹ “ਡੇਟਾ ਬ੍ਰੋਕਰਿੰਗ” ਦਾ ਇੱਕ ਰੂਪ ਹੈ, ਜਿਸ ਵਿਚ ਇੱਕ ਵਿਅਕਤੀ ਦੀ ਨਿੱਜਤਾ ਨੂੰ ਇੱਕ ਕੀਮਤੀ ਵਸਤੂ ਵਜੋਂ ਨਿਲਾਮ ਕੀਤਾ ਜਾਂਦਾ ਹੈ।

ਸਰਕਾਰੀ ਬੈਂਕ ਅਜਿਹੀ ਦਲੇਰੀ ਕਿਉਂ ਨਹੀਂ ਕਰਦੇ?

ਜਦੋਂ ਕਿ ਪ੍ਰਾਈਵੇਟ ਬੈਂਕ ਦਿਨ-ਰਾਤ ਮੋਬਾਈਲ ਫੋਨਾਂ ’ਤੇ ਕਰਜ਼ੇ ਦੀਆਂ ਪੇਸ਼ਕਸ਼ਾਂ ਭੇਜਦੇ ਹਨ, ਜਨਤਕ ਖੇਤਰ ਦੇ ਬੈਂਕ ਮੁਕਾਬਲਤਨ ਸ਼ਾਂਤ ਅਤੇ ਰਵਾਇਤੀ ਢੰਗ ਨਾਲ ਕੰਮ ਕਰਦੇ ਹਨ।

ਅੱਜ ਵੀ, ਸਰਕਾਰੀ ਬੈਂਕਾਂ ਨੂੰ ਕਰਜ਼ਾ ਲੈਣ ਲਈ ਬਹੁਤ ਸਾਰੇ ਕਾਗਜ਼ਾਤ, ਦਸਤਾਵੇਜ਼ਾਂ ਦੀ ਪ੍ਰਮਾਣਿਕਤਾ, ਗਾਰੰਟਰਾਂ ਅਤੇ ਕਈ ਤਰ੍ਹਾਂ ਦੇ ਪ੍ਰਮਾਣ ਪੱਤਰਾਂ ਦੀ ਲੋੜ ਹੁੰਦੀ ਹੈ। ਇਹ ਬੈਂਕ ਵਿਕਰੀ ਨੂੰ ਨਹੀਂ, ਸੇਵਾ ਨੂੰ ਤਰਜੀਹ ਦਿੰਦੇ ਹਨ।

ਉਨ੍ਹਾਂ ਕੋਲ ਪ੍ਰਾਈਵੇਟ ਬੈਂਕਾਂ ਵਾਂਗ ਵੱਡੇ ਮਾਰਕੀਟਿੰਗ ਬਜਟ ਨਹੀਂ ਹਨ, ਅਤੇ ਨਾ ਹੀ ਏਜੰਟਾਂ ਨੂੰ ਕਮਿਸ਼ਨ ਦੇਣ ਲਈ ਇੰਨੀ ਮੁਕਾਬਲੇਬਾਜ਼ੀ ਹੈ। ਇਸ ਲਈ ਉਹ ਬਿਨਾਂ ਪੁੱਛੇ ਕਿਸੇ ਨੂੰ ਫ਼ੋਨ ਨਹੀਂ ਕਰਦੇ।

ਇਹੀ ਕਾਰਨ ਹੈ ਕਿ ਤੁਹਾਨੂੰ ਕਦੇ ਵੀ ਕਿਸੇ ਵੀ ਸਰਕਾਰੀ ਬੈਂਕ ਤੋਂ “ਤੁਰੰਤ ਕਰਜ਼ਾ ਸਹੂਲਤ” ਦੀ ਪੇਸ਼ਕਸ਼ ਕਰਨ ਦਾ ਫੋਨ ਨਹੀਂ ਆਉਂਦਾ, ਜਦੋਂ ਕਿ ਪ੍ਰਾਈਵੇਟ ਬੈਂਕ ਤੁਹਾਨੂੰ ਗਾਹਕ ਨਾਲੋਂ “ਲਾਭਕਾਰੀ ਮੌਕੇ” ਵਜੋਂ ਵਧੇਰੇ ਦੇਖਦੇ ਹਨ।

ਨਾ ਕਰਜ਼ਾ, ਨਾ ਗਰੀਬਾਂ ਲਈ ਕੋਈ ਮੰਗ - ਕਿਉਂ?

ਉਹ ਲੋਕ ਜੋ ਸੱਚਮੁੱਚ ਆਰਥਿਕ ਤੌਰ ’ਤੇ ਪਛੜੇ ਹੋਏ ਹਨ, ਜਿਨ੍ਹਾਂ ਨੂੰ ਕਰਜ਼ੇ ਦੀ ਸਭ ਤੋਂ ਵੱਧ ਲੋੜ ਹੁੰਦੀ ਹੈ - ਉਨ੍ਹਾਂ ਨੂੰ ਨਾ ਤਾਂ ਕੋਈ ਫੋਨ ਆਉਂਦਾ ਹੈ ਅਤੇ ਨਾ ਹੀ ਕੋਈ ਬੈਂਕ ਪ੍ਰਤੀਨਿਧੀ ਉਨ੍ਹਾਂ ਦੇ ਦਰਵਾਜ਼ੇ ’ਤੇ ਆਉਂਦਾ ਹੈ।

ਅਜਿਹੇ ਲੋਕਾਂ ਦਾ “ਕ੍ਰੈਡਿਟ ਸਕੋਰ” ਨਹੀਂ ਹੁੰਦਾ, ਉਨ੍ਹਾਂ ਦੀ ਆਮਦਨ ਅਨਿਯਮਿਤ ਹੁੰਦੀ ਹੈ, ਅਤੇ ਉਨ੍ਹਾਂ ਕੋਲ ਕੋਈ ਜਾਇਦਾਦ ਜਾਂ ਬੈਂਕਿੰਗ ਇਤਿਹਾਸ ਨਹੀਂ ਹੁੰਦਾ। ਇਸ ਲਈ ਬੈਂਕ ਉਨ੍ਹਾਂ ਨੂੰ ਇੱਕ ਜ਼ੋਖਮ ਸਮਝਦੇ ਹਨ, ਇੱਕ ਸੰਭਾਵਨਾ ਨਹੀਂ।

ਇਸ ਦੇ ਨਾਲ ਹੀ, ਉਹ ਲੋਕ ਜੋ ਪਹਿਲਾਂ ਹੀ ਸਮੇਂ ਸਿਰ ਕਰਜ਼ਾ ਵਾਪਸ ਕਰ ਚੁੱਕੇ ਹਨ, ਉਹ ਲੋਕ ਜੋ ਆਨਲਾਈਨ ਖਰੀਦਦਾਰੀ ਕਰਦੇ ਹਨ ਜਾਂ ਵਧੇਰੇ ਆਮਦਨ ਵਾਲੇ - ਇਹ ਨਿੱਜੀ ਬੈਂਕਾਂ ਲਈ “ਨਿਸ਼ਾਨਾ” ਹਨ।

ਇਸ ਤਰ੍ਹਾਂ ਕਰਜ਼ਾ ਸਹੂਲਤਾਂ ਉਨ੍ਹਾਂ ਤੱਕ ਨਹੀਂ ਪਹੁੰਚਦੀਆਂ, ਜਿਨ੍ਹਾਂ ਨੂੰ ਅਸਲ ਵਿਚ ਉਨ੍ਹਾਂ ਦੀ ਲੋੜ ਹੈ, ਸਗੋਂ ਉਨ੍ਹਾਂ ਤੱਕ ਪਹੁੰਚਦੀਆਂ ਹਨ, ਜੋ ਪਹਿਲਾਂ ਹੀ ਅਮੀਰ ਹਨ।

## ਕੀ ਇਹ ਕਾਲ ਮਾਨਸਿਕ ਪਰੇਸ਼ਾਨੀ ਨਹੀਂ ਹੈ?

ਇਹ ਸਵਾਲ ਹੁਣ ਸਿਰਫ਼ ਰਾਏ ਦਾ ਮਾਮਲਾ ਨਹੀਂ ਰਿਹਾ - ਇਹ ਇੱਕ ਅਸਲ ਅਨੁਭਵ ਬਣ ਗਿਆ ਹੈ। ਜ਼ਿਆਦਾਤਰ ਲੋਕ ਦਿਨ ਵਿਚ ਚਾਰ ਤੋਂ ਪੰਜ ਵਾਰ ਅਣਚਾਹੇ ਕਾਲਾਂ ਤੋਂ ਪਰੇਸ਼ਾਨ ਹੁੰਦੇ ਹਨ।

“ਨਮਸਤੇ, ਤੁਹਾਨੂੰ 5 ਲੱਖ ਰੁਪਏ ਤੱਕ ਦਾ ਕਰਜ਼ਾ ਮਨਜ਼ੂਰ ਹੋ ਗਿਆ ਹੈ...”

“ਬਸ ਇੱਕ ਦਸਤਾਵੇਜ਼ ਜਮ੍ਹਾਂ ਕਰੋ ਅਤੇ ਅੱਜ ਹੀ ਪੈਸੇ ਪ੍ਰਾਪਤ ਕਰੋ...”

“ਤੁਹਾਡਾ ਕਰਜ਼ਾ ਪਹਿਲਾਂ ਹੀ ਮਨਜ਼ੂਰ ਹੋ ਗਿਆ ਹੈ, ਬਸ ਆਖਰੀ ਪੜਾਅ ਬਾਕੀ ਹੈ...”

ਇਨ੍ਹਾਂ ਕਾਲਾਂ ਨੂੰ ਰੱਦ ਕਰਨ ਤੋਂ ਬਾਅਦ ਵੀ, ਸ਼ਾਂਤੀ ਨਹੀਂ ਮਿਲਦੀ। ਜੇਕਰ ਇੱਕ ਨੰਬਰ ਡਿਸਕਨੈਕਟ ਹੋ ਜਾਂਦਾ ਹੈ, ਤਾਂ ਦੂਜੀ ਕਾਲ ਆਉਣੀ ਸ਼ੁਰੂ ਹੋ ਜਾਂਦੀ ਹੈ। ‘ਕਿਰਪਾ ਕਰਕੇ ਮੈਨੂੰ ਪਰੇਸ਼ਾਨ ਨਾ ਕਰੋ’ ਸੇਵਾ (ਡੀ.ਐੱਨ.ਡੀ.) ਨੂੰ ਸਰਗਰਮ ਕਰਨ ਦੇ ਬਾਵਜੂਦ, ਇਹ ਕਾਲਾਂ ਆਉਂਦੀਆਂ ਰਹਿੰਦੀਆਂ ਹਨ।

ਇਹ “ਵਿੱਤੀ ਮਾਨਸਿਕ ਹਿੰਸਾ” ਦਾ ਇੱਕ ਰੂਪ ਹੈ, ਜਿਸ ਨਾਲ ਇੱਕ ਵਿਅਕਤੀ ਨੂੰ ਇਹ ਮਹਿਸੂਸ ਹੁੰਦਾ ਹੈ ਕਿ ਉਹ ਕੋਈ ਮੌਕਾ ਗੁਆ ਰਿਹਾ ਹੈ ਜਾਂ ਕਰਜ਼ਾ ਨਾ ਲੈਣ ’ਤੇ ਵਿੱਤੀ ਤੌਰ ’ਤੇ ਪਿੱਛੇ ਰਹਿ ਰਿਹਾ ਹੈ।

## ਡਾਟਾ ਕੌਣ ਵੇਚ ਰਹੇ ਹਨ?

ਨਿੱਜਤਾ ਦੀ ਇਹ ਚੋਰੀ ਸਿਰਫ਼ ਬੈਂਕਾਂ ਦੁਆਰਾ ਹੀ ਨਹੀਂ ਕੀਤੀ ਜਾਂਦੀ। ਇਸਦੇ ਪਿੱਛੇ ਇੱਕ ਵੱਡਾ ਅਤੇ ਸੰਗਠਿਤ ਸਿਸਟਮ ਹੈ, ਜਿਸ ਵਿਚ ਮੋਬਾਈਲ ਸੇਵਾ ਪ੍ਰਦਾਤਾ ਕੰਪਨੀਆਂ, ਵੱਖ-ਵੱਖ ਮੋਬਾਈਲ ਐਪਲੀਕੇਸ਼ਨਾਂ, ਨੌਕਰੀ ਖੋਜ ਪੋਰਟਲ, ਬੀਮਾ ਵਿਕਰੇਤਾ, ਈ-ਕਾਮਰਸ ਕੰਪਨੀਆਂ ਅਤੇ ਇੱਥੋਂ ਤੱਕ ਕਿ ਕੁਝ ਸਰਕਾਰੀ ਵੈੱਬਸਾਈਟਾਂ ਵੀ ਸ਼ਾਮਲ ਹੋ ਸਕਦੀਆਂ ਹਨ।

ਇਹ ਸੰਸਥਾਵਾਂ ਕਈ ਤਰੀਕਿਆਂ ਨਾਲ ਸਾਡੇ ਨਿੱਜੀ ਵੇਰਵੇ ਇਕੱਠੇ ਕਰਦੀਆਂ ਹਨ ਅਤੇ ਫਿਰ ਅਕਸਰ ਉਨ੍ਹਾਂ ਨੂੰ ਖੁੱਲ੍ਹੇ ਬਾਜ਼ਾਰ ਵਿਚ ਵੇਚਦੀਆਂ ਹਨ।

ਕਈ ਵਾਰ ਬੈਂਕ ਦੇ ਪ੍ਰਤੀਨਿਧੀ ਤੁਹਾਨੂੰ ਫ਼ੋਨ ਕਰਦੇ ਹਨ ਅਤੇ ਤੁਹਾਡੇ ਪਿਤਾ ਦਾ ਨਾਮ, ਤੁਹਾਡੀ ਜਨਮ ਮਿਤੀ, ਤੁਹਾਡੀ ਨੌਕਰੀ, ਅਤੇ ਇੱਥੋਂ ਤੱਕ ਕਿ ਤੁਹਾਡੀ ਮਹੀਨਾਵਾਰ ਆਮਦਨ ਵੀ ਦੱਸਦੇ ਹਨ। ਇਹ ਸਪੱਸ਼ਟ ਤੌਰ ’ਤੇ ਦਰਸਾਉਂਦਾ ਹੈ ਕਿ ਸਾਡੀ ਨਿੱਜੀ ਜ਼ਿੰਦਗੀ ਹੁਣ ਇੱਕ ਜਨਤਕ ਪਲੇਟਫਾਰਮ ’ਤੇ ਵਿਕਰੀ ਲਈ ਇੱਕ ਵਸਤੂ ਬਣ ਗਈ ਹੈ।




## ਸਰਕਾਰ ਕੀ ਕਰ ਰਹੀ ਹੈ?

ਸਰਕਾਰ ਨੇ ਸਾਲ 2023 ਵਿਚ ‘ਡਿਜੀਟਲ ਪਰਸਨਲ ਡੇਟਾ ਪ੍ਰੋਟੈਕਸ਼ਨ ਬਿੱਲ’ ਪਾਸ ਕੀਤਾ ਸੀ। ਇਸ ਅਨੁਸਾਰ, ਕਿਸੇ ਵੀ ਸੰਗਠਨ ਨੂੰ ਤੁਹਾਡੀ ਇਜਾਜ਼ਤ ਤੋਂ ਬਿਨਾਂ ਤੁਹਾਡੇ ਨਿੱਜੀ ਡੇਟਾ ਦੀ ਵਰਤੋਂ ਕਰਨ ਦਾ ਅਧਿਕਾਰ ਨਹੀਂ ਹੋਣਾ ਚਾਹੀਦਾ।

ਪਰ ਅਮਲ ਵਿਚ, ਇਹ ਬਿੱਲ ਅਜੇ ਵੀ ਕਾਗਜ਼ਾਂ ਤੱਕ ਸੀਮਤ ਹੈ। ਨਾ ਤਾਂ ਕਾਲਾਂ ਰੁੱਕੀਆਂ ਹਨ, ਨਾ ਹੀ ਡੇਟਾ ਦੀ ਦਲਾਲੀ ਰੁਕੀ ਹੈ।

ਜਦੋਂ ਤੱਕ ਇਨ੍ਹਾਂ ਨਿਯਮਾਂ ਨੂੰ ਲਾਗੂ ਕਰਨ ਲਈ ਸਖ਼ਤ ਜੁਰਮਾਨੇ ਅਤੇ ਸਪੱਸ਼ਟ ਨਿਯੰਤਰਣ ਨਹੀਂ ਹੁੰਦੇ, ਨਾਗਰਿਕਾਂ ਦੀ ਨਿੱਜਤਾ ਸਿਰਫ਼ ਇੱਕ ਹਾਸੋਹੀਣੀ ਧਾਰਨਾ ਹੀ ਰਹੇਗੀ।

# ਪੱਤਰਕਾਰੀ ਦੀ ਮੌਜੂਦਾ ਸਥਿਤੀ ਅਤੇ ਦਿਸ਼ਾ




ਡਾ. ਵਿਜੈ ਗਰਗ

ਸੇਵਾਮੁਕਤ ਪ੍ਰਿੰਸੀਪਲ ਕਾਲਮਨਵੀਸ, ਉੱਘੇ ਸਿੱਖਿਆ ਸ਼ਾਸਤਰੀ ਗਲੀ ਕੌਰ ਚੰਦ ਐੱਮ.ਐੱਚ.ਆਰ. ਮਲੋਟ ਪੰਜਾਬ

ਪੰਜਾਬ ਮੇਲ USA


ਅਖ਼ਬਾਰਾਂ ਅਤੇ ਪੱਤਰਕਾਰਾਂ (ਮੀਡੀਆ) ਨੂੰ ਸਮਾਜ ਦਾ ਸ਼ੀਸ਼ਾ ਕਿਹਾ ਜਾਂਦਾ ਹੈ। ਅੱਜ ਵੀ ਸਮਾਜ ਨੂੰ ਉਨ੍ਹਾਂ ਤੋਂ ਬਹੁਤ ਉਮੀਦਾਂ ਹਨ। ਜਦੋਂ ਸਮਾਜ ਦੇ ਸਭ ਤੋਂ ਹੇਠਲੇ ਪੱਧਰ 'ਤੇ ਖੜ੍ਹਾ ਵਿਅਕਤੀ ਇਨਸਾਫ਼ ਲਈ ਸਰਕਾਰ ਦੇ ਸਿਖਰ 'ਤੇ ਬੈਠੇ ਵਿਅਕਤੀ ਤੱਕ ਆਪਣੇ ਵਿਚਾਰ ਪਹੁੰਚਾਉਣ ਦੇ ਅਯੋਗ ਹੋ ਜਾਂਦਾ ਹੈ, ਤਾਂ ਉਹ ਇਸ ਅਖ਼ਬਾਰ ਅਤੇ ਪੱਤਰਕਾਰ ਦਾ ਸ਼ਰਨ ਲੈਂਦਾ ਹੈ, ਜੋ ਕਿ ਸ਼ੀਸ਼ੇ ਵਾਂਗ ਹੈ। ਇਹ ਇਸ ਲਈ ਹੈ, ਤਾਂ ਜੋ ਮੀਡੀਆ ਰਾਹੀਂ ਉਸਦੀ ਆਵਾਜ਼ ਸਬੰਧਤ ਵਿਅਕਤੀ ਤੱਕ ਯਕੀਨੀ ਤੌਰ 'ਤੇ ਪਹੁੰਚ ਸਕੇ। ਉਹ ਮੰਨਦਾ ਹੈ, ਆਖ਼ਰਕਾਰ ਕਿਉਂ ਨਹੀਂ, ਪੱਤਰਕਾਰੀ ਦਾ ਇਤਿਹਾਸ ਬਹੁਤ ਸ਼ਾਨਦਾਰ ਹੈ। ਜੇਕਰ ਅਸੀਂ ਦੇਸ਼ ਦੀ ਆਜ਼ਾਦੀ ਦੀ ਗੱਲ ਕਰੀਏ ਜਾਂ ਨੌਕਰਸ਼ਾਹੀ ਵਿਰੁੱਧ ਨਾਅਰੇਬਾਜ਼ੀ ਦੀ ਗੱਲ ਕਰੀਏ, ਤਾਂ ਅਣਗਿਣਤ ਉਦਾਹਰਣਾਂ ਹਨ, ਜਦੋਂ ਅਖ਼ਬਾਰਾਂ ਅਤੇ ਪੱਤਰਕਾਰ ਸ਼ੋਸ਼ਿਤ, ਦੱਬੇ-ਕੁਚਲੇ, ਗਰੀਬਾਂ ਅਤੇ ਦੱਬੇ-ਕੁਚਲੇ ਲੋਕਾਂ ਦੀ ਆਵਾਜ਼ ਬਣ ਗਏ ਹਨ ਅਤੇ ਸਰਕਾਰ ਅਤੇ ਨੌਕਰਸ਼ਾਹਾਂ ਦਾ ਸਾਹਮਣਾ ਕੀਤਾ ਹੈ। ਦੇਸ਼ ਦੀ ਆਜ਼ਾਦੀ ਵਿਚ ਪੱਤਰਕਾਰੀ ਨੇ ਬਹੁਤ ਵੱਡੀ ਅਤੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ, ਜਿਸਨੂੰ ਭੁਲਾਇਆ ਨਹੀਂ ਜਾ ਸਕਦਾ। ਆਜ਼ਾਦੀ ਅੰਦੋਲਨ ਦੇ ਮਹਾਨ ਨਾਇਕਾਂ ਦੇ ਨਾਲ, ਪੱਤਰਕਾਰੀ ਦੇ ਮਹਾਨ ਨਾਇਕਾਂ ਨੇ ਵੀ ਆਪਣੀ ਕਲਮ ਦੀ ਤਲਵਾਰ ਨਾਲ ਅੰਗਰੇਜ਼ਾਂ ਨੂੰ ਹਰਾਉਣ ਦਾ ਕੰਮ ਕੀਤਾ। ਉਸ ਸਮੇਂ ਜਦੋਂ ਸਾਧਨਾਂ ਦੀ ਘਾਟ ਸੀ, ਪੱਤਰਕਾਰੀ ਦੇ ਆਪਣੇ ਟੀਚੇ ਅਤੇ ਮਿਸ਼ਨ ਸਨ। ਇਸ ਮਿਸ਼ਨ-ਮੁਖੀ ਪੱਤਰਕਾਰੀ ਵਿਚ ਹਰ ਤਰ੍ਹਾਂ ਦੀਆਂ ਸਮੱਸਿਆਵਾਂ ਸਨ; ਫਿਰ ਵੀ ਉਸ ਯੁੱਗ ਦੇ ਪੱਤਰਕਾਰੀ ਦੇ ਮਹਾਨ ਨਾਇਕਾਂ ਨੇ ਕਦੇ ਵੀ ਕਲਮ ਦੀ ਸ਼ਕਤੀ ਨੂੰ ਝੁਕਣ ਨਹੀਂ ਦਿੱਤਾ। ਉਸਦੀ ਕਲਮ ਅੱਗ ਥੁੱਕਦੀ ਸੀ।



> *ਅੱਜ ਦੇ 'ਮਿਸ਼ਨ ਪੱਤਰਕਾਰੀ' ਵਿਚ, ਅਜਿਹੇ ਘੁਸਪੈਠੀਏ ਤੇਜ਼ੀ ਨਾਲ ਦਾਖਲ ਹੋਏ ਹਨ, ਜਿਨ੍ਹਾਂ ਦਾ ਪੱਤਰਕਾਰੀ ਦੇ ਸਿਧਾਂਤਾਂ ਅਤੇ ਵਿਚਾਰਧਾਰਾਵਾਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ ਜਾਂ ਉਨ੍ਹਾਂ ਦੀ ਕੋਈ ਚਿੰਤਾ ਨਹੀਂ ਹੈ। ਜੇਕਰ ਉਨ੍ਹਾਂ ਨੂੰ ਕਿਸੇ ਗੱਲ ਦੀ ਚਿੰਤਾ ਹੈ, ਤਾਂ ਉਹ ਸਿਰਫ਼ ਉਨ੍ਹਾਂ ਦੇ ਨਿੱਜੀ ਹਿੱਤਾਂ ਦੀ ਹੈ, ਜਿਸ ਕਾਰਨ ਪੱਤਰਕਾਰੀ ਦਾ ਮਾਣ ਦਿਨੋਂ-ਦਿਨ ਢਿੱਲਾ ਹੁੰਦਾ ਜਾ ਰਿਹਾ ਹੈ। ਜਿਸ ਤਰ੍ਹਾਂ ਪੱਤਰਕਾਰੀ ਘੁਸਪੈਠੀਆਂ ਨਾਲ ਭਰੀ ਹੋਈ ਹੈ, ਉਹ ਨਾ ਸਿਰਫ਼ ਚਿੰਤਾ ਦਾ ਵਿਸ਼ਾ ਹੈ, ਸਗੋਂ ਪੱਤਰਕਾਰੀ ਦੇ ਮਾਣ-ਸਨਮਾਨ ਦੇ ਵਿਰੁੱਧ ਵੀ ਹੈ। ਜਿਨ੍ਹਾਂ ਦੇ ਮਾੜੇ ਕੰਮਾਂ ਕਾਰਨ ਪੱਤਰਕਾਰੀ ਦੇ ਮਾਣ ਨੂੰ ਠੇਸ ਪਹੁੰਚੀ ਹੈ।*

ਸਮੇਂ ਦੇ ਨਾਲ, ਸਿਸਟਮ ਬਦਲ ਗਏ ਹਨ, ਸਰੋਤ ਬਦਲ ਗਏ ਹਨ ਅਤੇ ਪੱਤਰਕਾਰੀ ਦੀਆਂ ਜ਼ਿੰਮੇਵਾਰੀਆਂ ਵੀ ਵਧੀਆਂ ਹਨ। ਬਹੁਤ ਸਾਰੀਆਂ ਤਬਦੀਲੀਆਂ ਵੀ ਆਈਆਂ ਹਨ। ਖਾਸ ਕਰਕੇ ਸੋਸ਼ਲ ਮੀਡੀਆ ਦੇ ਯੁੱਗ ਵਿਚ, ਪ੍ਰਿੰਟ ਮੀਡੀਆ ਦੀ ਮਹੱਤਤਾ ਭਾਵੇਂ ਘੱਟ ਗਈ ਹੋਵੇ, ਪਰ ਜੇ ਦੇਖਿਆ ਜਾਵੇ ਤਾਂ ਇਸਦੀ ਉਪਯੋਗਤਾ ਘੱਟ ਨਹੀਂ ਹੋਈ ਹੈ, ਸਗੋਂ ਇਸਦੀਆਂ ਜ਼ਿੰਮੇਵਾਰੀਆਂ ਵੱਧ ਗਈਆਂ ਹਨ। ਇਸ ਦੇ ਨਾਲ ਹੀ ਅੱਜ ਦੇ ਅਖ਼ਬਾਰਾਂ ਅਤੇ ਪੱਤਰਕਾਰੀ ਦੇ ਸਾਹਮਣੇ ਕਈ ਗੰਭੀਰ ਚੁਣੌਤੀਆਂ ਵੀ ਖੜ੍ਹੀਆਂ ਹੋ ਗਈਆਂ ਹਨ। ਇਨ੍ਹਾਂ ਚੁਣੌਤੀਆਂ ਵਿਚੋਂ ਸਭ ਤੋਂ ਪ੍ਰਮੁੱਖ ਚੁਣੌਤੀ ਪੱਤਰਕਾਰੀ ਵਿਚ ਵੱਧ ਰਹੀ ਘੁਸਪੈਠ ਹੈ। ਅੱਜ ਦੇ 'ਮਿਸ਼ਨ ਪੱਤਰਕਾਰੀ' ਵਿਚ, ਅਜਿਹੇ ਘੁਸਪੈਠੀਏ ਤੇਜ਼ੀ ਨਾਲ ਦਾਖਲ ਹੋਏ ਹਨ, ਜਿਨ੍ਹਾਂ ਦਾ ਪੱਤਰਕਾਰੀ ਦੇ ਸਿਧਾਂਤਾਂ ਅਤੇ ਵਿਚਾਰਧਾਰਾਵਾਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ ਜਾਂ ਉਨ੍ਹਾਂ ਦੀ ਕੋਈ ਚਿੰਤਾ ਨਹੀਂ ਹੈ। ਜੇਕਰ ਉਨ੍ਹਾਂ ਨੂੰ ਕਿਸੇ ਗੱਲ ਦੀ ਚਿੰਤਾ ਹੈ, ਤਾਂ ਉਹ ਸਿਰਫ਼ ਉਨ੍ਹਾਂ ਦੇ ਨਿੱਜੀ ਹਿੱਤਾਂ ਦੀ ਹੈ, ਜਿਸ ਕਾਰਨ ਪੱਤਰਕਾਰੀ ਦਾ ਮਾਣ ਦਿਨੋਂ-ਦਿਨ ਢਿੱਲਾ ਹੁੰਦਾ ਜਾ ਰਿਹਾ ਹੈ। ਜਿਸ ਤਰ੍ਹਾਂ ਪੱਤਰਕਾਰੀ ਘੁਸਪੈਠੀਆਂ ਨਾਲ ਭਰੀ ਹੋਈ ਹੈ, ਉਹ ਨਾ ਸਿਰਫ਼ ਚਿੰਤਾ ਦਾ ਵਿਸ਼ਾ ਹੈ, ਸਗੋਂ ਪੱਤਰਕਾਰੀ ਦੇ ਮਾਣ-ਸਨਮਾਨ ਦੇ ਵਿਰੁੱਧ ਵੀ ਹੈ। ਜਿਨ੍ਹਾਂ ਦੇ ਮਾੜੇ ਕੰਮਾਂ ਕਾਰਨ ਪੱਤਰਕਾਰੀ ਦੇ ਮਾਣ ਨੂੰ ਠੇਸ ਪਹੁੰਚੀ ਹੈ। ਜੇ ਅਸੀਂ ਧਿਆਨ ਨਾਲ ਵੇਖੀਏ ਤਾਂ ਇਸ ਹਫੜਾ-ਦਫੜੀ ਲਈ ਕੋਈ ਹੋਰ ਨਹੀਂ, ਸਗੋਂ ਸਾਡੇ ਆਪਣੇ ਲੋਕ ਹੀ ਜ਼ਿੰਮੇਵਾਰ ਹਨ। ਕੁਝ ਪੈਸਿਆਂ ਦੀ ਖ਼ਾਤਰ, ਕੁਝ ਲੋਕ ਜੋ ਪੱਤਰਕਾਰੀ ਦੇ ਸਿਧਾਂਤਾਂ ਅਤੇ ਸਿਧਾਂਤਾਂ ਨੂੰ ਇੱਕ ਪਾਸੇ ਰੱਖਦੇ ਹਨ ਅਤੇ ਮਿਸ਼ਨ ਨੂੰ 'ਕਮਿਸ਼ਨ' ਵਿਚ ਬਦਲਦੇ ਹਨ ਅਤੇ ਕਾਰੋਬਾਰ ਚਲਾਉਂਦੇ ਹਨ, ਨੇ ਇਸ ਖੇਤਰ ਦਾ ਮਜ਼ਾਕ ਉਡਾਇਆ ਹੈ। ਜਿਨ੍ਹਾਂ ਦੀਆਂ ਕਾਰਵਾਈਆਂ, ਕਿਸੇ ਨਾ ਕਿਸੇ ਤਰੀਕੇ ਨਾਲ, ਉਨ੍ਹਾਂ ਮਹਾਨ ਲੋਕਾਂ ਦੀਆਂ ਰੂਹਾਂ ਨੂੰ ਠੇਸ ਪਹੁੰਚਾ ਰਹੀਆਂ ਹਨ, ਜਿਨ੍ਹਾਂ ਨੇ ਮਿਸ਼ਨ ਪੱਤਰਕਾਰੀ ਨੂੰ ਜ਼ਿੰਦਾ ਰੱਖਿਆ ਹੈ ਅਤੇ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਇੱਕ ਮਿਸ਼ਨ ਵਾਂਗ ਪੱਤਰਕਾਰੀ ਨੂੰ ਸਮਰਪਿਤ ਕੀਤੀ ਹੈ।

ਆਪਣੇ ਮਿਸ਼ਨ ਤੋਂ ਭਟਕ ਕੇ, ਅੱਜ ਦੀ ਪੱਤਰਕਾਰੀ ਕਈ ਧੜਿਆਂ ਵਿਚ ਵੰਡੀ ਹੋਈ ਜਾਪਦੀ ਹੈ। ਇਸਨੇ ਪੱਤਰਕਾਰਾਂ ਨੂੰ ਏਕਤਾ ਦੇ ਧਾਗੇ ਵਿਚ ਬੰਨ੍ਹਣ ਦੀ ਬਜਾਏ, ਉਨ੍ਹਾਂ ਨੂੰ ਭਟਕਣ ਦੇ ਰਾਹ 'ਤੇ ਲੈ ਜਾਇਆ ਹੈ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਪਖਾਨਿਆਂ ਤੋਂ ਲੈ ਕੇ ਸਕੱਤਰੇਤ ਤੱਕ ਲੋਕ ਨਾ ਸਿਰਫ਼ ਆਪਣੇ ਅਜ਼ੀਜ਼ਾਂ 'ਤੇ ਆਉਣ ਵਾਲੀਆਂ ਆਫ਼ਤਾਂ ਦੌਰਾਨ ਇਕੱਠੇ ਖੜ੍ਹੇ ਹੁੰਦੇ ਹਨ, ਸਗੋਂ ਆਪਣੀਆਂ ਮੰਗਾਂ ਪੂਰੀ ਤਾਕਤ ਨਾਲ ਮੰਨਵਾਉਣ ਵਿਚ ਵੀ ਸਫਲ ਹੁੰਦੇ ਹਨ। ਪਰ ਜਦੋਂ ਗੱਲ ਇੱਕੋ ਚੀਜ਼ ਦੀ ਆਉਂਦੀ ਹੈ, ਅਖ਼ਬਾਰ ਅਤੇ ਪੱਤਰਕਾਰ ਦੀ, ਤਾਂ ਉਹ ਵੱਖਰੇ ਦਿਖਾਈ ਦਿੰਦੇ ਹਨ। ਅਪਰਾਧੀਆਂ ਤੋਂ ਲੈ ਕੇ ਅਫ਼ਸਰਾਂ ਤੱਕ, ਜਿਨ੍ਹਾਂ ਲੇਖਕਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਨ੍ਹਾਂ ਸਾਹਮਣੇ ਕਈ ਗੰਭੀਰ ਚੁਣੌਤੀਆਂ ਖੜ੍ਹੀਆਂ ਹੋ ਗਈਆਂ ਹਨ। ਜੇਕਰ ਅਸੀਂ ਨਿਰਪੱਖ ਅਤੇ ਨਿਡਰ ਪੱਤਰਕਾਰੀ ਦੀ ਗੱਲ ਕਰੀਏ, ਤਾਂ ਅੱਜ ਇਸਦਾ ਰਸਤਾ ਨਾ ਸਿਰਫ਼ ਔਖਾ ਹੋ ਗਿਆ ਹੈ, ਸਗੋਂ ਇਹ ਬਹੁਤ ਜੋਖਮ ਭਰਿਆ ਅਤੇ ਪਹੁੰਚ ਤੋਂ ਬਾਹਰ ਵੀ ਹੋ ਗਿਆ ਹੈ। ਹਾਲ ਹੀ ਦੇ ਸਾਲਾਂ ਵਿਚ ਦੇਸ਼ ਦੇ ਕਈ ਰਾਜਾਂ ਵਿਚ ਪੱਤਰਕਾਰਾਂ 'ਤੇ ਹੋਏ ਹਮਲੇ ਇਹ ਦਰਸਾਉਣ ਲਈ ਕਾਫ਼ੀ ਹਨ ਕਿ ਮੌਜੂਦਾ ਪੱਤਰਕਾਰੀ ਦੇ ਰਾਹ ਵਿਚ ਹੁਣ ਰੁਕਾਵਟਾਂ ਪੈਦਾ ਕੀਤੀਆਂ ਜਾ ਰਹੀਆਂ ਹਨ। ਜਿੱਥੇ ਨੌਕਰਸ਼ਾਹੀ ਸੱਚਾਈ ਨਾਲ ਭਰੀ ਪੱਤਰਕਾਰੀ ਨੂੰ ਹਜ਼ਮ ਕਰਨ ਤੋਂ ਅਸਮਰੱਥ ਹੈ, ਉੱਥੇ ਦੂਜੇ ਪਾਸੇ ਅਪਰਾਧੀ ਪੱਤਰਕਾਰਾਂ ਦੇ ਰਾਹ ਵਿਚ ਰੁਕਾਵਟ ਬਣ ਰਹੇ ਹਨ, ਤਾਂ ਜੋ ਉਨ੍ਹਾਂ ਦੇ ਮਾੜੇ ਕੰਮਾਂ ਨੂੰ ਬੇਨਕਾਬ ਨਾ ਕੀਤਾ ਜਾ ਸਕੇ। ਖਾਸ ਕਰਕੇ ਪੇਂਡੂ ਪੱਤਰਕਾਰਾਂ ਨੂੰ ਕਈ ਚੁਣੌਤੀਆਂ ਅਤੇ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਕਾਰਨ ਉਨ੍ਹਾਂ ਨੂੰ ਜ਼ੋਖਮ ਭਰੀ ਪੱਤਰਕਾਰੀ ਕਰਨੀ ਪੈ ਰਹੀ ਹੈ। ਇਸ ਦੇ ਬਾਵਜੂਦ, ਸਰਕਾਰ ਅਖ਼ਬਾਰਾਂ ਅਤੇ ਪੱਤਰਕਾਰਾਂ ਦੀ ਸੁਰੱਖਿਆ ਪ੍ਰਤੀ ਗੰਭੀਰ ਨਹੀਂ ਹੈ, ਜੋ ਕਿ ਬਹੁਤ ਚਿੰਤਾ ਦਾ ਵਿਸ਼ਾ ਹੈ।

ਆਪਣੇ ਮਿਸ਼ਨ ਤੋਂ ਭਟਕ ਕੇ, ਅੱਜ ਦੀ ਪੱਤਰਕਾਰੀ ਕਈ ਧੜਿਆਂ ਵਿਚ ਵੰਡੀ ਹੋਈ ਜਾਪਦੀ ਹੈ। ਇਸਨੇ ਪੱਤਰਕਾਰਾਂ ਨੂੰ ਏਕਤਾ ਦੇ ਧਾਗੇ ਵਿਚ ਬੰਨ੍ਹਣ ਦੀ ਬਜਾਏ, ਉਨ੍ਹਾਂ ਨੂੰ ਭਟਕਣ ਦੇ ਰਾਹ 'ਤੇ ਲੈ ਜਾਇਆ ਹੈ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਪਖਾਨਿਆਂ ਤੋਂ ਲੈ ਕੇ ਸਕੱਤਰੇਤ ਤੱਕ ਲੋਕ ਨਾ ਸਿਰਫ਼ ਆਪਣੇ ਅਜ਼ੀਜ਼ਾਂ 'ਤੇ ਆਉਣ ਵਾਲੀਆਂ ਆਫ਼ਤਾਂ ਦੌਰਾਨ ਇਕੱਠੇ ਖੜ੍ਹੇ ਹੁੰਦੇ ਹਨ, ਸਗੋਂ ਆਪਣੀਆਂ ਮੰਗਾਂ ਪੂਰੀ ਤਾਕਤ ਨਾਲ ਮੰਨਵਾਉਣ ਵਿਚ ਵੀ ਸਫਲ ਹੁੰਦੇ ਹਨ। ਪਰ ਜਦੋਂ ਗੱਲ ਇੱਕੋ ਚੀਜ਼ ਦੀ ਆਉਂਦੀ ਹੈ, ਅਖ਼ਬਾਰ ਅਤੇ ਪੱਤਰਕਾਰ ਦੀ, ਤਾਂ ਉਹ ਵੱਖਰੇ ਦਿਖਾਈ ਦਿੰਦੇ ਹਨ। ਅਪਰਾਧੀਆਂ ਤੋਂ ਲੈ ਕੇ ਅਫ਼ਸਰਾਂ ਤੱਕ, ਜਿਨ੍ਹਾਂ ਲੇਖਕਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਨ੍ਹਾਂ ਸਾਹਮਣੇ ਕਈ ਗੰਭੀਰ ਚੁਣੌਤੀਆਂ ਖੜ੍ਹੀਆਂ ਹੋ ਗਈਆਂ ਹਨ। ਜੇਕਰ ਅਸੀਂ ਨਿਰਪੱਖ ਅਤੇ ਨਿਡਰ ਪੱਤਰਕਾਰੀ ਦੀ ਗੱਲ ਕਰੀਏ, ਤਾਂ ਅੱਜ ਇਸਦਾ ਰਸਤਾ ਨਾ ਸਿਰਫ਼ ਔਖਾ ਹੋ ਗਿਆ ਹੈ, ਸਗੋਂ ਇਹ ਬਹੁਤ ਜ਼ੋਖਮ ਭਰਿਆ ਅਤੇ ਪਹੁੰਚ ਤੋਂ ਬਾਹਰ ਵੀ ਹੋ ਗਿਆ ਹੈ। ਹਾਲ ਹੀ ਦੇ ਸਾਲਾਂ ਵਿਚ ਦੇਸ਼ ਦੇ ਕਈ ਰਾਜਾਂ ਵਿਚ ਪੱਤਰਕਾਰਾਂ 'ਤੇ ਹੋਏ ਹਮਲੇ ਇਹ ਦਰਸਾਉਣ ਲਈ ਕਾਫ਼ੀ ਹਨ ਕਿ ਮੌਜੂਦਾ ਪੱਤਰਕਾਰੀ ਦੇ ਰਾਹ ਵਿਚ ਹੁਣ ਰੁਕਾਵਟਾਂ ਪੈਦਾ ਕੀਤੀਆਂ ਜਾ ਰਹੀਆਂ ਹਨ। ਜਿੱਥੇ ਨੌਕਰਸ਼ਾਹੀ ਸੱਚਾਈ ਨਾਲ ਭਰੀ ਪੱਤਰਕਾਰੀ ਨੂੰ ਹਜ਼ਮ ਕਰਨ ਤੋਂ ਅਸਮਰੱਥ ਹੈ, ਉੱਥੇ ਦੂਜੇ ਪਾਸੇ ਅਪਰਾਧੀ ਪੱਤਰਕਾਰਾਂ ਦੇ ਰਾਹ ਵਿਚ ਰੁਕਾਵਟ ਬਣ ਰਹੇ ਹਨ, ਤਾਂ ਜੋ ਉਨ੍ਹਾਂ ਦੇ ਮਾੜੇ ਕੰਮਾਂ ਨੂੰ ਬੇਨਕਾਬ ਨਾ ਕੀਤਾ ਜਾ ਸਕੇ। ਖਾਸ ਕਰਕੇ ਪੇਂਡੂ ਪੱਤਰਕਾਰਾਂ ਨੂੰ ਕਈ ਚੁਣੌਤੀਆਂ ਅਤੇ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਕਾਰਨ ਉਨ੍ਹਾਂ ਨੂੰ ਜ਼ੋਖਮ ਭਰੀ ਪੱਤਰਕਾਰੀ ਕਰਨੀ ਪੈ ਰਹੀ ਹੈ। ਇਸ ਦੇ ਬਾਵਜੂਦ, ਸਰਕਾਰ ਅਖ਼ਬਾਰਾਂ ਅਤੇ ਪੱਤਰਕਾਰਾਂ ਦੀ ਸੁਰੱਖਿਆ ਪ੍ਰਤੀ ਗੰਭੀਰ ਨਹੀਂ ਹੈ, ਜੋ ਕਿ ਬਹੁਤ ਚਿੰਤਾ ਦਾ ਵਿਸ਼ਾ ਹੈ।

ਕੇਂਦਰ ਸਰਕਾਰ ਹੋਵੇ ਜਾਂ ਰਾਜ ਸਰਕਾਰ, ਪੱਤਰਕਾਰਾਂ ਪ੍ਰਤੀ ਉਸਦਾ ਰਵੱਈਆ ਢੁੱਕਵਾਂ ਨਹੀਂ ਰਿਹਾ। ਜਿੱਥੇ ਸਰਕਾਰ ਪੱਤਰਕਾਰਾਂ ਦੀਆਂ ਜ਼ਰੂਰਤਾਂ ਨੂੰ ਲਗਾਤਾਰ ਨਜ਼ਰਅੰਦਾਜ਼ ਕਰ ਰਹੀ ਹੈ, ਉੱਥੇ ਹੀ ਦੂਜੇ ਪਾਸੇ, ਉਨ੍ਹਾਂ ਦੇ ਸ਼ੋਸ਼ਣ ਵਰਗੇ ਮਾਮਲਿਆਂ ਵਿਚ ਤੁਰੰਤ ਕਾਰਵਾਈ ਕਰਨ ਦੀ ਬਜਾਏ, ਢਿੱਲੀ ਨੀਤੀ ਅਪਣਾਈ ਜਾ ਰਹੀ ਹੈ। ਪੱਤਰਕਾਰ ਲੋਕਤੰਤਰ ਦਾ ਚੌਥਾ ਥੰਮ੍ਹ ਹੈ, ਪਰ ਜੇ ਅਸੀਂ ਵੇਖੀਏ ਤਾਂ ਇਹ ਚੌਥਾ ਥੰਮ੍ਹ ਦਿਨੋਂ-ਦਿਨ ਕਮਜ਼ੋਰ ਹੁੰਦਾ ਜਾ ਰਿਹਾ ਹੈ। ਇਸਦੀ ਆਵਾਜ਼ ਨੂੰ ਦਬਾਉਣ ਦੀ ਸਾਜ਼ਿਸ਼ ਰਚੀ ਜਾ ਰਹੀ ਹੈ। ਜਮਹੂਰੀਅਤ ਘੁਲਾਟੀਆਂ, ਸੰਸਦ ਮੈਂਬਰਾਂ, ਵਿਧਾਇਕਾਂ ਵਰਗੇ ਪੱਤਰਕਾਰਾਂ ਨੂੰ ਇਹ ਮਾਣਭੱਤਾ ਦੇਣ ਦੇ ਨਾਲ-ਨਾਲ ਪੱਤਰਕਾਰਾਂ ਦੀਆਂ ਵੱਖ-ਵੱਖ ਸੰਸਥਾਵਾਂ ਸਮੇਂ-ਸਮੇਂ 'ਤੇ ਪੱਤਰਕਾਰ ਐਕਟ ਬਣਾਉਣ, ਸਰਕਾਰ ਵੱਲੋਂ ਪੱਤਰਕਾਰ ਕਮਿਸ਼ਨ ਬਣਾਉਣ ਦੀ ਮੰਗ ਕਰਦੀਆਂ ਰਹੀਆਂ ਹਨ, ਤਾਂ ਜੋ ਉਨ੍ਹਾਂ ਦੇ ਸਨਮਾਨ ਅਤੇ ਅਧਿਕਾਰਾਂ ਦੀ ਵਿਵਸਥਾ ਨੂੰ ਯਕੀਨੀ ਬਣਾਇਆ ਜਾ ਸਕੇ। ਭਾਵੇਂ ਪੱਤਰਕਾਰ ਭੀੜ ਦਾ ਹਿੱਸਾ ਨਹੀਂ ਹਨ, ਪਰ ਜੇ ਅਸੀਂ ਦੇਖਦੇ ਹਾਂ, ਜਿਸ ਤਰ੍ਹਾਂ ਪੱਤਰਕਾਰਾਂ ਨਾਲ ਭੀੜ ਵਿਚ ਵਿਵਹਾਰ ਕੀਤਾ ਜਾਂਦਾ ਹੈ, ਤਾਂ ਇਹ ਸਮਾਜ ਆਪਣੇ ਆਪ ਨੂੰ ਸਭ ਤੋਂ ਅਣਗੌਲਿਆ ਲੋਕਾਂ ਵਿਚੋਂ ਇੱਕ ਮਹਿਸੂਸ ਕਰਦਾ ਹੈ। ਦੇਸ਼ ਵਿਚ ਪੱਤਰਕਾਰਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਦੇ ਪ੍ਰਬੰਧ ਕਰਨ ਦੀ ਮੰਗ ਲੰਬਿਤ ਹੈ। ਇਸ ਦੇ ਨਾਲ ਹੀ, ਖ਼ਬਰਾਂ ਦੀ ਕਵਰੇਜ਼ ਦੌਰਾਨ, ਕਿਸੇ ਵੀ ਆਫ਼ਤ ਜਾਂ ਅਣਸੁਖਾਵੀਂ ਘਟਨਾ ਦੀ ਸਥਿਤੀ ਵਿਚ ਵਿੱਤੀ ਸਹਾਇਤਾ ਯਕੀਨੀ ਬਣਾਉਣ ਵਰਗੇ ਮੁੱਦਿਆਂ 'ਤੇ ਆਵਾਜ਼ ਉਠਾਈ ਗਈ ਹੈ, ਪਰ ਇਸ ਵਿਚ ਵੀ ਵਿਤਕਰਾ ਆਪਣੇ ਸਿਖਰ 'ਤੇ ਹੈ। ਕੁਝ ਮਾਮਲਿਆਂ ਨੂੰ ਛੱਡ ਕੇ, ਪੇਂਡੂ ਪੱਤਰਕਾਰਾਂ ਨੂੰ ਅਣਗੌਲਿਆ ਕੀਤਾ ਗਿਆ ਹੈ। ਇਸ ਨਾਲ ਸਾਨੂੰ ਇਹ ਮਹਿਸੂਸ ਹੁੰਦਾ ਹੈ ਕਿ ਅੱਜ ਦਾ ਪੱਤਰਕਾਰ ਚੌਥੇ ਥੰਮ੍ਹ ਦੀ ਬਜਾਏ ਸਿਰਫ਼ ਇੱਕ ਥੰਮ੍ਹ ਬਣ ਗਿਆ ਹੈ। ਸਰਕਾਰਾਂ ਕੋਲ ਨਾ ਤਾਂ ਆਪਣੇ ਹਿੱਤਾਂ ਬਾਰੇ ਸੋਚਣ ਦਾ ਸਮਾਂ ਹੈ ਅਤੇ ਨਾ ਹੀ ਪ੍ਰਸ਼ਾਸਨਿਕ ਅਧਿਕਾਰੀਆਂ ਕੋਲ ਉਨ੍ਹਾਂ ਨੂੰ ਸਤਿਕਾਰ ਦੇਣ ਦੀ ਕੋਈ ਗੁੰਜਾਇਸ਼ ਹੈ। ਜਿਹੜਾ ਪੱਤਰਕਾਰ ਲੋਕਾਂ ਨੂੰ ਉਨ੍ਹਾਂ ਦੇ ਹੱਕ ਦਿੰਦਾ ਸੀ, ਅੱਜ ਉਹ ਆਪਣੇ ਹੱਕ ਲੈਣ ਲਈ ਸੰਘਰਸ਼ ਕਰ ਰਿਹਾ ਹੈ। ਹਿੰਦੀ ਪੱਤਰਕਾਰੀ ਦਿਵਸ ਦੇ ਇਤਿਹਾਸ ਬਾਰੇ ਦੱਸਦੇ ਹੋਏ, ਸਰਕਾਰੀ ਭਾਸ਼ਾ ਦੇ ਸਾਬਕਾ ਸੀਨੀਅਰ ਅਧਿਕਾਰੀ ਦਿਨੇਸ਼ ਚੰਦਰ ਨੇ ਕਿਹਾ ਕਿ 30 ਮਈ, 1826 ਨੂੰ, ਯੁਗਲ ਕਿਸ਼ੋਰ ਸ਼ੁਕਲਾ ਨੇ ਕੋਲਕਾਤਾ (ਪੱਛਮੀ ਬੰਗਾਲ) ਤੋਂ ਆਪਣੀ ਸੰਪਾਦਨਾ ਹੇਠ ਹਿੰਦੀ ਹਫਤਾਵਾਰੀ ਅਖਬਾਰ ਉਦੰਤ ਮਾਰਤੰਡ ਦਾ ਪਹਿਲਾ ਅੰਕ ਪ੍ਰਕਾਸ਼ਤ ਕੀਤਾ। ਇਹ ਅਖ਼ਬਾਰ ਹਰ ਮੰਗਲਵਾਰ ਪ੍ਰਕਾਸ਼ਿਤ ਹੁੰਦਾ ਸੀ। ਪਹਿਲੀ ਵਾਰ ਇਸ ਅਖ਼ਬਾਰ ਦੀਆਂ 500 ਕਾਪੀਆਂ ਛਾਪੀਆਂ ਗਈਆਂ। ਮਹੀਨੇ ਦੇ ਹਰ ਮੰਗਲਵਾਰ ਨੂੰ ਪ੍ਰਕਾਸ਼ਿਤ ਹੋਣ ਵਾਲਾ ਇਹ ਹਿੰਦੀ ਅਖ਼ਬਾਰ 79 ਅੰਕ ਪ੍ਰਕਾਸ਼ਿਤ ਕਰਨ ਤੋਂ ਬਾਅਦ ਬੰਦ ਹੋ ਗਿਆ ਸੀ। ਇਹ ਦੁਨੀਆਂ ਦਾ ਪਹਿਲਾ ਹਿੰਦੀ ਅਖ਼ਬਾਰ ਸੀ। ਇਸ ਵਿਚ ਪ੍ਰਕਾਸ਼ਿਤ ਖ਼ਬਰਾਂ ਅਤੇ ਸਮੱਗਰੀ ਨੇ ਅੰਗਰੇਜ਼ਾਂ ਦੀ ਨੀਂਦ ਹਰਾਮ ਕਰ ਦਿੱਤੀ ਸੀ। ਉਨ੍ਹਾਂ ਦਿਨਾਂ ਵਿਚ, ਇਹ ਅਖ਼ਬਾਰ ਹਿੰਦੀ ਜਾਣਨ ਅਤੇ ਸਮਝਣ ਵਾਲੇ ਆਜ਼ਾਦੀ ਘੁਲਾਟੀਆਂ ਨੂੰ ਊਰਜਾ ਦੇਣ ਵਿਚ ਮਦਦਗਾਰ ਸਾਬਤ ਹੋ ਰਿਹਾ ਸੀ। ਜਿਸ ਕਾਰਨ ਬ੍ਰਿਟਿਸ਼ ਸਰਕਾਰ ਵਿਚ ਇਸ ਅਖ਼ਬਾਰ ਪ੍ਰਤੀ ਗੁੱਸਾ ਵਧਦਾ ਗਿਆ। ਇਸ ਦੇ ਸੰਪਾਦਕ, ਕਲਮ ਦੇ ਸਿਪਾਹੀ ਅਤੇ ਅਜਿੱਤ ਬਹਾਦਰ ਯੁਗਲ ਕਿਸ਼ੋਰ ਸ਼ੁਕਲਾ ਕਾਨਪੁਰ (ਉੱਤਰ ਪ੍ਰਦੇਸ਼) ਦੇ ਵਸਨੀਕ ਸਨ। ਦਿਨੇਸ਼ ਚੰਦਰ ਕਹਿੰਦੇ ਹਨ ਕਿ ਨਿਡਰ ਅਤੇ ਨਿਰਪੱਖ ਪੱਤਰਕਾਰੀ ਇੱਕ ਪੱਤਰਕਾਰ ਦੇ ਜੀਵਨ ਦਾ ਮਿਸ਼ਨ ਹੋਣਾ ਚਾਹੀਦਾ ਹੈ। ਉਨ੍ਹਾਂ ਦੀ ਭੂਮਿਕਾ ਖਾਸ ਕਰਕੇ ਲੋਕਤੰਤਰ ਵਿਚ ਬਹੁਤ ਮਹੱਤਵਪੂਰਨ ਹੈ। ਅੱਜ, ਹਿੰਦੀ ਪੱਤਰਕਾਰੀ ਸਿਆਸਤਦਾਨਾਂ, ਧਾਰਮਿਕ ਆਗੂਆਂ ਅਤੇ ਬਾਬਿਆਂ ਦੇ ਪ੍ਰਭਾਵ ਦਾ ਸ਼ਿਕਾਰ ਹੋ ਕੇ ਆਪਣੇ ਮੁੱਖ ਉਦੇਸ਼ਾਂ ਤੋਂ ਭਟਕ ਰਹੀ ਹੈ। ਲੋਕਾਂ ਨੂੰ ਅੰਧਵਿਸ਼ਵਾਸ ਅਤੇ ਪਖੰਡ ਤੋਂ ਬਚਾਉਣ ਦੀ ਬਜਾਏ, ਉਹ ਉਨ੍ਹਾਂ ਨੂੰ ਹਨੇਰੇ ਵਿਚ ਧੱਕ ਰਹੇ ਹਨ। ਜਦੋਂ ਕਿ ਇੱਕ ਅਖ਼ਬਾਰ ਗੁਆਚੀ ਹੋਈ ਆਤਮਾ ਲਈ ਰੌਸ਼ਨੀ ਦੀ ਕਿਰਨ ਹੁੰਦਾ ਹੈ, ਜਿੱਥੇ ਉਸਨੂੰ ਗਿਆਨ ਦੇ ਨਾਲ-ਨਾਲ ਨਿਆਂ ਮਿਲਣ ਦੀ ਉਮੀਦ ਹੁੰਦੀ ਹੈ। ਜਦੋਂ ਜਨਤਾ ਦੀ ਅਣਗਹਿਲੀ ਅਤੇ ਸਮੱਸਿਆਵਾਂ ਦਾ ਕੋਈ ਹੱਲ ਨਹੀਂ ਹੁੰਦਾ, ਤਾਂ ਸਿਰਫ਼ ਅਖ਼ਬਾਰ ਹੀ ਉਨ੍ਹਾਂ ਨੂੰ ਸੰਕਟ ਤੋਂ ਬਚਾਉਂਦਾ ਹੈ। ਲੋਕਤੰਤਰ ਵਿਚ, ਅਖ਼ਬਾਰ ਆਮ ਆਦਮੀ ਦੀ ਆਵਾਜ਼ ਹੁੰਦਾ ਹੈ।

# ਪੰਜਾਬੀ ਮਾਂ ਬੋਲੀ ਦੇ ਸਤਿਕਾਰ ਦੀ ਗੱਲ

- ਸਿੰਦਰ ਸਿੰਘ ਮੀਰਪੁਰੀ
ਫਰਿਜ਼ਨੋ, ਕੈਲੀਫੋਰਨੀਆ
559-285-0841
ਪੰਜਾਬ ਮੇਲ USA






ਹਰ ਸਾਲ ਸਾਡੇ ਸਾਰਿਆਂ ਵੱਲੋਂ ਪੰਜਾਬੀ ਮਾਂ ਬੋਲੀ ਦੇ ਸਤਿਕਾਰ ਦੀ ਗੱਲ ਅਕਸਰ ਕੀਤੀ ਜਾਂਦੀ ਹੈ। ਵੱਡੇ-ਵੱਡੇ ਸਮਾਗਮ ਕਰਵਾਏ ਜਾਂਦੇ ਹਨ। ਸਰਕਾਰਾਂ ਵੱਲੋਂ ਆਪਣੇ ਤੌਰ 'ਤੇ ਪਹਿਲ ਕਰਦਿਆਂ ਪੰਜਾਬੀ ਮਾਂ ਬੋਲੀ ਨੂੰ ਤਰਜੀਹ ਦੇਣ ਦੇ ਲਈ ਸਮਾਗਮ ਕਰਨ ਤੋਂ ਇਲਾਵਾ ਖਰਚਾ ਕੀਤਾ ਜਾਂਦਾ ਹੈ। ਪੰਜਾਬੀ ਦੇ ਵੱਡੇ ਲਿਖਾਰੀਆਂ ਵੱਲੋਂ ਮਾਂ ਬੋਲੀ ਦਾ ਸਤਿਕਾਰ ਕਰਨ ਦੇ ਲਈ ਪੂਰੀ ਵਿਉਂਤਬੰਦੀ ਦੇ ਨਾਲ ਗੱਲਬਾਤ ਕੀਤੀ ਜਾਂਦੀ ਹੈ । ਕਹਿਣ ਤੋਂ ਭਾਵ ਪੰਜਾਬੀ ਮਾਂ ਬੋਲੀ ਨੂੰ ਆਪਣੇ ਹੀ ਪੰਜਾਬ ਦੇ ਵਿਚ ਜਿਉਂਦਾ ਰੱਖਣ ਦੇ ਲਈ ਵੱਡੀ ਜੱਦੋ-ਜਹਿਦ ਕਰਨੀ ਪੈ ਰਹੀ ਹੈ। ਇਹ ਜੱਦੋ-ਜਹਿਦ ਕਰਨ ਵਾਲੇ ਪੰਜਾਬੀ ਮਾਂ ਬੋਲੀ ਦੇ ਚਿੰਤਕ ਲੋਕ ਹਨ। ਇੱਥੇ ਜੇਕਰ ਮੈਂ ਇਹ ਵੀ ਕਹਿ ਦਿਆਂ ਕਿ ਪੰਜਾਬੀ ਮਾਂ ਬੋਲੀ ਆਪਣੇ ਹੀ ਵਿਹੜੇ ਦੇ ਵਿਚ ਪਿਛਲੇ ਲੰਬੇ ਸਮੇਂ ਤੋਂ ਬੇਗਾਨੀ ਹੋ ਰਹੀ ਹੈ। ਉਸ ਨੂੰ ਬਚਾਉਣ ਦੇ ਲਈ ਕੀਤੀ ਜਾ ਰਹੀ ਚਾਰਾਜੋਈ ਸ਼ਲਾਘਾਯੋਗ ਕਦਮ ਹੈ।

ਪਰ ਉਸ ਤੋਂ ਬਾਅਦ ਅਸੀਂ ਨਾਲ ਦੀ ਨਾਲ ਇਹ ਵੀ ਆਖਾਂਗੇ ਕਿ ਪੰਜਾਬੀ ਮਾਂ ਬੋਲੀ ਆਪਣੀ ਹੀ ਵਿਹੜੇ ਦੇ ਵਿਚ ਬੇਗਾਨੀ ਕਿਵੇਂ, ਕਿਉਂ ਅਤੇ ਕਿਸ ਕਰਕੇ ਹੋਈ, ਇਹ ਵੀ ਇੱਕ ਚਰਚਾ ਦਾ ਵਿਸ਼ਾ ਹੈ। ਜਦ ਸਰਕਾਰਾਂ ਅਤੇ ਸਾਡੇ ਸਾਰਿਆਂ ਵੱਲੋਂ ਹਰ ਸਾਲ ਪੰਜਾਬੀ ਮਾਂ ਬੋਲੀ ਨੂੰ ਬਚਾਉਣ ਦੇ ਲਈ ਵੱਡੇ ਉਪਰਾਲੇ ਕੀਤੇ ਜਾਂਦੇ ਹਨ, ਤਾਂ ਵੀ ਇੰਨਾ ਕੁਝ ਕਰਨ ਦੇ ਬਾਵਜੂਦ ਪੰਜਾਬੀ ਮਾਂ ਬੋਲੀ ਆਪਣੀ ਹੀ ਧਰਤੀ 'ਤੇ ਬੇਗਾਨੀ ਕਿਉਂ ਹੋ ਰਹੀ ਹੈ, ਇਹ ਇੱਕ ਵੱਖਰਾ ਤੇ ਅਹਿਮ ਵਿਸ਼ਾ ਹੈ ਕਿਉਂਕਿ ਪੰਜਾਬੀ ਮਾਂ ਦਾ ਕਦਰ ਕਰਨਾ ਸਾਡਾ ਸਾਰਿਆਂ ਦਾ ਫਰਜ਼ ਹੈ। ਪਰ ਇਸ ਮਾਮਲੇ ਵਿਚ ਅਸੀਂ ਕਿੱਥੇ ਕੁ ਖੜ੍ਹੇ ਹਾਂ, ਇਸ ਨੂੰ ਵੀ ਵੇਖਣ ਦੀ ਲੋੜ ਹੈ। ਭਾਵੇਂ ਪੰਜਾਬੀ ਮਾਂ ਬੋਲੀ ਦੇ ਨਾਂ 'ਤੇ ਟਾਹਰਾਂ ਤਾਂ ਬਹੁਤ ਲੰਬੇ ਸਮੇਂ ਤੋਂ ਸਾਰਿਆਂ ਵੱਲੋਂ ਮਾਰੀਆਂ ਜਾਂਦੀਆਂ ਨੇ ਪਰ ਉਸ ਦਾ ਅਸਰ ਕਿੰਨਾ ਕੁ ਹੁੰਦਾ ਹੈ, ਇਸ 'ਤੇ ਵੀ ਚਰਚਾ ਕਰਨੀ ਬਣਦੀ ਹੈ।

ਵਿਦੇਸ਼ਾਂ ਅੰਦਰ ਵੀ ਪੰਜਾਬੀ ਮਾਂ ਬੋਲੀ ਨੂੰ ਜਿਉਂਦਾ ਰੱਖਣ ਦੇ ਲਈ ਸਾਡੇ ਸੱਜਣਾਂ ਵੱਲੋਂ ਢੇਰ ਸਾਰੇ ਉਪਰਾਲੇ ਕੀਤੇ ਜਾਂਦੇ ਨੇ, ਇਹ ਇੱਕ ਅਲੱਗ ਗੱਲ ਹੈ ਕਿ ਵਿਦੇਸ਼ਾਂ ਵਿਚ ਪੰਜਾਬੀ ਮਾਂ ਬੋਲੀ ਦਾ ਝੰਡਾ ਅੱਜ ਵੀ ਪੂਰੀ ਦੁਨੀਆਂ ਦੇ ਵਿਚ ਝੂਲਦਾ ਹੈ। ਇਸ ਦੇ ਲਈ ਵਿਦੇਸ਼ੀ ਸੱਜਣ ਵਧਾਈ ਦੇ ਹੱਕਦਾਰ ਜ਼ਰੂਰ ਹਨ। ਉਨ੍ਹਾਂ ਵੱਲੋਂ ਪੰਜਾਬ ਤੋਂ ਵੱਧ ਮਾਂ ਬੋਲੀ ਨੂੰ ਤਰਜੀਹ ਦੇ ਕੇ ਆਪਣੇ ਬੱਚਿਆਂ ਨੂੰ ਪੰਜਾਬੀ ਦੇ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਹ ਵੀ ਇੱਕ ਚੰਗੀ ਗੱਲ ਹੈ। ਇੱਥੋਂ ਦੇ ਗੁਰਦੁਆਰਾ ਸਾਹਿਬਾਨਾਂ ਦੇ ਅੰਦਰ ਵੀ ਪੰਜਾਬੀ ਮਾਂ ਬੋਲੀ ਦੀ ਕਦਰ ਕਰਨੀ ਆਮ ਗੱਲ ਹੈ। ਪਰ ਉਸ ਦੇ ਮੁਕਾਬਲੇ ਤੇ ਪੰਜਾਬ ਦੀਆਂ ਬਹੁਤ ਸਾਰੀਆਂ ਸੰਸਥਾਵਾਂ ਪੰਜਾਬੀ ਦੇ ਮਾਮਲੇ ਵਿਚ ਫਾਡੀ ਹਨ। ਇੱਥੇ ਇਹ ਤਾਂ ਗੱਲ ਸੋਚਣੀ ਬਣਦੀ ਹੈ ਕਿ ਪੰਜਾਬੀ ਨੂੰ ਤਰਜੀਹ ਦੇਣ ਵਿਚ ਘਾਟ ਕਿਸ ਕੋਲ ਹੈ।

ਵਿਦੇਸ਼ਾਂ ਅੰਦਰ ਭਾਵੇਂ ਪੰਜਾਬੀ ਮਾਂ ਬੋਲੀ ਦੇ ਨਾਂ 'ਤੇ ਬਹੁਤ ਪੰਜਾਬੀ ਕਾਨਫਰੰਸਾਂ ਕਰਕੇ ਪੰਜਾਬੀ ਨੂੰ ਤਰਜੀਹ ਦੇਣ ਦੀ ਗੱਲ ਕੀਤੀ ਜਾਂਦੀ ਹੈ ਪਰ ਇਸ ਦੀ ਚਰਚਾ ਵੀ ਅਸੀਂ ਅੱਜ ਇਸ ਲਈ ਕਰ ਰਹੇ ਹਾਂ ਕਿ ਉੱਥੇ ਵੀ ਸਾਰਾ ਕੁਝ ਸਹੀ ਨਹੀਂ ਹੁੰਦਾ। ਬੇਸ਼ੱਕ ਪੰਜਾਬੀ ਕਾਨਫਰੰਸਾਂ ਭਾਵੇਂ ਪੰਜਾਬੀ ਮਾਂ ਬੋਲੀ ਦੇ ਨਾਂ 'ਤੇ ਕੀਤੀਆਂ ਜਾਂਦੀਆਂ ਨੇ ਪਰ ਉੱਥੇ ਬਹੁਤ ਕੁਝ ਅਜਿਹਾ ਵਾਪਰ ਜਾਂਦਾ ਹੈ, ਜਿਸ ਨੂੰ ਅਸੀਂ ਸਹੀ ਨਹੀਂ ਕਹਿ ਸਕਦੇ, ਉੱਥੇ ਵੀ ਕਾਫੀ ਕੁਝ ਗਲਤ ਹੁੰਦਾ ਹੈ। ਇੱਥੇ ਇਹ ਸੱਜਣ ਚਾਹੁਣ ਤਾਂ ਬਹੁਤ ਕੁਝ ਕਰ ਸਕਦੇ ਹਨ ਪਰ ਚਾਹ ਕੇ ਵੀ ਪੰਜਾਬੀ ਮਾਂ ਬੋਲੀ ਦੀ ਕਦਰ ਇਨ੍ਹਾਂ ਲੋਕਾਂ ਕੋਲੋਂ ਨਹੀਂ ਹੋ ਰਹੀ। ਪਿਛਲੇ ਲੰਬੇ ਸਮੇਂ ਤੋਂ ਅਸੀਂ ਵੇਖ ਰਹੇ ਹਾਂ ਕਿ ਵਿਸ਼ਵ ਪੰਜਾਬੀ ਦੇ ਨਾਂ 'ਤੇ ਵੀ ਕਾਫੀ ਕੁਝ ਅਜਿਹਾ ਹੋ ਗਿਆ, ਜਿਸ ਨੇ ਸਾਡਾ ਸਿਰ ਨੀਵਾਂ ਕੀਤਾ ਸੀ।

ਉਸੇ ਤਰ੍ਹਾਂ ਪੰਜਾਬ ਅੰਦਰ ਬਹੁਤ ਸਾਰੇ ਸੱਜਣ ਅਜਿਹੇ ਹਨ, ਜੋ ਪੰਜਾਬੀ ਮਾਂ ਬੋਲੀ ਦੇ ਨਾਂ 'ਤੇ ਜਥੇਬੰਦੀਆਂ ਬਣਾ ਕੇ ਇਸ ਦਾ ਝੰਡਾ ਬੁਲੰਦ ਕਰਨ ਦੇ ਲਈ ਪਿਛਲੇ ਲੰਬੇ ਸਮੇਂ ਤੋਂ ਜੱਦੋ-ਜਹਿਦ ਕਰ ਰਹੇ ਹਨ। ਇਹ ਗੱਲ ਠੀਕ ਹੈ ਕਿ ਉਨ੍ਹਾਂ ਦੀ ਦਾਦ ਦੇਣੀ ਬਣਦੀ ਹੈ ਕਿ ਉਹ ਮਾਂ ਬੋਲੀ ਦਾ ਝੰਡਾ ਬੁਲੰਦ ਕਰਨ ਦੇ ਲਈ ਕੋਸ਼ਿਸ਼ਾਂ ਵਿਚ ਜੁਟੇ ਹਨ ਪਰ ਇਹ ਵੀ ਇੱਕ ਗੱਲ ਹੈ ਕਿ ਅਸਲ ਕਾਰਨ ਤੇ ਘਾਟ ਕਿੱਥੇ ਹੈ ਕਿ ਪੰਜਾਬੀ ਨੂੰ ਪੂਰੀ ਪ੍ਰਮੁੱਖਤਾ ਕਿਉਂ ਨਹੀਂ ਮਿਲ ਰਹੀ, ਨਾ ਹੀ ਸਰਕਾਰਾਂ ਆਪਣਾ ਜ਼ੋਰ ਲਗਾ ਰਹੀਆਂ ਹਨ। ਪਰ ਘਾਟ ਕਿੱਥੇ ਹੈ, ਇਹ ਵੀ ਸੋਚਣ ਦਾ ਵਿਸ਼ਾ ਹੈ। ਕਹਿਣ ਨੂੰ ਤਾਂ ਪੰਜਾਬੀ ਮਾਂ ਬੋਲੀ ਸਾਡੀ ਮਾਤ ਭਾਸ਼ਾ ਹੈ ਪਰ ਇਸ ਨੂੰ ਸਤਿਕਾਰ ਕਿੰਨਾ ਕੁ ਦਿੱਤਾ ਜਾ ਰਿਹਾ ਹੈ। ਇਹ ਸਾਡੇ ਘਰਾਂ ਅਤੇ ਦਫਤਰਾਂ ਤੋਂ ਪਤਾ ਲੱਗ ਜਾਂਦਾ ਹੈ। ਸਾਡੇ ਘਰਾਂ ਵਿਚ ਲੋਕ ਹਿੰਦੀ ਬੋਲਣ ਨੂੰ ਤਰਜੀਹ ਦੇਣ ਲੱਗੇ ਹਨ, ਇਹ ਵੀ ਬਦਕਿਸਮਤੀ ਹੈ, ਜੋ ਗਲਤ ਹੈ।

ਸਰਕਾਰ ਵੱਲੋਂ ਪਿਛਲੇ ਸਮੇਂ ਤੋਂ ਆਖਿਆ ਗਿਆ ਹੈ ਕਿ ਸਰਕਾਰੀ ਦਫਤਰਾਂ ਵਿਚ ਪੰਜਾਬੀ ਲਾਗੂ ਕਰ ਦਿਆਂਗੇ, ਕੋਈ ਵੀ ਅਫਸਰ ਪੰਜਾਬੀ ਦੇ ਵਿਚ ਗੱਲ ਕਰਨ ਤੋਂ ਝਿਜਕੇ ਨਾ। ਪਰ ਨਹੀਂ, ਬਿਲਕੁਲ ਇਸ ਦੇ ਉਲਟ ਜੇਕਰ ਅਸੀਂ ਅੱਜ ਵੀ ਵੇਖਦੇ ਹਾਂ, ਤਾਂ ਸਰਕਾਰੀ ਦਫਤਰਾਂ ਦੇ ਵਿਚ ਪੰਜਾਬੀ ਹੈ ਹੀ ਕਿੱਥੇ, ਸਾਰੇ ਅਫਸਰ ਹਿੰਦੀ ਅਤੇ ਅੰਗਰੇਜ਼ੀ ਵਿਚ ਗੱਲ ਕਰਨ ਨੂੰ ਤਰਜੀਹ ਦਿੰਦੇ ਹਨ ਅਤੇ ਪੰਜਾਬੀ ਮਾਂ ਬੋਲੀ ਦਾ ਭੱਠਾ ਗੁਲ ਕੀਤਾ ਜਾ ਰਿਹਾ ਹੈ। ਜੇਕਰ ਪੰਜਾਬ ਦੇ ਸਰਕਾਰੀ ਦਫਤਰਾਂ ਵਿਚ ਜਾਓ, ਤਾਂ ਬਹੁਤ ਸਾਰੇ ਮੁਲਾਜ਼ਮ ਤੇ ਅਫਸਰ ਤੁਹਾਨੂੰ ਅਜਿਹੇ ਮਿਲ ਜਾਣਗੇ, ਜੋ ਹਿੰਦੀ ਵਿਚ ਗੱਲ ਕਰਦੇ ਹਨ। ਉਸ ਤੋਂ ਅੱਗੇ ਜਾਂਦਿਆਂ ਜਿਹੜੇ ਸੀਨੀਅਰ ਅਫਸਰ ਹਨ, ਉਹ ਅੰਗਰੇਜ਼ੀ ਵਿਚ ਗੱਲ ਕਰਨ ਨੂੰ ਆਪਣਾ ਸਟੇਟਸ ਸਿੰਬਲ ਸਮਝਦੇ ਹਨ। ਕਹਿਣ ਤੋਂ ਭਾਵ ਚਾਰੇ ਪਾਸੇ ਰੋਲ ਘਚੋਲਾ ਹੈ, ਕੋਈ ਵੀ ਪੰਜਾਬੀ ਮਾਂ ਬੋਲੀ ਦੀ ਕਦਰ ਨਹੀਂ ਕਰਦਾ, ਉਨ੍ਹਾਂ ਸੱਜਣਾਂ ਦੀ ਸਿਫਤ ਕਰਨੀ ਬਣਦੀ ਹੈ, ਜਿਹੜੇ ਅਸਲ ਪੰਜਾਬੀ ਦੀ ਦਿਲੋਂ ਕਦਰ ਕਰਦੇ ਹਨ।

# ਸਦਾਬਹਾਰ ਗੀਤਾਂ ਨਾਲ ਸ਼ਿੰਗਾਰੀ ਕਲਾਸਿਕ ਪੰਜਾਬੀ ਫਿਲਮ ਸਤਲੁਜ ਦੇ ਕੰਢੇ

ਅੰਗਰੇਜ ਸਿੰਘ ਵਿਰਦੀ
ਮੋਬਾਇਲ : 94646-28857
ਪੰਜਾਬ ਮੇਲ USA






60 ਦੇ ਦਹਾਕੇ ਦੇ ਪੰਜਾਬੀ ਸਿਨੇਮੇ ਨੇ ਬਹੁਤ ਸਾਰੀਆ ਬੇਹਤਰੀਨ ਫਿਲਮਾਂ ਸਿਨੇ ਪ੍ਰੇਮੀਆਂ ਦੀ ਝੋਲੀ ਪਾਈਆਂ। ਐਸੀਆਂ ਪੰਜਾਬੀ ਫਿਲਮਾਂ ਜਿਨ੍ਹਾਂ ਨੂੰ ਅੱਜ ਵੀ ਸਿਨੇਮਾ ਪ੍ਰੇਮੀ ਵੇਖਣਾ ਲੋਚਦੇ ਹਨ। ਇਨ੍ਹਾਂ ਫਿਲਮਾਂ ਦੀ ਇਕ ਲੰਬੀ ਫੈਅਰਿਸਤ ਹੈ। ਇਨ੍ਹਾਂ ਹੀ ਫਿਲਮਾਂ ਵਿਚੋਂ ਇਕ ਫਿਲਮ ਸੀ ਸੰਨ 1964 ਈ: ਵਿਚ ਪ੍ਰਦਰਸ਼ਿਤ ਹੋਈ ਹਿੱਟ ਗੀਤਾਂ ਨਾਲ ਸ਼ਿੰਗਾਰੀ ਰਾਸ਼ਟਰੀ ਐਵਾਰਡ ਨਾਲ ਸਨਮਾਨਿਤ ਪੰਜਾਬੀ ਫਿਲਮ "ਸਤਲੁਜ ਦੇ ਕੰਢੇ"।

ਮਹੇਸ਼ਵਰੀ ਪਿਕਚਰਜ਼ ਦੇ ਬੈਨਰ ਹੇਠ ਬਣੀ ਬਲੈਕ ਐਂਡ ਵਾਈਟ ਫਿਲਮ 'ਸਤਲੁਜ ਦੇ ਕੰਢੇ ਦੇ ਨਿਰਮਾਤਾ, ਨਿਰਦੇਸ਼ਕ ਅਤੇ ਲੇਖਕ ਸਨ, ਪਦਮ ਪ੍ਰਕਾਸ਼ ਮਹੇਸ਼ਵਰੀ। ਫਿਲਮ ਦੀ ਕਹਾਣੀ ਤੇ ਸੰਵਾਦ ਲਿਖੇ ਸਨ ਡੀ.ਐੱਨ. ਮਦੋਕ ਅਤੇ ਪਦਮ ਪ੍ਰਕਾਸ਼ ਮਹੇਸ਼ਵਰੀ ਨੇ। ਸੰਗੀਤ ਦੀਆਂ ਦਿਲਕਸ਼ ਧੁਨਾਂ ਨੂੰ ਤਿਆਰ ਕੀਤਾ ਸੀ ਮਹਾਨ ਸੰਗੀਤਕਾਰ ਹੰਸ ਰਾਜ ਬਹਿਲ, ਕੇ ਪੰਨਾ ਲਾਲ ਅਤੇ ਸਰਦੂਲ ਕਵਾਤਰਾ ਨੇ। ਫਿਲਮ ਦੇ ਗੀਤ ਲਿਖੇ ਸਨ ਗੀਤਕਾਰ ਡੀ.ਐੱਨ. ਮਦੋਕ, ਪੁਰੀ ਅਤੇ ਕੇ.ਐੱਲ. ਅਗਨੀਹੋਤਰੀ ਨੇ।

21 ਜੂਨ ਸੰਨ 1964 ਈ: ਵਿਚ ਰਿਲੀਜ਼ ਹੋਈ ਫਿਲਮ "ਸਤਲੁਜ ਦੇ ਕੰਢੇ" ਨੂੰ ਸਾਲ 1967 ਈ: ਵਿਚ ਬਿਹਤਰੀਨ ਪੰਜਾਬੀ ਫੀਚਰ ਫਿਲਮ ਦਾ ਨੈਸ਼ਨਲ ਐਵਾਰਡ ਵੀ ਹਾਸਿਲ ਹੋਇਆ ਸੀ। ਪੰਜਾਬੀ ਦੀ ਇਕ ਬਿਹਤਰੀਨ ਤੇ ਖ਼ੂਬਸੂਰਤ ਫਿਲਮ ਜਿਸ ਵਿਚ ਹਿੰਦੀ ਫਿਲਮ ਇੰਡਸਟਰੀ ਦੇ ਚੋਟੀ ਦੇ ਬੇਮਿਸਾਲ ਅਦਾਕਾਰ, ਖ਼ੂਬਸੂਰਤ ਇਨਸਾਨ ਅਤੇ ਪੰਜਾਬੀ ਅਦਬ ਵਿਚ ਆਹਲਾ ਮੁਕਾਮ ਹਾਸਿਲ ਕਰਦਾ ਬਲਰਾਜ ਸਾਹਨੀ ਨੇ ਬਤੌਰ ਹੀਰੋ ਕੰਮ ਕੀਤਾ ਸੀ। ਇਹ ਫਿਲਮ ਖਾਸ ਫਿਲਮ ਇਸ ਲਈ ਵੀ ਸੀ ਕਿਉਂਕਿ ਇਹ ਫਿਲਮ ਅਦਾਕਾਰ ਬਲਰਾਜ ਸਾਹਨੀ ਦੀ ਪਹਿਲੀ ਪੰਜਾਬੀ ਫਿਲਮ ਸੀ, ਜਿਸ ਵਿਚ ਉਨ੍ਹਾਂ ਬਤੌਰ ਹੀਰੋ ਪਹਿਲੀ ਵਾਰ ਕੰਮ ਕੀਤਾ ਸੀ। ਫਿਲਮ ਵਿਚ ਹੀਰੋਇਨ ਦਾ ਰੋਲ ਅਦਾਕਾਰਾ ਨਿਸ਼ੀ ਨੇ (ਡਬਲ ਰੋਲ ਰੇਸ਼ਮਾਂ ਤੇ ਨੈਣੀ) ਨਿਭਾਇਆ ਸੀ। ਇਸ ਫਿਲਮ ਵਿਚ ਓਸ ਜ਼ਮਾਨੇ ਦੇ ਹਿੰਦੀ ਤੇ ਪੰਜਾਬੀ ਫਿਲਮਾਂ ਦੀ ਮਸ਼ਹੂਰ ਅਦਾਕਾਰ ਵਾਸਤੀ ਨੇ ਨਿਸ਼ੀ ਦੇ ਮਾਮੇ ਦਾ ਨਾਕਰਾਤਮਕ ਰੋਲ ਨਿਭਾਇਆ ਸੀ। ਬਾਕੀ ਕਲਾਕਾਰਾਂ ਵਿਚ ਪੰਜਾਬੀ ਫਿਲਮਾਂ ਦੇ ਉੱਘੇ ਕਾਮੇਡੀਅਨ ਗੋਪਾਲ ਸਹਿਗਲ ਰੁਲਦੂ ਦੇ ਰੋਲ ਵਿਚ, ਰਜਿੰਦਰ ਸਿੰਘ ਲਾਲੇ ਦੇ ਰੋਲ ਵਿਚ, ਮੁਮਤਾਜ ਬੇਗ਼ਮ ਬਲਰਾਜ ਸਾਹਨੀ ਦੀ ਮਾਂ ਦੇ ਰੋਲ ਵਿਚ, ਮਿਰਜ਼ਾ ਮੁਸ਼ੱਰਫ ਨਿਸ਼ੀ ਦੇ ਜੀਜੇ ਠਾਕੁਰ ਮੇਜਰ ਰਾਜ ਸਿੰਘ ਦੇ ਰੋਲ ਵਿਚ, ਸੁਨੀਤਾ ਨਿਸ਼ੀ ਦੀ ਭੈਣ ਬਿੱਲੋ ਦੇ ਰੋਲ ਵਿਚ, ਰਾਜ ਰਾਣੀ ਨਿਸ਼ੀ ਦੀ ਮਾਂ ਦੇ ਰੋਲ ਵਿਚ ਅਤੇ ਬਾਲ ਕਲਾਕਾਰ ਰਾਜੂ ਅਦਾਕਾਰ ਬਲਰਾਜ ਸਾਹਨੀ ਦੇ ਪੁੱਤਰ ਦੇ ਰੋਲ ਵਿਚ ਨਜ਼ਰ ਆਏ।

ਫਿਲਮ ਸਤਲੁਜ ਦੇ ਕੰਢੇ ਦੀ ਕਹਾਣੀ ਭਾਖੜਾ ਬੰਨ੍ਹ ਦੀ ਉਸਾਰੀ ਵੇਲੇ ਦੀ ਕਹਾਣੀ ਹੈ। ਸਾਰੀ ਫਿਲਮ ਦੀ ਕਹਾਣੀ ਸਤਲੁਜ ਦਰਿਆ ਦੇ ਕੰਢੇ 'ਤੇ ਵਸਦੇ ਪਿੰਡ ਭਾਖੜਾ ਦੇ ਆਲੇ-ਦੁਆਲੇ ਬੁਣੀ ਗਈ ਹੈ। ਫਿਲਮ ਦੇ ਸਾਰੇ ਕਿਰਦਾਰ ਇਸੇ ਪਿੰਡ ਦੇ ਵਸਨੀਕ ਵਿਖਾਏ ਗਏ ਹਨ। ਫਿਲਮ ਵਿਚ ਉਸ ਵੇਲੇ ਦੇਸ਼ ਵਿਚ ਬਣ ਰਹੇ ਡੈਮਾਂ ਦੀ ਅਹਿਮੀਅਤ ਨੂੰ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਨਾਲ ਹੀ ਡੈਮ ਵਾਲੀ ਜਗ੍ਹਾ 'ਤੇ ਵੱਸਣ ਵਾਲੇ ਲੋਕਾਂ ਦੀਆਂ ਦੁੱਖ ਤਕਲੀਫ਼ਾਂ ਅਤੇ ਉਨ੍ਹਾਂ ਦੇ ਉਜਾੜੇ ਨੂੰ ਵੀ ਬਿਆਨ ਕੀਤਾ ਗਿਆ ਹੈ। ਜਿਵੇਂ-ਜਿਵੇਂ ਕਹਾਣੀ ਅੱਗੇ ਵਧਦੀ ਹੈ, ਤਿਵੇਂ-ਤਿਵੇਂ ਦਰਸ਼ਕਾਂ ਦੀ ਦਿਲਚਸਪੀ ਫਿਲਮ ਵਿਚ ਵੱਧਦੀ ਜਾਂਦੀ ਹੈ।

ਇਸ ਫਿਲਮ ਦੇ ਸਦਾਬਹਾਰ ਸੰਗੀਤ ਨੇ ਉਸ ਜ਼ਮਾਨੇ ਵਿਚ ਬੇਹੱਦ ਮਕਬੂਲੀਅਤ ਹਾਸਲ ਕੀਤੀ ਸੀ। ਸੰਗੀਤਕਾਰ ਹੰਸਰਾਜ ਬਹਿਲ, ਕੇ.ਪੰਨਾ ਲਾਲ ਅਤੇ ਸਰਦੂਲ ਕਵਾਤਰਾ ਦੀਆ ਦਿਲਕਸ਼ ਧੁਨਾ ਨਾਲ ਸਜੇ ਕੁੱਲ 7 ਗੀਤ ਇਸ ਫਿਲਮ ਵਿਚ ਸ਼ਾਮਿਲ ਕੀਤੇ ਗਏ ਸਨ। ਇਨ੍ਹਾਂ ਗੀਤਾਂ ਦੀ ਜੇਕਰ ਗੱਲ ਕੀਤਾ ਜਾਵੇ, ਤਾਂ ਹਰ ਗੀਤ ਦੀ ਆਪਣੀ ਅਹਿਮੀਅਤ ਅਤੇ ਖ਼ੂਬਸੂਰਤੀ ਹੈ, ਜਿਸ ਨੂੰ ਇਸ ਫ਼ਿਲਮ ਵਿਚ ਖ਼ੂਬਸੂਰਤ ਮਾਲਾ ਦੇ ਮਣਕਿਆਂ ਵਾਂਗ ਇੱਕ-ਇੱਕ ਕਰਕੇ ਪਰੋਇਆ ਹੈ। ਫ਼ਿਲਮ ਦਾ ਪਹਿਲਾ ਗੀਤ ਜਿਸ ਨੂੰ ਅਦਾਕਾਰ ਬਲਰਾਜ ਸਾਹਨੀ ਅਤੇ ਅਦਾਕਾਰਾ ਨਿਸ਼ੀ ਤੇ ਫਿਲਮਾਇਆ ਗਿਆ ਸੀ, ਦੇ ਬੋਲ ਸਨ "ਓਸ ਪੰਛੀ ਨਾਲ ਕੀ ਨੇਹੁ ਲਾਉਣਾ, ਜਿਸ ਉਡ ਜਾਣਾ ਹੱਥ ਨਹੀਂ ਆਉਣਾ" ਇਸ ਸਦਾਬਹਾਰ ਗੀਤ ਨੂੰ ਗਾਇਕਾ ਲਤਾ ਮੰਗੇਸ਼ਕਰ ਨੇ ਗਾਇਆ ਸੀ। ਸਤਲੁਜ ਦਰਿਆ ਦੇ ਕੰਢੇ ਦੀ ਖ਼ੂਬਸੂਰਤ ਲੋਕੇਸ਼ਨ 'ਤੇ ਫਿਲਮਾਇਆ ਗਿਆ ਇਹ ਗੀਤ ਬੇਹੱਦ ਮਧੁਰ ਅਤੇ ਦਿਲਕਸ਼ ਹੈ।

ਫਿਲਮ ਦਾ ਦੂਜਾ ਗੀਤ ਮਾਂ ਜੋਤਾਂ ਵਾਲੀ ਦੇ ਦਰਬਾਰ ਵਿਚ ਸਤਲੁਜ ਦਰਿਆ ਦੇ ਕੰਢੇ 'ਤੇ ਬਣੇ ਇਕ ਮੰਦਿਰ ਵਿਚ ਫਿਲਮਾਈ ਗਈ ਮਾਤਾ ਰਾਣੀ ਦੀ ਇੱਕ ਭੇਟ ਹੈ, ਜਿਸ ਦੇ ਬੋਲ ਨੇ "ਮਾਂ ਜੋਤਾਂ ਵਾਲੀਏ ਮੇਰਾ ਬੇੜਾ ਬੰਨੇ ਲਾ" ਇਸ ਗੀਤ ਨੂੰ ਆਵਾਜ਼ ਦਿੱਤੀ ਹੈ ਕੇ.ਪੰਨਾ ਲਾਲ ਅਤੇ ਕੋਰਸ। ਫਿਲਮ ਦਾ ਤੀਜਾ ਗੀਤ ਮੁਹੰਮਦ ਰਫ਼ੀ ਅਤੇ ਆਸ਼ਾ ਭੌਂਸਲੇ ਦੀਆਂ ਆਵਾਜ਼ਾਂ ਵਿਚ ਗਾਇਆ ਗੀਤ ਹੈ, ਜਿਸ ਦੇ ਬੋਲ ਨੇ "ਸੁਣ ਮੇਰੇ ਮਾਹੀ ਸਿੱਖ ਦਿਲ ਪ੍ਰਚਾਉਣਾ" ਇਸ ਗੀਤ ਨੂੰ ਅਦਾਕਾਰ ਸੁਰੇਸ਼ ਅਤੇ ਨਿਸ਼ੀ ਤੇ ਪਿਕਚਰਾਈਜ਼ ਕੀਤਾ ਗਿਆ ਹੈ, ਜਿਸ ਵਿਚ ਸੁਰੇਸ਼ ਤੇ ਨਿਸ਼ੀ ਦੀਆਂ ਦਿਲਕਸ਼ ਅਦਾਵਾਂ ਨਾਲ ਦਰਸ਼ਕ ਅੱਜ ਵੀ ਮੰਤਰ ਮੁਗਧ ਹੁੰਦੇ ਹਨ। ਫਿਲਮ ਸਤਲੁਜ ਦੇ ਕੰਢੇ ਦਾ ਚੌਥਾ ਗੀਤ ਇਕ ਦਰਦ ਭਰਿਆ ਗੀਤ ਹੈ, ਜਿਸ ਦੇ ਬੋਲ ਨੇ "ਨਾ ਦਿੱਸੇ ਤੂੰ, ਨਾ ਦਿੱਸੇ ਤੇਰਾ ਪਰਛਾਵਾ" ਜਨਾਬ ਮੁਹੰਮਦ ਰਫ਼ੀ ਸਾਹਬ ਦੀ ਦਰਦ ਭਰੀ ਆਵਾਜ਼ ਵਿਚ ਅਦਾਕਾਰ ਸੁਰੇਸ਼ 'ਤੇ ਫਿਲਮਾਇਆ ਗਿਆ ਇਹ ਗੀਤ ਓਸ ਜ਼ਮਾਨੇ ਵਿਚ ਬੇਹੱਦ ਮਕਬੂਲ ਹੋਇਆ ਸੀ। ਅੱਜ ਵੀ ਇਹ ਗੀਤ ਓਨਾ ਹੀ ਮਕਬੂਲ ਹੈ ਅਤੇ ਸੰਗੀਤ ਪ੍ਰੇਮੀ ਅੱਜ ਵੀ ਇਸ ਗੀਤ ਨੂੰ ਸੁਣਨ ਦੀ ਚਾਹਤ ਰੱਖਦੇ ਹਨ।

ਫਿਲਮ ਦਾ ਪੰਜਵਾਂ ਗੀਤ ਪੰਜਾਬ ਦੀ ਮਸ਼ਹੂਰ ਲੋਕ ਗਾਇਕਾ ਪੰਜਾਬ ਦੀ ਕੋਇਲ ਦੇ ਨਾਂ ਨਾਲ ਜਾਣੀ ਜਾਂਦੀ ਮਹਾਨ ਹਸਤੀ ਸੁਰਿੰਦਰ ਕੌਰ ਅਤੇ ਕੇ.ਐੱਲ. ਅਗਨੀਹੋਤਰੀ ਦੀ ਆਵਾਜ਼ ਵਿਚ ਅਦਾਕਾਰਾ ਨਿਸ਼ੀ ਅਤੇ ਅਦਾਕਾਰ ਸਰੇਸ਼ 'ਤੇ ਫਿਲਮਾਇਆ ਗਿਆ ਗੀਤ ਹੈ, ਜਿਸ ਦੇ ਬੋਲ ਨੇ "ਜਾ ਜਾ ਗੋਲਿਆ ਢੋਲਣਾ, ਝੂਠਿਆ ਨਾਲ ਕੀ ਬੋਲਣਾ"। ਇਹ ਇਕ ਸੋਖ਼ ਅਤੇ ਚੰਚਲਤਾ ਭਰਪੂਰ ਗੀਤ ਹੈ, ਜਿਸ ਨੂੰ ਸੁਣ ਕੇ ਸਰੋਤੇ ਮੰਤਰ ਮੁਗਧ ਹੋ ਜਾਂਦੇ ਹਨ। ਫ਼ਿਲਮ ਦਾ ਛੇਵਾਂ ਗੀਤ ਇਕ ਮਜਾਹੀਆ ਗੀਤ ਹੈ, ਜਿਸ ਨੂੰ ਕਾਮੇਡੀਅਨ ਕੁੰਦਨ ਲਾਲ ਸਹਿਗਲ ਤੇ ਅਦਾਕਾਰਾ ਨਿਸ਼ੀ 'ਤੇ ਫਿਲਮਾਇਆ ਗਿਆ ਹੈ। ਇਸ ਗੀਤ ਨੂੰ ਆਵਾਜ਼ਾਂ ਦਿੱਤੀਆਂ ਨੇ ਆਪਣੇ ਜ਼ਮਾਨੇ ਦੀ ਪੰਜਾਬੀ ਦੋਗਾਣਿਆਂ ਦੀ ਹਿੱਟ ਜੋੜੀ ਆਸਾ ਸਿੰਘ ਮਸਤਾਨਾ ਤੇ ਸੁਰਿੰਦਰ ਕੌਰ ਨੇ।

ਫਿਲਮ ਦਾ ਆਖਰੀ ਗੀਤ ਜਿਸ ਨੂੰ ਅਦਾਕਾਰਾ ਨਿਸ਼ੀ ਤੇ ਉਨ੍ਹਾਂ ਦੀਆਂ ਸਹੇਲੀਆ 'ਤੇ ਫਿਲਮਾਇਆ ਗਿਆ ਇਕ ਕੋਰਸ ਗੀਤ ਹੈ, ਜਿਸ ਨੂੰ ਆਵਾਜ਼ਾਂ ਦਿੱਤੀਆਂ ਹਨ ਪੰਜਾਬੀ ਸੰਗੀਤ ਦੀਆਂ ਦੋ ਮਹਾਨ ਗਾਇਕਾਵਾਂ ਅਤੇ ਭੈਣਾਂ ਦੀ ਜੋੜੀ ਸੁਰਿੰਦਰ ਕੌਰ ਅਤੇ ਪ੍ਰਕਾਸ਼ ਕੌਰ ਨੇ, ਜਿਨ੍ਹਾਂ ਦੇ ਗਾਏ ਹੋਏ ਲੋਕ ਗੀਤ ਅੱਜ ਵੀ ਵਿਆਹ ਸ਼ਾਦੀਆਂ ਵਾਲੇ ਘਰਾਂ ਵਿਚ ਗੂੰਜਦੇ ਹਨ। ਇਸ ਗੀਤ ਦੇ ਬੋਲ ਨੇ "ਕਾਲੇ ਰੰਗ ਦਾ ਪਰਾਂਦਾ ਮੇਰੇ ਸੱਜਣਾ ਨੇ ਆਂਦਾ, ਨੀਂ ਮੈਂ ਚੁੰਮ-ਚੁੰਮ ਰੱਖਦੀ ਫਿਰਾਂ"। ਫਿਲਮ ਸਤਲੁਜ ਦੇ ਕੰਢੇ ਦੇ ਸਾਰੇ ਗੀਤ ਇਕ ਤੋਂ ਵੱਧ ਕੇ ਇੱਕ ਹਿੱਟ ਗੀਤ ਹਨ, ਜਿਨ੍ਹਾਂ ਨੇ ਫਿਲਮ ਦੀ ਖ਼ੂਬਸੂਰਤੀ ਨੂੰ ਚਾਰ ਚੰਦ ਲਾਏ। ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗਾ ਕਿ ਫਿਲਮ ਦਾ ਸੰਗੀਤ ਫਿਲਮ ਦੀ ਰੂਹ ਹੈ।

ਫਿਲਮ ਦੇ ਸੱਤ ਗੀਤਾਂ ਵਿਚੋਂ ਦੋ ਗੀਤ ਐਸੇ ਨੇ, ਜੋ ਅੱਜ ਸਾਨੂੰ ਕਿਤੇ ਵੀ ਸੁਣਨ ਨੂੰ ਨਹੀਂ ਮਿਲਦੇ। ਇਹ ਦੁਰਲੱਭ ਗੀਤ ਹਨ "ਮਾਂ ਜੋਤਾਂ ਵਾਲੀਏ ਮੇਰਾ ਬੇੜਾ ਬੰਨੇ ਲਾ" ਅਤੇ "ਕਾਲਾ ਨੀ ਪਰਾਂਦਾ ਮੇਰੇ ਸੱਜਣਾਂ ਨੇ ਆਂਦਾ"। ਇਹ ਗੀਤ ਸਿਰਫ ਸਾਨੂੰ ਪੁਰਾਣੇ ਗੀਤਾਂ ਦਾ ਖਜ਼ਾਨਾ ਸੰਭਾਲੀ ਬੈਠੇ ਸੰਗੀਤ ਦੇ ਪੁਰਾਣੇ ਰਿਕਾਰਡ ਇਕੱਠੇ ਕਰਨ ਵਾਲੇ ਕੁਝ ਸੰਗੀਤ ਪ੍ਰੇਮੀਆ ਕੋਲ ਹੀ ਮਿਲਦੇ ਹਨ, ਹੋਰ ਕਿਧਰੇ ਨਹੀਂ।


ਖ਼ੂਬਸੂਰਤ ਅਦਾਕਾਰੀ, ਬੇਹਤਰੀਨ ਕਹਾਣੀ, ਹਿੱਟ ਗੀਤ-ਸੰਗੀਤ ਨਾਲ ਸ਼ਿੰਗਾਰੀ ਅਤੇ ਵਧੀਆ ਲੋਕੇਸ਼ਨਾਂ 'ਤੇ ਫਿਲਮਾਈ ਗਈ ਫਿਲਮ ਸਤਲੁਜ ਦੇ ਕੰਢੇ ਪੰਜਾਬੀ ਦੀ ਇਕ ਕਲਾਸਿਕ ਫਿਲਮ ਹੈ।


ਕੁਲਵਿੰਦਰ ਸਿੰਘ ਬਾਠ
ਕੈਲੀਫ਼ੋਰਨੀਆ, ਯੂ.ਐੱਸ.ਏ.
209-600-2897
ਪੰਜਾਬ ਮੇਲ USA



# ਕੰਜ-ਕੁਆਰੀ ਧਰਤੀ ...

## ਧਰਤੀ ਉਤਲੇ ਸੁਰਗ-ਨਰਕ ਦਾ ਖ਼ੂਬਸੂਰਤ ਬਿਰਤਾਂਤ ! !




ਮਨੁੱਖ ਸੌਂਦਿਆਂ-ਜਾਗਦਿਆਂ ਸੁਪਨੇ ਲੈਂਦਾ ਰਹਿੰਦਾ ਹੈ ਅਤੇ ਲੈਂਦਾ ਵੀ ਰਹੇਗਾ...

ਮੁੱਢ ਕਦੀਮ ਤੋਂ ਹੀ ਉਸ ਦੀ ਜਿਗਿਆਸੂ ਅਤੇ ਸੁਭਾਵਿਕ ਰੁਚੀ ਉਸ ਨੂੰ ਨਵੀਆਂ ਰਾਹਾਂ ਅਤੇ ਨਵੀਆਂ ਥਾਹਾਂ ਵੱਲ ਖਿੱਚ ਕੇ ਲੈ ਤੁਰਦੀ ਹੈ। ਕਦੇ-ਕਦਾਈਂ ਉਹ ਇੰਨ੍ਹਾਂ 'ਘੁਮੱਕੜਨਾਮਿਆਂ' ਦੇ ਪਲਾਂ ਦੌਰਾਨ ਉਤਪੰਨ ਹੋਏ ਮਨ ਦੇ ਅਹਿਸਾਸ, ਅਨੁਭਵ, ਵਲਵਲੇ, ਖ਼ਿਆਲ, ਗੱਲਾਂ-ਬਾਤਾਂ, ਤਜ਼ਰਬਿਆਂ ਅਤੇ ਯਾਦਾਂ ਨੂੰ ਦੂਸਰੇ ਲੋਕਾਂ ਨਾਲ਼ ਕਲਾਤਮਿਕ ਢੰਗ ਨਾਲ਼ ਸਾਂਝਿਆਂ ਵੀ ਕਰਨਾ ਚਾਹੁੰਦਾ ਹੈ, ਤਾਂ ਕਿ ਪੜ੍ਹਨ ਵਾਲੇ ਉਸ ਦੀਆਂ ਨਜ਼ਰਾਂ ਅਤੇ ਮਨ ਦੇ ਕੈਮਰੇ ਰਾਹੀਂ ਉਸ ਸਫ਼ਰ ਨੂੰ ਦੇਖ, ਸਮਝ, ਮਹਿਸੂਸ ਅਤੇ ਮਾਣ ਸਕਣ। ਉਸ ਦੀ ਸਿਰਜਣਾ ਤੋਂ ਕੁਝ ਜਾਣ ਸਕਣ, ਕੁਝ ਸਿੱਖ ਸਕਣ ਅਤੇ ਪ੍ਰੇਰਨਾ ਵੀ ਲੈ ਸਕਣ...। ਮੈਨੂੰ ਇੰਜ ਲੱਗਦਾ ਹੈ ਕਿ ਬਲਦੇਵ ਸਿੰਘ ਧਾਲੀਵਾਲ ਨੇ ਵੀ "ਕੰਜ-ਕੁਆਰੀ ਧਰਤੀ" (ਪੁਡੂਚੇਰੀ ਅਤੇ ਅੰਡੇਮਾਨ ਟਾਪੂਆਂ ਸਫ਼ਰ) ਸਫ਼ਰਨਾਮਾ ਪੁਸਤਕ ਲਿਖਣ ਤੋਂ ਪਹਿਲਾਂ ਜਾਂ ਫਿਰ ਲਿਖਦਿਆਂ ਹੋਇਆਂ ਕੁਝ ਇੰਜ ਹੀ ਸੋਚਿਆ ਤੇ ਵਿਚਾਰਿਆ ਹੋਵੇਗਾ!

'ਭਾਸ਼ਾ ਵਿਭਾਗ ਪੰਜਾਬ' ਨੇ ਬਲਦੇਵ ਧਾਲੀਵਾਲ ਦੇ ਇਸ ਵਿਲੱਖਣ ਸਫ਼ਰਨਾਮੇ ਨੂੰ ਸਰਵੋਤਮ ਸਫ਼ਰਨਾਮਾ ਪੁਸਤਕ ਦੇ ਮਾਣ-ਸਨਮਾਨ ਨਾਲ਼ ਨਿਵਾਜਿਆ ਹੈ। 'ਲੋਕ ਮੰਚ ਪੰਜਾਬ' ਵੱਲੋਂ ਵੀ ਇਸ ਸਫ਼ਰਨਾਮੇ ਨੂੰ 'ਆਪਣੀ ਅਵਾਜ਼ ਪੁਰਸਕਾਰ' ਦਿੰਦਿਆਂ ਬਲਦੇਵ ਧਾਲੀਵਾਲ ਦਾ ਸਾਹਿਤਕ ਕੱਦ ਵਧਾਇਆ। ਸਾਹਿਤਕ ਖੇਤਰ ਦੀਆਂ ਕਈ ਨਾਮਵਰ ਸ਼ਖ਼ਸੀਅਤਾਂ ਨੇ ਵੀ ਧਾਲੀਵਾਲ ਦੀ ਇਸ ਸਿਰਜਣਾ ਨੂੰ ਸਲਾਹਿਆ ਹੈ।

ਦੋਸਤੋ, ਸਫ਼ਰ ਭਾਵੇਂ ਜ਼ਿੰਦਗੀ ਦਾ ਹੋਵੇ ਜਾਂ ਫਿਰ ਕਿਸੇ ਭੂਗੋਲਿਕ ਖ਼ਿੱਤੇ ਦਾ ਹੋਵੇ, ਪਰ ਇਸ ਦੇ ਬਿਰਤਾਂਤ ਨੂੰ ਸੰਭਾਲਣਾ, ਕਿਸੇ ਨਾ ਕਿਸੇ ਰੂਪ ਵਿਚ ਸਾਂਝਾ ਕਰਨਾ ਅਤੇ ਇਸ ਨੂੰ ਜਾਨਣ-ਮਾਨਣ ਵਾਲਿਆਂ ਦੀ ਰੂਹ ਤੱਕ ਪਹੁੰਚਾਉਣਾ ਇੱਕ ਅਤਿ ਕਠਿਨ ਅਤੇ ਜ਼ੋਖ਼ਮ ਭਰਿਆ ਕਾਰਜ ਹੁੰਦਾ ਹੈ। ਸ਼ਾਇਦ ਇਸ ਕਰਕੇ ਹੀ ਕੁਝ ਸਫ਼ਰਨਾਮੇ ਸਫ਼ਰ ਦਾ ਚੰਗਾ-ਭਲਾ ਬਿਰਤਾਂਤ ਹੁੰਦਿਆਂ ਹੋਇਆਂ ਵੀ ਸਫ਼ਰਨਾਮੇ ਨਹੀਂ 'ਮਹਿਸੂਸ' ਹੁੰਦੇ। ਸਫ਼ਰ ਦੇ ਦੋ ਬਿੰਦੂਆਂ ਵਿਚਕਾਰ ਨੱਸ-ਭੱਜ ਜਾਂ ਵਾ-ਵਰੋਲੇ ਜਿਹੇ ਮਹਿਸੂਸ ਹੁੰਦੇ ਹਨ। ਪੜ੍ਹਨ-ਜਾਨਣ ਵਾਲਾ ਖ਼ੁਦ ਨੂੰ ਘੁੰਮਣ-ਘੇਰੀਆਂ ਦੇ ਘੁਮੇਟਿਆਂ ਨਾਲ ਚਕਰਾਇਆ ਮਹਿਸੂਸ ਕਰਦਾ ਹੈ।

ਸੌਂਦਿਆਂ-ਜਾਗਦਿਆਂ ਅਤੇ ਖੁੱਲ੍ਹੀਆਂ-ਬੰਦ ਅੱਖੀਆਂ ਦੇ ਝਰੋਖਿਆਂ ਵਿਚੋਂ ਰੰਗ-ਬਰੰਗੇ ਸੁਪਨਿਆਂ ਦਾ ਫੁੱਟਣਾ, ਸਫ਼ਰਾਂ 'ਤੇ ਨਿਕਲਣ ਦਾ ਸ਼ੌਕ, ਢੁੱਕਵਾਂ ਵਕਤ, ਉੱਦਮ, ਜਨੂਨ, ਜੋਸ਼, ਚੰਗੀ ਸਿਹਤ, ਕੁਝ ਨਵਾਂ ਖੋਜਣ ਅਤੇ ਸਿੱਖਣ ਦੀ ਪ੍ਰਬਲ ਇੱਛਾ, ਸੁੰਦਰ ਤੇ ਖ਼ੂਬਸੂਰਤ ਬਿਰਤੀ, ਪੈਸੇ ਧੇਲੇ ਦਾ ਜੁਗਾੜ, ਨਿਰੰਤਰ ਚਲਦੇ ਰਹਿਣ ਦੀ ਚਾਹਤ ਅਤੇ ਸਫ਼ਰ ਦੇ ਬਿਰਤਾਂਤ ਨੂੰ ਦੂਸਰਿਆਂ ਨਾਲ ਸਾਂਝਿਆਂ ਕਰਨ ਦੀ ਇੱਛਾ ਵਗੈਰਾ ਨੂੰ ਕਿਸੇ ਵੀ ਚੰਗੇ ਸਫ਼ਰਨਾਮੇ ਦੀ ਅਤਿ ਜ਼ਰੂਰੀ ਸਮੱਗਰੀ ਵਿਚ ਗਿਣਿਆ ਗਿਆ ਹੈ। ਸਫ਼ਰ ਦੇ ਸ਼ੁਰੂ ਹੋਣ ਤੋਂ ਪਹਿਲਾਂ, ਸਫ਼ਰ ਦੇ ਦੌਰਾਨ ਅਤੇ ਸਫ਼ਰ ਦੇ ਖ਼ਤਮ ਹੋਣ ਤੋਂ ਬਾਅਦ ਦੀ ਖੋਜ ਪੜਤਾਲ ਵੀ ਸਫ਼ਰਨਾਮੇ ਦਾ ਹਿੱਸਾ ਬਣ ਜਾਂਦੀ ਹੈ। ਸਮੱਸਿਆ ਇਹ ਵੀ ਹੈ ਕਿ ਐਨੀ ਲੰਮੀ-ਚੌੜੀ ਸਮੱਗਰੀ ਤਾਂ ਕਿਸੇ ਵਿਰਲਿਆਂ 'ਚੋਂ ਵਿਰਲੇ ਮੁਸਾਫ਼ਰ ਦੇ ਬੋਝੇ ਹੀ ਹੁੰਦੀ ਹੈ!

**ਬਲਦੇਵ ਧਾਲੀਵਾਲ ਅਤੇ ਉਸ ਦਾ 'ਸਾਹਿਤਕ-ਸਫ਼ਰਨਾਮਾ'...**

ਅਕਾਦਮਿਕ ਅਤੇ ਸਾਹਿਤਕ ਖ਼ੇਤਰ ਵਿਚ ਬਲਦੇਵ ਸਿੰਘ ਧਾਲੀਵਾਲ ਨਿਰਸੰਦੇਹ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਉਸ ਦੇ 'ਸਾਹਿਤਕ-ਸਫ਼ਰਨਾਮੇ' ਦੀ ਹੀ ਗੱਲ ਕਰੀਏ, ਤਾਂ 44 ਕੁ ਵਰ੍ਹੇ ਪਹਿਲਾਂ ਸ਼ੁਰੂ ਹੋਇਆ ਲੰਮਾ ਸਫ਼ਰ ਕਵਿਤਾ, ਕਹਾਣੀ, ਆਲੋਚਨਾ ਅਤੇ ਸੰਪਾਦਨਾਂ ਦੀਆਂ ਪੈੜਾਂ ਪਾਉਂਦਿਆਂ 44 ਕੁ ਪੁਸਤਕਾਂ ਨਾਲ਼ ਪੰਜਾਬੀ ਸਾਹਿਤ ਵਿਚ ਮਹੱਤਵਪੂਰਨ ਯੋਗਦਾਨ ਪਾ ਚੁੱਕਾ ਹੈ।

ਉਹਦੀ ਹੁਣ ਤੱਕ ਦੀ ਵਿਸ਼ਾਲ ਲੇਖਣੀ ਦੀ ਵੰਨ-ਸੁਵੰਨਤਾ ਉੱਪਰ ਸਰਸਰੀ ਨਜ਼ਰ ਮਾਰਦਿਆਂ ਉਸ ਦੀ ਬਹੁ-ਵਿਧਾਵੀ ਲੇਖਣੀ ਅਤੇ ਨਿਰੰਤਰ ਸਿਰਜਾਣਤਮਿਕ ਪ੍ਰਕਿਰਿਆ ਦਾ ਅੰਦਾਜ਼ਾ ਲੱਗ ਜਾਂਦਾ ਹੈ। ਅਕਾਦਮਿਕ ਅਤੇ ਸਾਹਿਤਕ ਖੇਤਰ ਵਿਚ ਬੁਲੰਦੀਆਂ ਨੂੰ ਸਰ ਕਰਦਿਆਂ ਵੀ ਉਸ ਦਾ ਨਿਮਰ ਅਤੇ ਆਮ ਇਨਸਾਨ ਵਾਂਗ ਵਿਚਰਨਾ ਉਸ ਦੀ ਰੂਹ ਦੀ ਸੰਤੁਸ਼ਟੀ ਅਤੇ ਨਿੱਗਰ ਸੰਸਕਾਰਾਂ ਦਾ ਪ੍ਰਗਟਾਵਾ ਕਰਦਾ ਹੈ।

**'ਕੰਜ-ਕੁਆਰੀ ਧਰਤੀ' ਪੁਡੂਚੇਰੀ ਅਤੇ ਅੰਡੇਮਾਨ ਟਾਪੂਆਂ ਦਾ ਸਫ਼ਰ...**

ਬਲਦੇਵ ਸਿੰਘ ਧਾਲੀਵਾਲ ਦੇ ਇਸ ਹੁਸੀਨ ਪੈਂਡਿਆਂ ਵਿਚ 'ਦੇਸ-ਪਰਦੇਸ', 'ਔਰਤ-ਮਰਦ', 'ਚੜ੍ਹਦੀ-ਸਵੇਰ', ਅਤੇ 'ਢਲਦੀ-ਦੁਪਹਿਰ' ਵਰਗੇ ਪਾਂਧੀਆਂ ਦਾ ਖ਼ੂਬਸੂਰਤ ਸੰਗਮ ਮਹਿਸੂਸ ਹੁੰਦਾ ਹੈ। ਜ਼ਿੰਦਗੀ ਦੇ ਹਰ ਇੱਕ ਰੰਗ-ਰੂਪ ਦਾ ਆਪਣਾ ਜੋਸ਼, ਯੋਗਦਾਨ ਅਤੇ ਮਹੱਤਵ..।

ਇਸ ਖ਼ੂਬਸੂਰਤ ਸਫ਼ਰ ਦੇ ਬਿਰਤਾਂਤ ਨੂੰ ਪੜ੍ਹਦਿਆਂ ਅਤੇ ਮਾਣਦਿਆਂ ਮੈਨੂੰ ਖ਼ੁਦ ਨੂੰ ਇੰਜ ਮਹਿਸੂਸ ਹੋਇਆ, ਜਿਵੇਂ ਮੈਂ ਵੀ ਬਲਦੇਵ ਸਿਹੁੰ ਦੇ ਮੋਢਿਆਂ 'ਤੇ ਬੈਠ ਕੇ ਰੂੰਗੇ ਵਿਚ ਹੀ ਏਧਰ ਦਾ ਭਲਵਾਨੀ ਗੇੜਾ ਮਾਰ ਆਇਆ ਹੋਵਾਂ।

ਪੰਜਾਬੀ ਯੂਨੀਵਰਸਿਟੀ ਦੇ ਰਿਟਾਇਰਡ ਪ੍ਰੋਫੈਸਰ/ ਡੀਨ ਅਤੇ ਸਾਹਿਤ/ ਭਾਸ਼ਾ ਵਿਚ 'ਡਾਕਟਰੀ ਪਾਸ' ਬਲਦੇਵ ਧਾਲੀਵਾਲ ਨੇ ਇਸ ਸਫ਼ਰਨਾਮੇ ਵਿਚ ਰਵਾਇਤੀ, ਕਠਿਨ, ਅਕਾਦਮਿਕ/ ਕਿਤਾਬੀ ਤੇ ਭਾਰੀ-ਭਰਕਮ ਸ਼ਬਦਾਵਲੀ ਤੋਂ ਪਾਸਾ ਵੱਟਦਿਆਂ ਬਹੁਤ ਹੀ ਸਰਲ, ਮਿੱਠੀ, ਦਿਲਚਸਪ ਅਤੇ ਪ੍ਰਭਾਵਸ਼ਾਲੀ ਸ਼ਬਦਾਵਲੀ ਤੇ ਸ਼ੈਲੀ ਨੂੰ ਹੀ ਤਰਜੀਹ ਦਿੱਤੀ ਹੈ। ਉਸ ਦੇ ਖ਼ੁਦ ਦੇ ਜੀਵਨ ਦੀਆਂ ਨਿੱਜੀ ਛੋਹਾਂ ਏਸ ਸਫ਼ਰਨਾਮੇ ਨੂੰ ਹੋਰ ਵੀ ਪ੍ਰਭਾਵਸ਼ਾਲੀ ਬਣਾ ਗਈਆਂ। ਪਾਠਕ ਦੀ ਸੁਹਜ-ਭੁੱਖ ਦੀ ਤ੍ਰਿਪਤੀ ਵੀ ਕਰ ਗਈਆਂ। ਸਫ਼ਰਨਾਮੇ ਨੂੰ ਗਿਆਨ ਅਤੇ ਸਾਹਿਤ ਦੇ ਸੋਮਾ ਗਿਣਿਆ ਜਾਂਦਾ ਹੈ। ਇਸ ਹਿਸਾਬ ਨਾਲ ਮੈਨੂੰ ਇਹ ਸਫ਼ਰਨਾਮਾ ਇੱਕ ਸੰਤੁਲਤ ਬਿਰਤਾਂਤ ਅਤੇ ਖੋਜ ਭਰਪੂਰ ਦਸਤਾਵੇਜ਼ ਵੀ ਜਾਪਿਆ।

ਲੇਖਕ ਨੇ ਇਸ ਖੇਤਰ ਦੇ ਭੂਗੋਲਿਕ, ਇਤਿਹਾਸਿਕ, ਰਾਜਨੀਤਿਕ, ਸੱਭਿਆਚਾਰਿਕ, ਅਤੇ ਆਰਥਿਕ ਪੱਖਾਂ ਨੂੰ ਆਪਣੇ 'ਤ੍ਰੈ-ਨੇਤਰਾਂ' ਦੀ ਪਾਰਖੂ ਅਤੇ ਤੁਲਨਾਤਮਿਕ ਬਿਰਤੀ ਨਾਲ ਪੜ੍ਹਿਆ, ਵਾਚਿਆ, ਜਾਣਿਆ, ਮਾਣਿਆ ਅਤੇ ਫੇਰ ਇਸ ਬਹੁ-ਪੱਖੀ ਜਾਣਕਾਰੀ ਨੂੰ ਪਾਠਕਾਂ ਨਾਲ਼ ਸਾਂਝਿਆਂ ਕਰ ਦਿੱਤਾ। ਸਫ਼ਰਨਾਮੇ ਦਾ ਰੰਗ-ਰੂਪ, ਕਥਾ-ਰਸ, ਵੰਨ-ਸੁਵੰਨਤਾ ਅਤੇ ਸ਼ੈਲੀ ਪਾਠਕ ਨੂੰ ਆਪਣੇ ਨਾਲ਼ ਤੋਰੀ ਰੱਖਦੀ ਹੈ। ਬਲਦੇਵ ਧਾਲੀਵਾਲ ਨੇ ਸਫ਼ਰ ਦੇ ਦੌਰਾਨ ਅਤੇ ਸਫ਼ਰ ਦੇ ਬਿਰਤਾਂਤ ਨੂੰ ਸਿਰਜਦਿਆਂ ਆਪਣੇ 'ਤੀਸਰੇ ਨੇਤਰ' ਨੂੰ ਖੁੱਲ੍ਹਾ ਰੱਖਿਆ। ਢੁੱਕਵੇਂ ਅਖਾਣਾਂ-ਮੁਹਾਵਰਿਆਂ ਦੇ ਰਮਣੀਕ ਝੂਟੇ ਸਫ਼ਰਨਾਮੇ ਦੇ ਰੰਗ-ਰਸ ਨੂੰ ਚਾਰ ਚੰਨ ਲਗਾਉਂਦੇ ਹਨ ਅਤੇ ਬੋਲਣ ਵੀ ਲਾਉਂਦੇ ਹਨ!

ਬਲਦੇਵ ਧਾਲੀਵਾਲ ਜਿੱਧਰ ਦੀ ਵੀ ਲੰਘਦਾ ਹੋਇਆ ਪੈੜਾਂ ਪਾਉਂਦਾ ਜਾਂਦਾ ਹੈ, ਉਹ ਉੱਥੋਂ ਦੀ ਖ਼ੂਬਸੂਰਤੀ, ਚੰਗੀਆਂ-ਮਾੜੀਆਂ ਗੱਲਾਂ, ਬਾਸ਼ਿੰਦਿਆਂ ਦੇ ਜੀਵਨ ਤੇ ਸੰਘਰਸ਼ ਅਤੇ ਜ਼ਿੰਦਗੀ ਦੇ ਤੌਰ ਤਰੀਕਿਆਂ ਦੀ 'ਦੂਰਬੀਨੀ ਤੇ ਖ਼ੁਰਦਬੀਨੀ' ਖੋਜ ਕਰਦਿਆਂ, ਪਰਤਾਂ ਨੂੰ ਫਰੋਲਦਿਆਂ, ਤੱਥਾਂ ਸਮੇਤ ਬਿਰਤਾਂਤ ਸਿਰਜਦਾ ਜਾਂਦਾ ਹੈ। ਇਲਾਕੇ ਦੇ ਪ੍ਰਭਾਵਸ਼ਾਲੀ ਵਿਅਕਤੀਆਂ ਦੁਆਰਾ ਵਿੰਨ੍ਹੀਆਂ ਮੁਹਿੰਮਾਂ ਦਾ ਸੁੰਦਰ ਵਰਨਣ ਕਰਨ ਤੋਂ ਵੀ ਨਹੀਂ ਖੁੰਝਦਾ। ਕੰਜ-ਕੁਆਰੀ ਧਰਤੀ ਉੱਪਰ ਪੰਜਾਬੀਆਂ ਦੇ ਪੁਰਖਿਆਂ ਦੀ ਗੱਡੀਆਂ ਮੋਹੜ੍ਹੀਆਂ ਨੂੰ ਵੀ ਪਾਠਕਾਂ ਨਾਲ਼ ਸਾਂਝਿਆਂ ਕਰਦਾ ਹੈ।

'ਕਾਲੇ ਪਾਣੀਆਂ' ਦੇ ਦਿਲ-ਕੰਬਾਊ ਨਾਂਅ ਨਾਲ ਜਾਣੀ ਜਾਂਦੀ ਇਸ ਭੋਇੰ ਦੀ ਤ੍ਰਾਸਦੀ, ਵਕਤੀ ਹੁਕਮਰਾਨਾਂ ਦੇ ਹੈਵਾਨੀਅਤ ਭਰੇ ਕਾਰਨਾਮਿਆਂ ਅਤੇ ਮਨੁੱਖੀ ਆਜ਼ਾਦੀ ਦੇ ਪ੍ਰਵਾਨਿਆਂ ਦੀ ਦਾਸਤਾਨ ਨੂੰ ਪਾਠਕਾਂ ਸਾਹਵੇਂ ਕਰਦਾ ਹੈ।

ਸਫ਼ਰਨਾਮੇ ਦੀ ਸ਼ੁਰੂਆਤ ਹੀ ਬੜੇ ਦਿਲਚਸਪ ਬਿਰਤਾਂਤ 'ਚੱਲੇ ਕਰਨ ਮੁਸਾਫ਼ਰੀ' ਨਾਲ਼ ਕੀਤੀ ਹੈ। ਅੰਡੇਮਾਨ ਨਿਕੋਬਾਰ ਦੇ ਟਾਪੂਆਂ ਦੀ ਸੈਰ ਵਿਚ ਦੱਖਣੀ ਭਾਰਤ ਦਾ 'ਸੁਆਦ' ਚੱਖਣ ਵਾਸਤੇ ਪੁਡੂਚੇਰੀ ਨੂੰ ਵੀ ਜੋੜ ਲਿਆ ਜਾਂਦਾ ਹੈ। ਲੇਖਕ ਦੇ ਸ਼ਹਿਰ ਪਟਿਆਲੇ ਤੋਂ ਦਿੱਲੀ ਅਤੇ ਦਿੱਲੀ ਤੋਂ ਚੇਨੱਈ ਤੀਕਰ ਦੇ ਸਫ਼ਰ ਦਾ ਖ਼ੂਬਸੂਰਤ ਵਰਨਣ ਹੈ।

ਦਿੱਲੀ ਏਅਰਪੋਰਟ ਦੇ ਸਕਿਊਰਿਟੀ ਚੈੱਕ ਦੌਰਾਨ ਲੇਖਕ ਦੀ ਜੀਵਨ ਸਾਥਣ ਦੇ ਪਰਸ ਵਿਚੋਂ ਨਿਕਲੀ 'ਨਾਲੇ-ਪਾਉਣੀ' ਦੀ 'ਹੋਣੀ-ਅਣਹੋਣੀ' ਪਾਠਕ ਨੂੰ 'ਧੁਰ ਅੰਦਰੋਂ' ਹਸਾਉਂਦੀ ਹੈ। ਨਾਲ਼ੇ-ਪਾਉਣੀ ਨਾਲੇ ਪਾਉਣ ਦੀ ਬਜਾਏ ਹੋਰ ਈ ਭੰਬਲ਼ਭੂਸਾ ਪਾਉਂਦੀ-ਪਾਉਂਦੀ ਰਹਿ ਗਈ!

ਏਅਰਪੋਰਟ ਉੱਪਰ ਟੈਕਸੀ ਵਾਲਿਆਂ ਵੱਲੋਂ ਮੁਸਾਫ਼ਰਾਂ ਦੀ ਹੁੰਦੀ ਲੁੱਟ-ਖਸੁੱਟ ਅਤੇ ਲਗਦਾ ਦਾਅ ਲਾਉਣ ਦਾ ਸੁੰਦਰ ਵਰਨਣ ਕੀਤਾ ਹੈ। ਚੇਨੱਈ ਤੋਂ ਪੁਡੂਚੇਰੀ ਤੱਕ ਦੇ ਟੈਕਸੀ ਸਫ਼ਰ ਨੂੰ ਲੇਖਕ ਨੇ ਕਲਾਤਮਿਕ ਅਤੇ ਢੁਕਵੇਂ ਸ਼ਬਦਾਂ ਵਿਚ ਕਲਮਬੱਧ ਕੀਤਾ ਹੈ।

ਪੁਡੂਚੇਰੀ ਸ਼ਹਿਰ ਦੇ ਰਿਜ਼ੋਰਟ 'ਲੇ ਪੌਂਡੀ' ਦੀ ਸਿਫ਼ਤ ਵਿਚ ਲੇਖਕ ਲਿਖਦਾ ਹੈ,...

"ਰਿਜ਼ੋਰਟ ਲੇ ਪੌਂਡੀ ਦੇ ਜਲਵਿਆਂ ਦਾ ਕੋਈ ਅੰਤ ਨਹੀਂ ਸੀ, ਹਰੇਕ ਰੰਗ ਇੱਕ ਤੋਂ ਵੱਧ ਇੱਕ ਸੀ। ਆਮ ਤੌਰ 'ਤੇ ਟੂਰਿਸਟ ਬਾਹਰ ਘੁੰਮਦੇ-ਘੁੰਮਾਉਂਦੇ ਹਨ ਅਤੇ ਹੋਟਲ ਸਿਰਫ਼ ਰਾਤ ਕੱਟਣ ਲਈ ਲੈਂਦੇ ਹਨ ਪਰ ਸਾਡਾ ਏਜੰਡਾ ਕੁਝ ਹੋਰ ਸੀ। ਅਸੀਂ ਇਸ ਤਰ੍ਹਾਂ ਦੇ ਰਿਜ਼ੋਰਟ 'ਚ ਬਿਤਾਏ ਖ਼ੂਬਸੂਰਤ ਪਲਾਂ ਨੂੰ ਵੀ ਟੂਰ ਦਾ ਅੰਗ ਬਣਾ ਕੇ ਮਾਣ ਰਹੇ ਸਾਂ।"

ਯੋਜਨਾ ਮੁਤਾਬਕ ਦੱਖਣੀ ਭਾਰਤ ਦਾ ਮਜ਼ਾ ਚੱਖਣ ਵਾਸਤੇ ਪੁਡੂਚੇਰੀ ਪਹੁੰਚੀ ਲੇਖਕ ਦੀ ਟੀਮ ਵਕਤ ਦੀ ਦੌੜ ਰਹੀ ਸੂਈ ਨਾਲ ਦੌੜ ਲਾਉਂਦਿਆਂ ਪਲ-ਪਲ ਦੇ ਹਰੇਕ ਪਲ ਦਾ ਵੱਧ ਤੋਂ ਵੱਧ ਲਾਹਾ ਲੈਣਾ ਚਾਹੁੰਦੇ ਸਨ। ਸਫ਼ਰ ਦੌਰਾਨ ਇੱਧਰ-ਉੱਧਰ ਜਾਂਦਿਆਂ ਵੀ ਲੇਖਕ ਅਤੇ ਉਸ ਦੀ ਟੀਮ ਦੇ ਮੈਂਬਰ ਇਨ੍ਹਾਂ ਹੁਸੀਨ ਪਲਾਂ ਨੂੰ ਯਾਦਾਂ ਦੇ ਕੈਮਰਿਆਂ ਵਿਚ ਕੈਦ ਕਰੀ ਜਾਂਦੇ ਸਨ।

ਇਸ ਸਫ਼ਰਨਾਮੇ ਵਿਚ 'ਸ੍ਰੀ ਅਰਬਿੰਦੂ ਆਸ਼ਰਮ', 'ਔਰਵਿਲ (City of Dawn)', 'ਗਣੇਸ਼ ਮੰਦਿਰ', ਅਤੇ 'ਮਹਾਂਬਲੀਪੁਰਮ' ਦਾ ਕਲਾਤਮਿਕ ਅਤੇ ਖ਼ੂਬਸੂਰਤ ਬਿਰਤਾਂਤ ਹੈ।

'ਸ੍ਰੀ ਅਰਬਿੰਦੂ ਘੋਸ਼' ਨੂੰ ਇੱਕ ਦਾਰਸ਼ਨਿਕ ਹੋਣ ਦੇ ਨਾਲ਼-ਨਾਲ਼ ਯੋਗ ਗੁਰੂ, ਸੁਤੰਤਰਤਾ ਸੰਗਰਾਮੀ, ਮਹਾਂਕਵੀ ਅਤੇ ਐਡੀਟਰ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਉਸ ਦੇ ਨਾਮ 'ਤੇ ਬਣੇ 'ਸ੍ਰੀ ਅਰਬਿੰਦੂ ਆਸ਼ਰਮ' ਦੇ ਦਰਸ਼ਨ ਦੀਦਾਰ ਲੇਖਕ ਨੂੰ ਮਨ ਦੀ ਮੁਰਾਦ ਪੂਰੀ ਹੋਣ ਵਾਂਗਰ ਜਾਪਦੇ ਹਨ। ਉਸ ਦਾ ਚੁੱਪ ਮਨ ਸ਼ੋਰ ਪਾ ਰਿਹਾ ਹੈ, ਜਿਸ ਦਾ ਇਜ਼ਹਾਰ ਉਸ ਨੇ ਇੰਜ ਕੀਤਾ,... "ਸ੍ਰੀ ਅਰਬਿੰਦੂ ਆਸ਼ਰਮ ਨੂੰ ਵੇਖਦਿਆਂ ਪਤਾ ਨਹੀਂ, ਕੀ-ਕੀ ਮੇਰੇ ਅੰਦਰ ਜਾਗਦਾ ਰਿਹਾ, ਜਿਵੇਂ ਮੈਂ ਸੁਪਨੇ ਵਿਚ ਪਿਛਲੇ ਯੁਗਾਂ ਵਿਚ ਜਿਉਂ ਰਿਹਾ ਹੋਵਾਂ।"

ਤਕਰੀਬਨ ਵੀਹ ਕੁ ਏਕੜ ਵਿਚ ਫੈਲੇ ਹੋਏ ਵਿਲੱਖਣ ਸ਼ਹਿਰ 'ਔਰਵਿਲ', ਜਿਸ ਨੂੰ 'ਐਕਸਪੈਰੀਮੈਂਟਲ ਟਾਉਨ' ਦੇ ਨਾਮ ਨਾਲ਼ ਵੀ ਜਾਣਿਆ ਜਾਂਦਾ ਹੈ, ਦਾ ਵੀ ਵਿਸ਼ੇਸ਼ ਬਿਰਤਾਂਤ ਸਿਰਜਿਆ ਹੈ, ਖੋਜੀ ਬਿਰਤੀ ਵਾਲੇ ਬਲਦੇਵ ਧਾਲੀਵਾਲ ਨੇ।

ਅਜੋਕੇ ਸਮਿਆਂ ਵਿਚ ਅੰਡੇਮਾਨ ਅਤੇ ਨਿਕੋਬਾਰ ਦੀਪ ਸਮੂਹ ਵਿਚਲੇ ਇਲਾਕੇ 'ਪੋਰਟ ਬਲੇਅਰ' ਨੂੰ ਭਾਵੇਂ ਧਰਤੀ 'ਤੇ ਸੁਰਗ ਦੇ ਨਾਮ ਨਾਲ਼ ਜਾਣਿਆ ਜਾਂਦਾ ਹੈ, ਪਰ ਇਹੀ ਪੋਰਟ ਬਲੇਅਰ ਆਪਣੇ ਕਾਲੇ ਪ੍ਰਛਾਂਵਿਆਂ ਵਿਚ ਕਾਲੇਪਾਣੀਆਂ ਦੇ ਨਰਕ ਨੂੰ ਛੁਪਾਈ ਬੈਠਾ ਹੈ। ਕਾਲੇਪਾਣੀ ਦਾ ਨਾਮ ਸੁਣਦਿਆਂ ਹੀ ਕਦੇ ਲੋਕ ਆਪ ਮੁਹਾਰੇ ਬੋਲ ਪੈਂਦੇ ਸਨ,... "ਉੱਥੇ ਤਾਂ ਰੱਬ ਕਿਸੇ ਵੈਰੀ ਨੂੰ ਵੀ ਨਾ ਲਿਜਾਵੇ"।

ਫਰੰਗੀ ਯਮਦੂਤਾਂ ਦੁਆਰਾ ਨੂੜ ਕੇ ਲਿਆਂਦੇ ਹੋਏ ਮਨੁੱਖੀ ਆਜ਼ਾਦੀ ਦੇ ਸੱਚੇ ਆਸ਼ਕ ਕਦੇ ਵਾਪਸ ਨਹੀਂ ਗਏ। ਉਨ੍ਹਾਂ ਉੱਪਰ ਢਾਹੇ ਅਣਮਨੁੱਖੀ ਕਹਿਰ ਅਤੇ ਜ਼ੁਲਮ ਦੇ ਦਰਦ ਦੀਆਂ ਚੀਕਾਂ, ਪੁਕਾਰਾਂ ਸੈਲੂਲਰ ਜੇਲ੍ਹ ਦੀਆਂ ਉੱਚੀਆਂ-ਲੰਮੀਆਂ-ਚੌੜੀਆਂ ਅਤੇ ਬੋਲ਼ੀਆਂ ਕੰਧਾਂ ਵਿਚ ਟਕਰਾਉਂਦੀਆਂ ਹੀ ਦਮ ਤੋੜ ਗਈਆਂ ਅਤੇ ਉਹ ਖ਼ੁਦ ਯਮਦੂਤਾਂ ਦੀ ਭੇਟ ਚੜ੍ਹ ਗਏ। ਤਸੀਹਿਆਂ ਅਤੇ ਨਰਕ ਦੁਆਰ 'ਸੈਲੂਲਰ ਜੇਲ੍ਹ' ਅਤੇ 'ਡਾ. ਦੀਵਾਨ ਸਿੰਘ ਕਾਲੇਪਾਣੀ' ਬਾਰੇ ਲੇਖਕ ਨੇ ਬਹੁਤ ਡੂੰਘਾਈ ਨਾਲ ਜਾਣਿਆ, ਖੋਜਿਆ ਅਤੇ ਵਿਸਥਾਰਪੂਰਵਕ ਪਾਠਕਾਂ ਨਾਲ ਸਾਂਝਾ ਵੀ ਕੀਤਾ ਹੈ।

ਡਾ. ਦੀਵਾਨ ਸਿੰਘ ਕਾਲੇਪਾਣੀ ਨੇ ਅੰਡੇਮਾਨ ਟਾਪੂ ਦੀ ਰਾਜਧਾਨੀ ਪੋਰਟ ਬਲੇਅਰ ਵਿਚ ਇੱਕ ਮਿੰਨੀ ਪੰਜਾਬ ਵਸਾਉਣ ਦੀ ਘਾਲਣਾ ਘਾਲਦਿਆਂ ਪੰਜਾਬ ਦੀ ਮੋਹੜੀ ਗੱਡੀ ਸੀ। ਡਾ. ਦੀਵਾਨ ਸਿੰਘ ਅਤੇ ਉਸ ਦੇ ਜੀਵਨ ਕਾਲ ਬਾਰੇ ਜਾਨਣ ਦਾ ਬੀਜ ਬਲਦੇਵ ਧਾਲੀਵਾਲ ਦੀ ਰੂਹ ਵਿਚ ਯੂਨੀਵਰਸਿਟੀ ਪੜ੍ਹਦਿਆਂ ਹੀ ਬੀਜਿਆ ਗਿਆ ਸੀ। ਅੱਜ ਖ਼ੁਦ ਨੂੰ ਪੋਰਟ ਬਲੇਅਰ ਦੀ ਧਰਤੀ 'ਤੇ ਵਿਚਰਦਿਆਂ ਅਤੇ ਡਾ. ਦੀਵਾਨ ਸਿੰਘ ਦੇ ਨਾਮ 'ਤੇ ਬਣਾਏ ਗੁਰਦੁਆਰੇ ਅਤੇ ਸਮਾਰਕ ਕੋਲ ਵਿਚਰਦਿਆਂ ਉਹਨੂੰ ਆਪਣੀ ਜਵਾਨੀ ਵੇਲੇ ਦਾ ਲਿਆ ਹੋਇਆ ਸੁਪਨਾ ਖੁੱਲ੍ਹੀਆਂ ਅੱਖਾਂ ਦੇ ਸਾਹਮਣੇ ਸਾਕਾਰ ਹੁੰਦਾ ਜਾਪਿਆ।

ਸਫ਼ਰ ਦੇ ਦੌਰਾਨ ਇਲਾਕੇ ਦੇ ਵੰਨ-ਸੁਵੰਨੇ ਖਾਣਿਆਂ ਦਾ ਵੀ ਖ਼ੂਬਸੂਰਤ ਵਰਨਣ ਕੀਤਾ ਗਿਆ ਹੈ। 'ਸਮਥਿੰਗ ਡਿਫਰੈਂਟ' ਸਟੋਰੀ ਵਿਚ ਲੇਖਕ ਵਿਲੱਖਣ ਕਿਸਮ ਦੇ ਰੈਸਟੋਰੈਂਟ ਦੇ ਵਿਲੱਖਣ ਖਾਣ-ਪੀਣ ਦੇ ਨਾਲ਼ ਹੀ ਵੇਟਰ ਵੱਲੋਂ ਮਿਲੇ ਸਰਪ੍ਰਾਈਜ਼ ਨੂੰ ਪਾਠਕਾਂ ਨਾਲ਼ ਇੰਜ ਸਾਂਝਿਆਂ ਕਰਦਾ ਹੈ..."ਸਰ, ਵੰਨ ਮੋਰ ਸਰਪ੍ਰਾਈਜ਼! ਚਿੱਟੇ ਲਿਫ਼ਾਫ਼ੇ ਵਿਚ ਸਾਡੇ ਟੇਬਲ ਦੀ ਫੋਟੋ ਸੀ, ਜਿਹੜੀ ਕੁਝ ਸਮਾਂ ਪਹਿਲਾਂ ਉਹ ਕੈਮਰੇ ਨਾਲ਼ ਖਿੱਚ ਕੇ ਲੈ ਗਿਆ ਸੀ।"

'ਅਨੋਖਾ ਫੁੱਲਮੂਨ', 'ਸਮੁੰਦਰ ਨਾਲ਼ ਖੇਡਦਿਆਂ', 'ਇੱਕ ਰੰਗ ਹੋਰ' ਅਤੇ 'ਚੜ੍ਹਦੇ, ਲਹਿੰਦੇ ਸੂਰਜ' ਦੇ ਸਫ਼ਰ ਦਾ ਵਿਸ਼ਲੇਸ਼ਣ ਵੀ ਬੇਹਤਰੀਨ ਹੀ ਹੈ।

ਸਫ਼ਰ ਦੇ ਅਖ਼ੀਰ ਵਿਚ ਦਿੱਲੀ ਏਅਰਪੋਰਟ 'ਤੇ ਫ਼ਿਲਮੀ ਐਕਟਰ 'ਅਮਰੀਸ਼ ਪੁਰੀ' ਦੇ ਹਮਸ਼ਕਲ ਟੈਕਸੀ ਡਰਾਈਵਰ ਦੀ ਚਾਲ ਦਾ ਖ਼ੂਬਸੂਰਤੀ ਨਾਲ਼ ਵਰਨਣ ਕੀਤਾ ਹੈ, ਜੋ ਇਨ੍ਹਾਂ ਟੈਕਸੀ ਵਾਲਿਆਂ ਦੀਆਂ ਧਾਂਦਲੀਆਂ ਅਤੇ ਕਰਤੂਤਾਂ ਦਾ ਪਰਦਾ ਫਾਸ਼ ਕਰਦਾ ਹੈ।

ਸਫ਼ਰਨਾਮੇ ਅੰਦਰ ਸਫ਼ਰ ਦੇ ਵੇਰਵਿਆਂ ਦੀ ਬਰੀਕੀ ਅਤੇ ਦਿਲ ਟੁੰਬਵੀਂ ਸ਼ੈਲੀ ਪਾਠਕ ਨੂੰ ਲੇਖਕ ਦੀ ਸਿਰਜਣ ਸ਼ਕਤੀ ਦੀ ਕਾਇਲ ਕਰ ਜਾਂਦੀ ਹੈ। ਉਸ ਦੀ ਸਿਰਜਣਾ ਪਾਠਕ ਦੇ ਮਨ 'ਤੇ ਜਾਦੂ ਵਾਂਗ ਅਸਰ ਕਰਦੀ ਹੈ ਅਤੇ ਪਾਠਕ ਖ਼ੁਦ ਬ ਖ਼ੁਦ ਨਾਲ਼ ਤੁਰ ਪੈਂਦਾ ਹੈ। ਬਲਦੇਵ ਧਾਲੀਵਾਲ ਨੂੰ ਇੱਕ ਚੰਗੇ ਸਫ਼ਰਨਾਮੇ ਦੀ ਸਿਰਜਣਾ ਵਾਸਤੇ ਲੋੜੀਂਦੇ ਜ਼ਰੂਰੀ 'ਤੱਤਾਂ' ਦੀ ਗੂੜ੍ਹੀ ਅਤੇ ਪੂਰੀ ਜਾਣਕਾਰੀ ਵੀ ਹੈ। ਉਸ ਨੇ ਇਨ੍ਹਾਂ ਤੱਤਾਂ ਦੀ ਬੁਣਤੀ ਦੇ ਤਾਣੇ-ਬਾਣੇ ਦੀਆਂ ਤੰਦਾਂ ਵਿਚ ਸੱਚ ਅਤੇ ਸਹਿਜਤਾ ਦੀ ਰੂਹ ਭਰਦਿਆਂ ਸਫ਼ਰਨਾਮੇ ਨੂੰ ਪਾਠਕਾਂ ਲਈ ਹੋਰ ਵੀ ਸੁਹਜ ਤੇ ਦਿਲਚਸਪ ਬਣਾ ਦਿੱਤਾ।

ਇਸ ਸਫ਼ਰਨਾਮੇ ਨੂੰ ਪੜ੍ਹਦਿਆਂ ਮੈਨੂੰ ਮਹਿਸੂਸ ਹੋਇਆ ਕਿ ਬਲਦੇਵ ਧਾਲੀਵਾਲ ਆਪਣੀ ਰੂਹ ਦੇ ਅਨੁਭਵਾਂ ਤੇ ਅਹਿਸਾਸਾਂ ਨੂੰ ਪਾਠਕਾਂ ਦੀ ਰੂਹ ਤੱਕ ਪਹੁੰਚਾਉਣ ਦੀ ਕੋਸ਼ਿਸ਼ ਵਿਚ ਸਫਲ ਹੋਇਆ ਹੈ। ਅਜਿਹੀਆਂ ਪੁਸਤਕਾਂ ਤਾਂ ਪੰਜਾਬੀ ਸਾਹਿਤ ਦੇ ਜ਼ਖ਼ੀਰੇ ਦੇ ਅਨਮੋਲ ਮੋਤੀ ਹਨ। ਬਲਦੇਵ ਧਾਲੀਵਾਲ ਨੂੰ ਇਸ ਹੁਸੀਨ ਸਫ਼ਰ ਅਤੇ ਬੇਹੱਦ ਮਕਬੂਲ ਸਫ਼ਰਨਾਮੇ ਦੀਆਂ ਬਹੁਤ-ਬਹੁਤ ਮੁਬਾਰਕਾਂ।

**ਜ਼ਿੰਦਗੀ ਜ਼ਿੰਦਾਬਾਦ।**

## ਹੋਲੀ ਆਈ

ਹੋਲੀ ਦਾ ਆਇਆ ਤਿਉਹਾਰ,
ਖੇਡਣ ਨੂੰ ਸਭ ਹੋਏ ਤਿਆਰ।

ਰੌਣਕ ਨੇ ਭਰ ਕੇ ਪਿਚਕਾਰੀ,
ਰੋਮਾਂਚਕ ਦੇ ਟਿਕਾ ਕੇ ਮਾਰੀ।

ਵਾਰੀ ਵਾਰੀ ਵਜਾ ਕੇ ਘੰਟੀ,
ਮਸਾਂ ਕੱਢਿਆ ਬਾਹਰ ਬੰਟੀ।

ਰੰਗਾਂ ਨਾਲ ਭਰੇ ਹੋਏ ਗੁਬਾਰੇ,
ਸਭ ਨੇ ਇੱਕ ਦੂਜੇ ਦੇ ਮਾਰੇ।

ਸ਼ਾਮ ਤੱਕ ਪੈਂਦਾ ਰਿਹਾ ਸ਼ੋਰ,
ਈਸ਼ਟਾ ਕਹੇ ਮੈਂ ਖੇਡੂੰ ਹੋਰ।

ਚਾਰ ਚੁਫੇਰੇ ਖੁਸ਼ੀਆਂ ਦੇ ਰੰਗ,
ਮਹਿਸੂਸ ਨਾ ਹੁੰਦੀ ਭੋਰਾ ਠੰਡ।

ਮਾੜੇ ਰੰਗਾਂ ਤੋਂ ਕਰਨਾ ਗੁਰੇਜ਼,
ਚਮੜੀ ਨੂੰ ਪਹੁੰਚਾਉਂਦੇ ਨੇ ਠੇਸ।



-ਚਮਨਦੀਪ ਸ਼ਰਮਾ, ਪਟਿਆਲਾ
ਮੋਬ : 95010-33005

ਪੰਜਾਬ ਮੇਲ USA

## ਖਮੋਸ਼ੀ ਦੇ ਅਰਥ

ਜੋ ਖਮੋਸ਼ੀਆਂ ਦੇ ਸੰਗ ਨੇ ਸਫ਼ਰ ਕਰਦੇ,
ਗੰਭੀਰਤਾ ਦੇ ਸੰਗ ਹਮਸਫ਼ਰ ਹੁੰਦੇ ਉਹ।

ਦ੍ਰਿੜ੍ਹਤਾ, ਲਗਨ ਹੁੰਦੇ ਨੇ ਚਾਨਣ ਮੁਨਾਰੇ,
ਮਿਹਨਤਾਂ ਕਰ ਜਾਲ਼ਦੇ ਜ਼ਫ਼ਰ ਹੁੰਦੇ ਉਹ।

ਕਰਕੇ ਸਰ ਮੰਜ਼ਿਲਾਂ ਪਹੁੰਚਦੇ ਟੀਸੀ ਉੱਤੇ,
ਰਹਿੰਦੇ ਨਿਮਰ ਤੇ ਰੱਖਦੇ ਸਬਰ ਹੁੰਦੇ ਉਹ।

ਮਿੱਠਾ ਬੋਲਦੇ ਹਉਮੈਂ ਨੂੰ ਰੱਖਕੇ ਇੱਕ ਪਾਸੇ,
ਨਿੰਦਾ, ਲੋਭ ਲਈ ਬਣਦੇ ਕਬਰ ਹੁੰਦੇ ਉਹ।

ਸੂਰਤ ਤੇ ਸੀਰਤ ਦੇ ਹੁੰਦੇ ਸਾਕਸ਼ਾਤ ਮੂਰਤ,
ਦਇਆਵਾਨ ਰੂਹ, ਸ਼ੇਰ ਬੱਬਰ ਹੁੰਦੇ ਉਹ।

ਬੰਦੇ ਨੂੰ ਬੰਦਾ ਸਮਝਕੇ ਪਿਆਰ ਕਰਦੇ ਨੇ,
ਹਾਮੀ ਮਨੁੱਖਤਾ ਦੇ ਤੇ ਦਿਲਬਰ ਹੁੰਦੇ ਉਹ।

ਸੇਵਾ ਸਿੰਘ "ਨੂਰਪੁਰੀ"



ਪੰਜਾਬ ਮੇਲ USA

## ਹੋਲੀ ਦੇ ਤਿਉਹਾਰ 'ਤੇ ਵਿਸ਼ੇਸ਼ ਗੀਤ...

### ਹੋਲੀ

ਹੋਲੀ ਆਈ ਹੋਲੀ ਆਈ
ਵੱਖੋ ਵੱਖਰੇ ਰੰਗ ਲਿਆਈ
ਬੱਚੇ ਹੋਲੀ ਅੱਜ ਮਨਾਉਣਗੇ
ਰੰਗ ਇਕ ਦੂਜੇ ਉੱਤੇ ਪਾਉਣਗੇ

ਪੈਂਕੂ ਟੈਂਕੂ ਸਭ ਹੋਕੇ ਇਕੱਠੇ
ਪਚਕਾਰੀਆਂ ਫੜ੍ਹ ਆਉਂਦੇ ਨੇ ਨੱਠੇ
ਅੱਜ ਰੰਗ ਦੀ ਧੂੜ ਉਡਾਉਣਗੇ
ਰੰਗ ਇਕ ਦੂਜੇ......

ਟੀਨੂ ਪਾਪੇ ਨਾਲ ਜਾਕੇ ਰੰਗ ਲਿਆਇਆ
ਉਹਨੇ ਘੋਲ ਬੋਤਲ ਵਿਚ ਪਾਇਆ
ਛੋਟੇ ਬੱਚੇ ਡਰ ਡਰਕੇ ਅੱਜ ਰੋਣਗੇ
ਰੰਗ ਇਕ ਦੂਜੇ ਉੱਤੇ.........

ਟੀਟੂ ਬਾਲਟੀ ਚੁੱਕ ਰੰਗ ਘੋਲਣ ਲੱਗਾ
ਰੰਗਾਂ ਦੇ ਪੈਕਟ ਵਿਚ ਖੋਲ੍ਹਣ ਲੱਗਾ
ਮੰਮੀ ਡੈਡੀ ਵੀ ਮਦਦ ਕਰਾਉਣਗੇ
ਰੰਗ ਇਕ ਦੂਜੇ 'ਤੇ....

ਮੁੱਲਾਂਪੁਰ ਭਾਵੇਂ ਰੱਜ ਖੁਸ਼ੀ ਮਨਾਇਓ
ਪਰ ਧੱਕੇ ਨਾਲ ਨਾ ਰੰਗ ਕਿਸੇ 'ਤੇ ਪਾਇਓ
ਨਹੀਂ ਉਲਾਂਭੇ ਆਉਣੇ
ਰੰਗ ਇਕ ਦੂਜੇ....



-ਸੁਖਵਿੰਦਰ ਸਿੰਘ ਮੁੱਲਾਂਪੁਰ
ਮੋ : +91-84274-54104

ਪੰਜਾਬ ਮੇਲ USA

## ਮਾਏ ਮੇਰੀਏ

ਮਾਏ ਕਾਹਤੋਂ ਤੂੰ ਪਾਖੰਡੀਆਂ ਦਾ ਲੜ ਫੜਿਆ,
ਬਾਂਹ ਬੱਚਿਆਂ ਦੀ ਫੜੀ ਸਿਰ ਥਾਲ ਧਰਿਆ,
ਲੜ ਵੀਰਾਂ ਨੂੰ ਪਾਖੰਡ ਦੇ ਨਾਂ ਦਾ ਮਾਏ ਮੇਰੀਏ ,
ਗੱਲ ਫਤਹਿ ਸਿੰਘ ਵੀਰ ਦੀ ਸੁਣਾ ਮਾਏ ਮੇਰੀਏ ,
ਸਿੰਘ ਪੋਤਿਆਂ ਨੂੰ ਤੂੰ ਵੀ ਬਣਾ ਮਾਏ ਮੇਰੀਏ।

ਲਾਲਚ 'ਚ ਆ ਕਿ ਗੰਗੂ ਕਹਿਰ ਕਮਾ ਗਿਆ,
ਕੀਮਤੀ ਖਜ਼ਾਨਾ ਸੂਬੇ ਤਾਈਂ ਪਹੁੰਚਾ ਗਿਆ,
ਠੰਡੇ ਬੁਰਜ 'ਚ ਦਿੱਤਾ, ਉਨ੍ਹਾਂ ਪਾ ਮਾਏ ਮੇਰੀਏ ,
ਗੱਲ ਜੋਰਾਵਰ ਵੀਰ ਦੀ ਸੁਣਾ ਮਾਏ ਮੇਰੀਏ,
ਸਿੰਘ ਪੋਤਿਆਂ ਨੂੰ ਤੂੰ ਵੀ ਬਣਾ ਮਾਏ ਮੇਰੀਏ।

ਲਾਲਾਂ ਨੂੰ ਡਰਾਉਣ ਲਈ, ਲਗਾਈਆਂ ਸੀ ਕਚਹਿਰੀਆਂ,
ਸਭ ਦੇਖਦੇ ਹੀ ਰਹਿ ਗਏ, ਯੋਧੇ ਗੱਲਾਂ ਕਹਿਣ ਗਹਿਰੀਆਂ,
ਉਨ੍ਹਾਂ ਸੂਬੇ ਤਾਈਂ ਵਾਹਣੀ ਲਿਆ ਪਾ ਮਾਏ ਮੇਰੀਏ,
ਗੱਲ ਗੁੱਜਰ ਕੌਰ ਦਾਦੀ ਦੀ ਸੁਣਾ ਮਾਏ ਮੇਰੀਏ,
ਸਿੰਘ ਪੋਤਿਆਂ ਨੂੰ ਤੂੰ ਵੀ ਬਣਾ ਮਾਏ ਮੇਰੀਏ।

ਕਾਜ਼ੀ ਫਤਵਾ ਸੁਣਾਇਆ, ਯੋਧੇ ਨੀਹਾਂ 'ਚ ਚਿਣਾ ਦਿਉ,
ਹੋਵੇ ਨਾ ਕੋਈ ਬਾਗੀ, ਡਰ ਮਨਾਂ 'ਚ ਵਾ ਦਿਉ,
ਯੋਧੇ ਭੋਰਾ ਵੀ ਡੋਲੇ, ਬੇਪ੍ਰਵਾਹ ਮਾਏ ਮੇਰੀਏ,
ਤੂੰ ਵੀ ਸਾਕਾ ਸਰਹੰਦ ਦਾ ਮਾਏ ਮੇਰੀਏ,
ਸਿੰਘ ਪੋਤਿਆਂ ਨੂੰ ਤੂੰ ਵੀ ਬਣਾ ਮਾਏ ਮੇਰੀਏ।

ਲਾੜੀ ਮੌਤ ਨੂੰ ਵਿਆਹੁਣਾ, ਸ਼ਗਨ ਦਾਦੀ ਨੇ ਮਨਾਏ ਸੀ,
ਨੂਰ ਡੁੱਲ ਡੁੱਲ ਪੈਂਦਾ, ਯੋਧੇ ਐਨੇ ਕੁ ਸਜਾਏ ਸੀ,
"ਜੋਗੇ" ਹੱਸ ਹੱਸ ਮੌਤ ਗਏ ਵਿਆਹ ਮਾਏ ਮੇਰੀਏ,
ਤੂੰ ਵੀ ਸਾਕਾ ਸਰਹੰਦ ਦਾ ਸੁਣਾ ਮਾਏ ਮੇਰੀਏ ,
ਕਿੱਸੇ ਯੋਧੇ ਸੂਰਬੀਰਾਂ ਦੇ ਸੁਣਾ ਮਾਏ ਮੇਰੀਏ।

- ਜਸਵੰਤ ਸਿੰਘ ਜੋਗਾ
ਪਿੰਡ ਤੇ ਡਾਕ : ਜੋਗਾ
ਫੋਨ : 62396-43306



ਪੰਜਾਬ ਮੇਲ USA

## ਜੀਹਨੂੰ ਸੁਣ ਕੇ ਨੱਚਣ ਮੋਰ

### ਪੰਜਾਬੀ ਬੋਲੀ ਏ

ਸਭ ਬੋਲੀਆਂ 'ਚੋਂ ਸਿਰਮੌਰ,
ਪੰਜਾਬੀ ਬੋਲੀ ਏ।
ਹਰ ਥਾਂ 'ਤੇ ਜਿਸਦੀ ਟੌਹਰ,
ਪੰਜਾਬੀ ਬੋਲੀ ਏ।
ਪੰਜ ਦਰਿਆਵਾਂ ਦੀਆਂ ਤਰੰਗਾਂ
ਵਿਚੋਂ ਪੈਦਾ ਹੋਈ,
ਗ਼ਜ਼ਲਾਂ- ਗੀਤਾਂ- ਕਾਫ਼ੀਆਂ,
ਦੋਹਰੇ- ਵਾਰਾਂ ਨਾਲ ਪਰੋਈ,
ਜੀਹਨੂੰ ਸੁਣਕੇ ਨੱਚਣ ਮੋਰ,
ਪੰਜਾਬੀ ਬੋਲੀ ਏ।
ਨਾਨਕ ਦੇਵ ਗੁਰੂ ਜੀ ਆਖਿਆ,
ਧੁਰ ਕੀ ਬਾਣੀ ਆਈ,
ਇਹੋ ਪੰਜਾਬੀ ਭਾਸ਼ਾ,
ਗੁਰੂ ਗਰੰਥ ਜੀ ਵਿਚ ਸਮਾਈ,
ਜਿਸ ਉੱਤੇ ਹੋਵਣ ਚੌਰ,
ਪੰਜਾਬੀ ਬੋਲੀ ਏ।
ਬੁੱਲੇ ਸ਼ਾਹ, ਹਾਸ਼ਮ, ਪੀਲੂ ਦੇ,
ਕਿੱਸਿਆਂ ਦੇ ਵਿਚ ਬੋਲੇ ,
ਕਬੀਰ, ਫਰੀਦ, ਰਵਿਦਾਸ, ਸੈਣ ਦੀ,
ਬਾਣੀ ਵਿਚ ਖੰਡ ਘੋਲੇ
ਜੋ ਰੱਬ ਨਾਲ ਦੇਵੇ ਜੋੜ,
ਪੰਜਾਬੀ ਬੋਲੀ ਏ।
ਦੇਸ ਪੰਜਾਬ ਨੂੰ ਮਾਣ ਏਸ 'ਤੇ,
ਇਹ ਸਾਡੀ ਮਾਂ ਬੋਲੀ ,
ਇਸਦੀ ਚੜ੍ਹਦੀ ਕਲਾ ਵਾਸਤੇ,
ਰੱਤ ਪੰਜਾਬੀਆਂ ਡੋਲ੍ਹੀ,
ਜੀਹਦੇ ਗੁਣ ਨੇ ਲੱਖ ਕਰੋੜ,
ਪੰਜਾਬੀ ਬੋਲੀ ਏ।
ਹਿੰਦੂ-ਮੁਸਲਿਮ-ਸਿੱਖ-ਈਸਾਈ,
ਇਸ ਮਾਂ ਦੇ ਗੁਣ ਗਾਈਏ,
ਆਵੋ ਆਪਾਂ ਰਲ ਮਿਲ ਸਾਰੇ,
ਮਾਂ ਬੋਲੀ ਅਪਣਾਈਏ,
ਜੋ ਦੇਵੇ ਸੱਚ ਖੰਡ ਤੋਰ,
ਪੰਜਾਬੀ ਬੋਲੀ ਏ।
ਦਿਨ ਦੁੱਗਣੀ ਤੇ ਰਾਤ ਚੌਗਣੀ,
ਕਰਦੀ ਰਹੇ ਤਰੱਕੀ,
"ਗਿੱਲ ਮਲਕੀਤ" ਨੇ ਰੱਬ ਅੱਗੇ
ਅਰਦਾਸ ਸਦਾ ਇਹ ਰੱਖੀ,
ਜੀਹਦੇ ਹਰ ਅੱਖਰ ਵਿਚ ਲੋਰ,
ਪੰਜਾਬੀ ਬੋਲੀ ਏ।
ਸਭ ਬੋਲੀਆਂ ਦੀ ਸਿਰਮੌਰ
ਪੰਜਾਬੀ ਬੋਲੀ ਏ।

-ਮਲਕੀਤ ਸਿੰਘ ਗਿੱਲ (ਭੱਠਲਾਂ)
ਸੰਪਰਕ : 94174-90943



ਪੰਜਾਬ ਮੇਲ USA

PUNJAB MAIL USA

TV Channel, Newspaper, Radio

24 Hours 7 Days




All over America, Canada, Australia & Europe

- IP TV (24 Hours)
- App: Punjab Mail USA (24 Hours)
- Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

Gold # 2867, Gem # 375, TV Zon # 6888, Glow TV # 1828, Tashan # 131, Real TV etc.

For any Information & Advertisement Call at

+1-916-320-9444





FOR SALE & PURCHASE OF ANY KIND OF PROPERTY



RE/MAX

RE/MAX®
Outstanding Agents
Outstanding Results®
DRE Lic. # 01215931 (Broker)

Gurjatinder S. Randhawa

REALTOR CA DRE licence # 01490567

916-320-9444